

ਭਾਰਤ ਦੇ 67ਵੇਂ ਗਣਤੰਤਰ ਦਿਵਸ ਦੀਆਂ ਸਮੂਹ ਦੇਸ਼-ਵਿਦੇਸ਼ ਵਿਚ ਬੈਠੇ ਦੇਸ਼ ਵਾਸੀਆਂ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ।

ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE -43
January 27, 2016

Postal Address
5101 Doe Hollow Pl, Antelope, CA-95843

www.deshdoaba.com
www.ambedkartimes.com


ਸਵਰਗਵਾਸੀ ਮਾਣਯੋਗ ਸ੍ਰੀ ਲਾਹੌਰੀ ਰਾਮ ਕਮਿਸ਼ਨਰ ਜੀ ਦੀ ਸਾਲਾਨਾ ਬਰਸੀ 29, 30 ਅਤੇ 31 ਜਨਵਰੀ, 2016 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮਨਾਈ ਜਾ ਰਹੀ ਹੈ।

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਬਰਫੀਲੇ ਤੂਫਾਨ ਨੇ ਅਮਰੀਕਾ ਦੇ ਕਈ ਇਲਾਕਿਆਂ ਵਿਚ ਮਚਾਇਆ ਕਹਿਰ



**ਅਮਰੀਕਾ ਦੇ ਵਾਸ਼ਿੰਗਟਨ ਡੀ. ਸੀ. ਵਿਚ ਬਰਫੀਲੇ ਤੂਫਾਨ ਤੋਂ ਬਾਅਦ ਨੈਸ਼ਨਲ ਮਾਲ 'ਤੇ ਰਿਫਲੈਕਟਿੰਗ ਪੂਲ ਦੇ ਕੋਲ ਸਕੀਇੰਗ ਕਰਦੇ ਲੋਕ।**

**ਵਾਸਿੰਗਟਨ (ਬਿਊਰੋ)-** ਅਮਰੀਕਾ ਦੇ ਪੂਰਬੀ ਹਿੱਸੇ ਵਿਚ ਬਰਫੀਲੇ ਤੂਫਾਨ ਸਨੋਂ-ਜਲਾ ਨੇ ਕਹਿਰ ਵਰ੍ਹਾਇਆ ਹੋਇਆ ਹੈ ਅਤੇ ਘੱਟੋ-ਘੱਟ 29 ਲੋਕਾਂ ਦੀ ਹੁਣ ਤਕ ਮੌਤ ਹੋ ਚੁੱਕੀ ਹੈ। ਭਾਰੀ ਮਾਤਰਾ ਵਿਚ ਬਰਫ ਸੜਕਾਂ ਤੇ ਹੋਰ ਥਾਵਾਂ 'ਤੇ ਜੰਮੀ ਹੋਈ ਹੈ। ਰਾਜਧਾਨੀ ਵਾਸ਼ਿੰਗਟਨ ਅਜੇ ਵੀ ਬਰਫ ਦੀ ਲਪੇਟ ਵਿਚ ਹੈ ਅਤੇ ਇਥੇ ਸਰਕਾਰੀ ਦਫਤਰ ਅਤੇ ਸਕੂਲ ਬੰਦ ਰਹੇ। ਸੁਰੱਖਿਆ ਦੇ ਲਿਹਾਜ਼ ਨਾਲ ਘਰਾਂ ਵਿਚ ਰਹਿਣ ਦੀ ਸਲਾਹ ਦਿੱਤੀ ਗਈ। 23 ਜਨਵਰੀ ਨੂੰ ਨਿਊਯਾਰਕ ਅਤੇ ਵਾਸ਼ਿੰਗਟਨ ਵਿਚ ਜਬਰਦਸਤ ਬਰਫੀਲੇ ਤੂਫਾਨ ਕਾਰਨ ਜਨਤਕ ਜੀਵਨ ਪ੍ਰਭਾਵਿਤ ਹੋਇਆ। ਅਮਰੀਕਾ ਵਿਚ ਭਾਰੀ ਬਰਫਬਾਰੀ ਦੇ ਕਾਰਨ ਕਰੀਬ 8 ਕਰੋੜ 50 ਲੱਖ ਲੋਕ ਪ੍ਰਭਾਵਿਤ ਹੋਏ। ਨਿਊਯਾਰਕ ਵਿਚ ਸੜਕਾਂ ਤੇ ਬਰਫ ਹਟਾਉਣ ਲਈ ਪ੍ਰਸ਼ਾਸਨ ਜੁਟਿਆ ਹੋਇਆ ਹੈ। ਮੌਸਮ ਵਿਗਿਆਨੀਆਂ ਮੁਤਾਬਕ ਕਈ ਇਲਾਕਿਆਂ ਵਿਚ ਦੋ ਫੁੱਟ ਤੱਕ ਬਰਫ ਡਿੱਗ ਸਕਦੀ ਹੈ। ਵਰਜੀਨੀਆ ਸੂਬੇ ਵਿਚ ਸਭ ਤੋਂ ਜ਼ਿਆਦਾ ਰਿਕਾਰਡ ਬਰਫ ਡਿੱਗੀ ਪਾਈ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਚਾਰਲੀ ਕੈਟਸ਼ਿਰ ਕੈਂਪ ਵਿਚ 15 ਸਾਲ ਤੋਂ ਬਾਅਦ ਇੰਨੀ ਬਰਫ ਦੇਖੀ ਗਈ ਹੈ।

# ਗਣਤੰਤਰ ਦਿਵਸ ਤੇ ਭਾਰਤ ਦਾ ਸ਼ਕਤੀ ਪ੍ਰਦਰਸ਼ਨ

## ਪਹਿਲੀ ਵਾਰ ਕਿਸੇ ਵਿਦੇਸ਼ੀ ਫੌਜ ਦੇ ਦਸਤੇ ਨੇ ਵੀ ਦਿੱਤੀ ਸਲਾਮੀ





**ਨਵੀਂ ਦਿੱਲੀ (ਬਿਊਰੋ)-** ਭਾਰਤ ਨੇ ਮੰਗਲਵਾਰ ਨੂੰ ਮਨਾਏ 67ਵੇਂ ਗਣਤੰਤਰ ਦਿਵਸ ਮੌਕੇ ਜਿੱਥੇ ਆਪਣੀ ਫੌਜੀ ਤਾਕਤ ਦਾ ਖੂਬ ਪ੍ਰਦਰਸ਼ਨ ਕੀਤਾ, ਉਥੇ ਹੀ ਅਜਿਹਾ ਪਹਿਲੀ ਵਾਰ ਹੋਇਆ ਕਿ ਫਰਾਂਸ ਦੇ ਰਾਸ਼ਟਰਪਤੀ ਇਸ ਪਰੇਡ ਵਿਚ ਸ਼ਾਮਲ ਹੋਏ ਅਤੇ ਫਰਾਂਸ ਦੀ ਇਕ ਫੌਜੀ ਟੁਕੜੀ ਨੇ ਵੀ ਇਸ ਪਰੇਡ ਵਿਚ ਸ਼ਮੂਲੀਅਤ ਕੀਤੀ। ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਕੌਮੀ ਝੰਡਾ ਲਹਿਰਾਇਆ ਅਤੇ ਪਰੇਡ ਦੀ ਸਲਾਮੀ ਲਈ। ਰਾਜਪੱਥ ਤੇ ਆਯੋਜਿਤ ਮੁੱਖ ਸਮਾਰੋਹ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੰਡੀਆ ਗੇਟ ਤੇ ਅਮਰ ਜਵਾਨ ਜਯੋਤੀ 'ਤੇ ਜਾ ਕੇ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

ਸਮਾਰੋਹ ਵਿਚ ਮੁੱਖ ਮਹਿਮਾਨ ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਔਲਾਂਦ ਸਨ। ਉਹ ਸਮਾਰੋਹ ਵਿਚ ਸ਼ਾਮਲ ਹੋਣ ਲਈ ਐਤਵਾਰ ਨੂੰ ਭਾਰਤ ਪਹੁੰਚੇ ਸਨ। ਸਮਾਰੋਹ ਦੀ ਸ਼ੁਰੂਆਤ ਵਿਚ ਹੌਸਲੇ ਦਾ ਪ੍ਰਦਰਸ਼ਨ ਕਰਨ ਵਾਲੇ ਸੈਨਿਕਾਂ ਨੂੰ ਸਨਮਾਨਿਤ ਕੀਤੀ ਗਿਆ। ਸਮਾਰੋਹ ਦੌਰਾਨ ਤਿੰਨੇ ਫੌਜਾਂ ਦੀਆਂ ਟੁਕੜੀਆਂ, ਐਨ. ਸੀ. ਸੀ. ਦੇ ਲੜਕਿਆਂ ਅਤੇ ਲੜਕੀਆਂ ਦੀਆਂ ਟੁਕੜੀਆਂ ਅਤੇ ਐਨ. ਐਸ. ਐਸ. ਦੀਆਂ ਟੁਕੜੀਆਂ ਨੇ ਮਾਰਚ ਪਾਸਟ ਕੀਤਾ।

ਇਸ ਦੌਰਾਨ ਫੌਜ ਦੀਆਂ ਮਿਜਾਇਲਾਂ ਅਤੇ ਟੈਂਕਾਂ ਨੂੰ ਵੀ ਪ੍ਰਦਰਸ਼ਨਿਤ ਕੀਤਾ ਗਿਆ। ਰਾਜਪਥ ਤੇ ਸਾਰੇ ਸੂਬਿਆਂ ਦੀਆਂ ਝਾਕੀਆਂ ਪੇਸ਼ ਕੀਤੀਆਂ ਗਈਆਂ। ਇਹਨਾਂ ਵਿਚ ਉਹਨਾਂ ਸੂਬਿਆਂ ਦੀਆਂ ਵਿਸ਼ੇਸ਼ਤਾਵਾਂ ਨੂੰ ਦਿਖਾਇਆ ਗਿਆ।

ਇਸ ਤੋਂ ਪਹਿਲਾਂ ਸੋਮਵਾਰ ਸ਼ਾਮ ਨੂੰ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਦੇਸ਼ ਦੇ ਨਾਂ ਆਪਣੇ ਸੰਬੋਧਨ ਵਿਚ ਪੜੌਸੀ ਮੁਲਕਾਂ ਦੇ ਨਾਲ ਸਾਰੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਗੱਲਬਾਤ ਦੇ ਜ਼ੋਰ ਦਿੱਤਾ।

ਉਹਨਾਂ ਨੇ ਅੱਤਵਾਦ ਨੂੰ ਕੈਂਸਰ ਵਾਂਗ ਦੱਸਿਆ, ਜਿਸਨੂੰ ਅਪਰੇਸ਼ਨ ਕਰਕੇ ਬਾਹਰ ਸੁੱਟ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸੋਕਾ, ਹੜ੍ਹ ਅਤੇ ਕੌਮਾਂਤਰੀ ਮੰਦੀ ਦੇ ਬਾਵਜੂਦ ਭਾਰਤ ਦੀ ਅਰਥ ਵਿਵਸਥਾ ਨੇ 7.3 ਫੀਸਦੀ ਦੀ ਵਿਕਾਸ ਦਰ ਹਾਸਲ ਕੀਤੀ ਹੈ।


Raja
SWEETS & CATERING
Authorized Caterer for Major 5-Star Hotels
Additional Services
Warmers, Chaffing Dishes, Chind & Silverware, Linen Rental, Walters, Barlenders


ITEMS SERVING
All Kinds of Sweets, Snacks, Chaat Stall, North Indian Cuisine, Flude Kulfi Stall, On Site Tandoon

Catering Services
Wedding Ceremonies, Receptions, Birthday Parties, Corporate Events, Religious Gatherings, Picnic/Bar-B-Que

Contact Us:
RAJA SWEETS & CATERING
WORK (510) 489-9100
CELL (510) 715-1619

www.rajasweets.com
Email: msbains@rajasweets.com

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price


ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing


Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh

TANDOOR
Indian Restaurant
27167 Mission Blvd. Hayward, CA 95544
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
We are open seven days 11 AM to 10 PM
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
Contact Us:
Ph. 510-885-1212, Fax. 510-885-1532


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY


Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.


* Please call us for Professional & reliable services at reasonable rates.
959 Corporate Way, Fremont, CA. 94539


MANDEEP SANDHU
msandhu2014@gmail.com
SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
SANDHU
Tours And Travels
(CST# 2122162-50)
Email: sandhutat@gmail.com.
WE OPEN 7-DAYS A WEEK
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

Jaspreet Singh
Attorney at Law USA
Over 18 years of Legal Experience
USA Immigration
Citizenship, Green Card
Deportation defense
Political Asylum
Specilized in
Detention cases, Artists
Singers P3 visas
Priest R1 visas
Investor EB 5 visas
L1 Business visas
Family law
Criminal Defense cases.
Offices
New York
37-18 73 Street Suite # 401
Jackson Heights Ny 11372
Phone : 718-533-8444
Fremont
44790 S Grimmer Blvd # 208
Fremont CA 94538
Phone : 510-657-6444
Fresno
4491 W Shaw ave # 131
Fresno CA 93711
Phone : 559-271-5511
Sacramento
2901 W Capitol ave
West Sacramento CA 95691
Phone : 916-385-2288


Jaspreet Singh
Email : jaspreetsinghlawoffice@gmail.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL TO HAPPY
Cell: (415) 706-7027
Ph: (209) 478-0285
Fax: (209) 477-3206
WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com

# ਹੂਸਟਨ (ਟੈਕਸਸ) ਦੇ ਸਿੱਖਾਂ ਵੱਲੋਂ ਮਾਰਟਿਨ ਲੂਥਰ ਕਿੰਗ ਡੇਅ ਦੀ ਪਰੇਡ ਵਿਚ ਸ਼ਮੂਲੀਅਤ



**ਕੈਲੀਫੋਰਨੀਆ (ਬਿਊਰੋ)–** ਅਮਰੀਕਾ ਦੇ ਚੌਥੇ ਵੱਡੇ ਸ਼ਹਿਰ ਹੂਸਟਨ ਟੈਕਸਾਸ ਵਿਖੇ ਹੋਈ ਡਾਕਟਰ ਮਾਰਟਿਨ ਲੂਦਰ ਕਿੰਗ ਡੇਅ ਦੀ ਪਰੇਡ ਵਿਚ ਹੁਸਟਨ ਦੇ ਸਮੂਹ ਸਿੱਖ ਸੰਗਤ ਅਤੇ ਮੀਰੀ ਪੀਰੀ ਗੱਤਕਾ ਅਕੈਡਮੀ ਨੇ ਸ਼ਮੂਲੀਅਤ ਕੀਤੀ। ਹੂਸਟਨ ਦੀ ਡਾਕਟਰ ਮਾਰਟਿਨ ਲੂਥਰ ਕਿੰਗ ਡੇਅ ਦੀ ਪਰੇਡ ਅਮਰੀਕਾ ਤੀਜੀ ਵੱਡੀ ਪਰੇਡ ਵਜੋਂ ਗਿਣੀ ਜਾਂਦੀ ਹੈ। ਇਸ ਪਰੇਡ ਵਿਚ ਸਿੱਖਾਂ ਅਤੇ ਹੋਰ ਵੀ ਕਈ ਵੱਖ ਵੱਖ ਧਰਮਾਂ ਅਤੇ ਸੰਸਥਾਵਾਂ ਨੇ ਸ਼ਮੂਲੀਅਤ ਕੀਤੀ। ਇਸ ਪਰੇਡ ਅੰਦਰ ਲੱਗਭੱਗ 3 ਲੱਖ ਦੇ ਕਰੀਬ ਅਮਰੀਕਨ ਲੋਕਾਂ ਨੇ ਭਾਗ ਲਿਆ। ਸਿੱਖਾਂ ਦਾ ਦਿਲ ਖਿੱਚਵਾਂ ਫਲੋਟ ਅਤੇ ਸਿੱਖ ਮਾਰਸ਼ਨ ਆਰਟਸ ਗੱਤਕਾ ਪਰੇਡ ਦੇਖਣ ਆਏ ਸਾਰੇ ਅਮਰੀਕਨ ਲੋਕਾਂ ਦੀ ਖਾਸ ਖਿੱਚ ਦਾ ਕਾਰਨ ਬਣੇ ਰਹੇ। ਮੀਰੀ ਪੀਰੀ ਗੱਤਕਾ ਅਕੈਡਮੀ ਦੇ ਸਿੰਘਾਂ ਦੇ ਗੱਤਕੇ ਦਿਆਂ ਜੌਹਰਾਂ ਨੂੰ ਦੇਖ ਕੇ ਪਰੇਡ ਦੇ ਅੰਦਰ ਆਏ ਸਾਰੇ ਅਮਰੀਕਨ ਲੋਕ ਦੰਗ ਗਏ। ਪਰੇਡ ਦੇ ਅੰਦਰ ਆਏ ਸਾਰੇ ਅਮਰੀਕਨ ਲੋਕ ਤਾੜੀਆਂ ਅਤੇ ਕਿਲਕਾਰੀਆਂ ਨਾਲ ਸਿੱਖਾਂ ਦੇ ਗਰੁੱਪ ਅਤੇ ਸਿੱਖ ਫਲੋਟ ਦਾ ਸਵਾਗਤ ਕਰ ਰਹੇ ਸਨ।

ਸਿੱਖ ਫਲੋਟ ਦੇ ਉਪਰ ਜੋ ਸਿੱਖ ਗੁਰੂ ਸਾਹਿਬਾਨਾਂ ਜੀ ਦੀ ਗੁਰਬਾਣੀ ਦੇ ਜੋ ਪਿਆਰ ਭਰੇ ਸੁਨੇਹੇ ਜੋ ਕਿ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਕਰਕੇ ਲਿਖੇ ਹੋਏ ਸਨ, ਉਹਨਾਂ ਨੂੰ ਪੜ੍ਹ ਕੇ ਅਮਰੀਕਨ ਲੋਕਾਂ ਅੰਦਰ ਸਿੱਖਾਂ ਪ੍ਰਤੀ ਹੋਰ ਵੀ ਪਿਆਰ ਅਤੇ ਸ਼ਰਧਾ ਨਜ਼ਰ ਆ ਰਹੀ ਸੀ। ਫਲੋਟ ਉਪਰ ਲੱਗਾ ਅੱਠ ਫੁੱਟ ਦਾ ਸਿੱਖਸ ਆਫ ਅਮਰੀਕਾ ਦਾ ਸਾਈਨ ਸਿੱਖਾਂ ਦੀ ਵੱਖਰੀ ਪਹਿਚਾਣ ਬਣਾ ਰਿਹਾ ਸੀ। ਅਮਰੀਕਨ ਲੋਕ ਆਣ ਦੇ ਸਿੱਖਾਂ ਨਾਲ ਹੱਥ ਮਿਲਾ ਮਿਲਾ ਕੇ ਆਪਣਾ ਮਾਣ ਮਹਿਸੂਸ ਕਰ ਰਹੇ ਸਨ। ਅਮਰੀਕਨ ਲੋਕਾਂ ਦਾ ਪਿਆਰ ਅਤੇ ਉਤਸ਼ਾਹ ਦੇਖ ਗੱਤਕੇ ਵਾਲੇ ਹੋਰ ਵੀ ਚੜ੍ਹਦੀਕਲਾ ਨਾਲ ਗੱਤਕੇ ਦੇ ਜੌਹਰ ਦਿਖਾ ਰਹੇ ਸਨ। ਗੁਰਦੁਆਰਾ ਸਾਹਿਬ ਸਿੱਖ ਨੈਸ਼ਨਲ ਸੈਂਟਰ ਦੇ ਡਾਇਰੇਕਟਰ ਡਾਕਟਰ ਹਰਦਮ ਸਿੰਘ ਆਜ਼ਾਦ ਨੇ ਬਹੁਤ ਹੀ ਸੋਹਣੇ ਢੰਗ ਨਾਲ ਆਪਣੇ ਭਾਸ਼ਣ ਦੁਆਰਾ ਅਮਰੀਕਨ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਣੂ ਕਰਵਾਇਆ। ਮੀਰੀ ਪੀਰੀ ਗੱਤਕਾ ਅਕੈਡਮੀ ਦ ਜਥੇਦਾਰ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਉਹ ਕੁਝ ਹਫਤੇ ਪਹਿਲਾਂ ਹੀ ਇਕ ਹੋਰ ਅਮਰੀਕਨ ਥੈਂਕਸਗਿਵਿੰਗ ਡੇਅ ਦੀ ਪਰੇਡ ਵਿਚ ਭਾਗ ਲੈ ਚੁੱਕੇ ਹਨ ਅਤੇ ਅੱਗੇ ਤੋਂ ਹੋਰ ਵੀ ਅਮਰੀਕਨ ਪਰੇਡਾਂ ਅਤੇ ਸਮਾਗਮਾਂ ਅੰਦਰ ਸਿੱਖੀ ਦੀ ਪਹਿਚਾਣ ਲਈ ਇਹੋ ਜਿਹੇ ਉਪਰਾਲੇ ਕਰਦੇ ਰਹਿਣਗੇ। ਜਥੇਦਾਰ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਇਹ ਸਾਰਾ ਉਪਰਾਲਾ ਸਰਦਾਰ ਅੰਮ੍ਰਿਤ ਸਿੰਘ, ਸਰਦਾਰ ਸੁਰਜੀਤ ਸਿੰਘ, ਸਰਦਾਰ ਮਨਦੀਪ ਸਿੰਘ, ਡਾਕਟਰ ਹਰਦਮ ਸਿੰਘ ਆਜ਼ਾਦ ਡਾਇਰੈਕਟਰ ਗੁਰਦੁਆਰਾ ਸਾਹਿਬ ਸਿੱਖ ਨੈਸ਼ਨਲ ਸੈਂਟਰ, ਹਰਜੀਤ ਸਿੰਘ ਬੈਂਸ ਮੁੱਖ ਸੇਵਾਦਾਰ ਗੁਰਦੁਆਰਾ ਸਿੱਖ ਸੈਂਟਰ, ਬੀਬੀ ਹਰਜੀਤ ਕੌਰ ਸੋਨੀਆ, ਹਰਜੀਤ ਸਿੰਘ ਗਲਹੋਤਰਾ ਅਤੇ ਗੁਰਦੁਆਰਾ ਸਾਹਿਬ ਸਿੱਖ ਨੈਸ਼ਨਲ ਸੈਂਟਰ ਦੇ ਸਹਿਯੋਗ ਨਾਲ ਹੀ ਸਫਲ ਹੋ ਸਕਿਆ ਹੈ।

# ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ













**ਹੁਸ਼ਿਆਰਪੂਰ (ਬਿਊਰੋ)–** ਪਿਛਲੇ ਦਿਨੀਂ ਹੁਸ਼ਿਆਰਪੂਰ ਦੇ ਪਿੰਡ ਰੱਲ੍ਹਣ ਖੁੱਡਾ ਵਿਖੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਗੁਰੂ ਤੇਗ ਬਹਾਦੁਰ ਮਿਸ਼ਨ ਸਹਾਰਾ ਮਿਸਨ ਵਲੋਂ ਬਹੁਤ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਿਸ ਵਿੱਚ ਭਾਈ ਹਾਰਲੱਵ ਸਿੰਘ ਜੀ (ਯੂ ਐਸ ਏ), ਭਾਈ ਸੁਰਿੰਦਰਪਾਲ ਸਿੰਘ ਜੀ (ਯੂ ਐਸ ਏ), ਭਾਈ ਜਸਵੀਰ ਸਿੰਘ ਜੀ ਟਾਂਡਾ ਵਾਲੇ ਤੋਂ ਇਲਾਵਾ ਹੋਰ ਵੀ ਕੀਰਤਨੀ ਜਥਿਆਂ ਨੇ ਰਸ ਭਿਨਾ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਮਿਸ਼ਨ ਸਹਾਰਾ ਦੇ ਮੁਖ ਸੇਵਾਦਾਰ ਸੁਰਿੰਦਰਪਾਲ ਸਿੰਘ ਜੀ ਨੇ ਮਿਸ਼ਨ ਸਹਾਰਾ (ਯੂ ਐਸ ਏ) ਫਾਉਂਡੇਸ਼ਨ ਵਲੋਂ ਬੇਸਹਾਰਾ ਵਿਧਵਾਵਾਂ ਨੂੰ ਅਮਰੀਕੀ ਡਾਲਰ ਦੇ ਕੇ ਆਰਥਿਕ ਮਦਦ ਕੀਤੀ ਗਈ।

ਮਿਸ਼ਨ ਸਹਾਰਾ ਦੇ ਮੁਖੀ ਸੁਰਿੰਦਰਪਾਲ ਸਿੰਘ ਜੀ ਜੇ ਵਿਸੇਸ ਸਖਸ਼ੀਅਤਾਂ ਦਾ ਟਰਾਫੀ ਤੇ ਸਿਰੋਪਾ ਨਾਲ ਸਨਮਾਨ ਕੀਤਾ ਗਿਆ। ਜਿਸ ਵਿੱਚ ਸ ਅਵਤਾਰ ਸਿੰਘ ਮੱਕੜ (ਪ੍ਰਧਾਨ ਸ੍ਰੋਮਣੀ ਕਮੇਟੀ), ਬਾਬਾ ਗੁਰਬਚਨ ਸਿੰਘ ਸਾਹਿਬ ਜੀ ਦਲ, ਬਾਬਾ ਵਿਧੀ ਚੰਦ ਸ਼ੀਨਾ ਸੁਰਸਿੰਘ ਵਾਲੇ, ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ (ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ), ਬਾਬਾ ਹਰੀ ਸਿੰਘ ਜੀ ਤਰਨ ਤਾਰਨ ਵਾਲੇ, ਡਾ. ਰੂਪ ਸਿੰਘ (ਸੇਕਰੇਟਰੀ ਸਗਪਚ), ਸਕੱਤਰ ਸਿੰਘ ਜੀ (ਸੈਕਟਰੀ ਸ੍ਰੋਮਣੀ ਕਮੇਟੀ), ਦਲਵੀਰ ਸਿੰਘ (ਸੇਕ੍ਰੇਟਰੀ ਸ੍ਰੋਮਣੀ ਕਮੇਟੀ), ਪ੍ਰੈਸ ਰਿਪੋਰਟ ਸੁਖਦੇਵ ਸਿੰਘ ਅਜੀਤ ਅਤੇ ਸਮੂਹ ਮੀਡਿਆ ਮੇਮਬਰ ਸਨਮਾਨ. ਗੁਰੂ ਕਾ ਲੰਗਰ ਅਤੁਟ ਵਰਤਿਆ ਗਿਆ।

ਗੁਰੂ ਗ੍ਰੰਥ ਸਾਹਿਬ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਆਖਿਰ ਵਿੱਚ ਸਮੂਹ ਸੰਗਤ ਦਾ ਭਾਈ ਸੁਰਿੰਦਰਪਾਲ ਸਿੰਘ ਜੀ ਵਲੋਂ ਧੰਨਵਾਦ ਕੀਤਾ ਗਿਆ।

--------

# ਡਾ. ਅੰਬੇਡਕਰ ਦੇ 125ਵੇਂ ਜਨਮ ਦਿਹਾੜੇ ਮੌਕੇ ਚੇਤਨਾ ਰੈਲੀ ਵਿਚ ਦਲਿਤ ਸਮਾਜ ਨੂੰ ਤਰੱਕੀ ਕਰਨ ਦਾ ਸੰਦੇਸ਼

**ਜਲੰਧਰ–** ਦਲਿਤ ਸਮਾਜ ਨੂੰ ਆਪਣੇ ਅਧਿਕਾਰ ਮੰਗਣ ਅਤੇ ਸ਼ੋਸ਼ਣ ਤੋਂ ਬਚਣ ਦੇ ਲਈ ਜਾਗਰੂਕ ਹੋਣਾ ਜ਼ਰੂਰੀ ਹੈ। ਇਸ ਦੇ ਲਈ ਦਲਿਤਾਂ ਦੇ ਪ੍ਰੇਰਨਾ ਸਰੋਤ ਸੰਵਿਧਾਨ ਨਿਰਮਾਤਾ ਡਾ. ਬੀ. ਆਰ. ਅੰਬੇਡਕਰ ਦ। ਦਿਖਾਏ ਰਸਤੇ ਤੇ ਚੱਲਣ ਨਾਲ ਸਫਲਤਾ ਮਿਲੇਗੀ। ਜਦੋਂ ਤੱਕ ਦਲਿਤ ਸਮਾਜ ਸਿੱਖਿਆਤ ਨਹੀਂ ਹੋਵੇਗਾ, ਉਹਨਾਂ ਦਾ ਸ਼ੋਸ਼ਣ ਜਾਰੀ ਰਹੇਗਾ। ਡਾ. ਅੰਬੇਡਕਰ ਦੀ 125ਵੀਂ ਵਰ੍ਹੇਗੰਢ ਨੂੰ ਸਮਰਪਿਤ ਚੇਤਨਾ ਰੈਲੀ ਵਿਚ ਸੀਨੀਅਰ ਕਾਂਗਰਸੀ ਨੇਤਾਵਾਂ ਨੇ ਇਹ ਗੱਲ ਕਹੀ। ਉਹ ਇੱਥੇ ਐਸ. ਬੀ. ਐਸ. ਨਗਰ ਵਿਚ ਸੁਨੇਤ ਫਾਟਕ ਦੇ ਨਜ਼ਦੀਕ ਕਾਂਗਰਸ ਐਸ. ਸੀ. ਡਿਪਾਰਟਮੈਂਟ ਦੀ ਜ਼ਿਲ੍ਹਾ ਯੂਨਿਟ ਵੱਲੋਂਆਯੋਜਿਤ ਇਸ ਸਮਾਰੋਹ ਨੂੰ ਸੰਬੋਧਿਤ ਕਰ ਰਹੇ ਸਨ।

ਸੰਗਠਨ ਦੇ ਜ਼ਿਲ੍ਹਾ ਚੇਅਰਮੈਨ ਚੇਤਨ ਧਾਲੀਵਾਲ ਦੀ ਦੇਖ-ਰੇਖ ਵਿਚ ਆਯੋਜਿਤ ਇਸ ਚੇਤਨਾ ਰੈਲੀ ਵਿਚ ਕਾਂਗਰਸ ਐਸ. ਸੀ. ਡਿਪਾਰਟਮੈਂਟ ਪੰਜਾਬ ਦੇ ਚੇਅਰਮੈਨ ਡਾ. ਰਾਜਕੁਮਾਰ ਛੱਬੇਵਾਲ ਮੁੱਖ ਮਹਿਮਾਨ ਸਨ। ਉਹਨਾਂ ਤੋਂ ਇਲਾਵਾ ਕੋ-ਚੇਅਰਮੈਨ ਜੰਗ ਬਹਾਦਰ, ਜ਼ਿਲ੍ਹਾ ਇੰਚਾਰਜ ਪਰਮਿੰਦਰ ਸਿੰਘ ਨੇ ਵੀ ਰੈਲੀ ਨੂੰ ਸੰਬੋਧਿਤ ਕੀਤਾ, ਜਦਕਿ ਸੀਨੀਅਰ ਕਾਂਗਰਸੀ ਨੇਤਾ ਅਸ਼ੋਕ ਪਰਾਸ਼ਰ ਪੱਪੀ, ਕਾਂਗਰਸ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਗੋਗੀ, ਸੇਵਾਦਲ ਜ਼ਿਲ੍ਹਾ ਮੁਖੀ ਨਿਰਮਲ ਕੈੜਾ, ਪੀ. ਪੀ. ਸੀ. ਸੀ. ਸਕੱਤਰ ਅਕਸ਼ੈ ਭਨੋਟ, ਕੁਲਵੰਤ ਸਿੱਧੂ, ਅਸ਼ਵਨੀ ਸ਼ਰਮਾ ਦੀ ਖਾਸ ਮੌਜੂਦਗੀ ਰਹੀ।

# ਅਜੀਤ ਸਿੰਘ ਗਿੱਲ 'ਮੋਗਾ ਵੀਡੀਉ ਫਰਿਜ਼ਨੋ' ਪਰਿਵਾਰ ਨੂੰ ਸਦਮਾ



**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਸਮੁੱਚੇ ਪੰਜਾਬੀ ਭਾਈਚਾਰੇ ਵਿੱਚ ਆਪਣੀਆਂ ਸੇਵਾਵਾ ਦੇਣ ਕਰਕੇ ਜਾਣੀ-ਪਹਿਚਾਣੀ ਸਖਸ਼ੀਅਤ ਸ. ਅਜੀਤ ਸਿੰਘ ਗਿੱਲ 'ਮੋਗਾ ਵੀਡੀਉ ਫਰਿਜ਼ਨੋ' ਅਤੇ ਪਰਿਵਾਰ ਨੂੰ ਬੀਤੇ ਦਿਨੀ 22 ਜਨਵਰੀ ਦਿਨ, ਸ਼ੁੱਕਰਵਾਰ ਨੂੰ ਅਚਾਨਕ ਆਪਣੇ ਪਿਤਾ ਸ. ਹਰੀ ਸਿੰਘ ਗਿੱਲ ਦੇ ਅਕਾਲ ਚਲਾਣੇ 'ਤੇ ਭਾਰੀ ਸਦਮਾ ਲੱਗਾ। ਉਨ੍ਹਾਂ ਦੀ ਉਮਰ 82 ਸਾਲ ਸੀ ਅਤੇ ਉਹ ਪਿਛਲੇ 36 ਸਾਲਾ ਤੋਂ ਫਰਿਜ਼ਨੋ ਵਿਖੇ ਰਹਿ ਰਹੇ ਸਨ। ਜਿੰਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ 27 ਜਨਵਰੀ ਦਿਨ ਬੁੱਧਵਾਰ ਨੂੰ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ' ਫਰਿਜ਼ਨੋ ਵਿਖੇ ਸਵੇਰੇ 11 ਵਜ਼ੇ ਤੋਂ ਬਾਅਦ ਦੁਪਿਹਰ 1 ਵਜ਼ੇ ਤੱਕ ਕੀਤੇ ਜਾਣਗੇ। ਇਹ ਫਿਊਨਰਲ ਹੋਮ ਫਰੀਵੇ 99 ਤੋਂ ਕਲੋਵਿਸ਼ ਐਵਨਿਊ ਦੇ ਐਗਜੈਕਟ ਨਿਕਲਦਿਆ ਸਥਿਤ ਹੈ। ਜਿਸ ਦਾ ਪਤਾ 4800 E Clayton Ave, Fowler, CA 93625 ਹੈ। ਇਸ ਉਪਰੰਤ ਅੰਤਮ ਅਰਦਾਸ ਨਜ਼ਦੀਕੀ 'ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼' ਫਰਿਜ਼ਨੋ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ. ਅਜੀਤ ਸਿੰਘ ਗਿੱਲ (559) 217-3060, ਪਿੰਦਰ ਸਿੰਘ ਗਿੱਲ (559) 374-8267 ਜਾਂ ਮਿੰਦਰ ਸਿੰਘ ਗਿੱਲ ਨਾਲ (682) 702-9891 ਫੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪਠਾਨਕੋਟ ਵਿਚ ਲਾਵਾਰਸ ਬੈਗ ਕਾਰਨ ਮੱਚੀ ਅਫਰਾ-ਤਫਰੀ

**ਪਠਾਨਕੋਟ–** ਭਾਰਤ ਜਦੋਂ ਗਣਤੰਤਰ ਦਿਵਸ ਮਨਾ ਰਿਹਾ ਸੀ ਤਾਂ ਪੰਜਾਬ ਦੇ ਪਠਾਨਕੋਟ ਰੇਲਵੇ ਸਟੇਸ਼ਨ ਤੇ ਇਕ ਲਾਵਾਰਸ ਬੈਗ ਮਿਲਣ ਅਤੇ ਪੁਲਿਸ ਕਾਰਵਾਈ ਦੇ ਕਾਰਨ ਲੋਕ ਸਹਿਮ ਗਏ।

ਪੁਲਿਸ ਨੇ ਰੇਲਵੇ ਸਟੇਸ਼ਨ ਨੂੰ ਖਾਲੀ ਕਰਵਾ ਕੇ ਬੈਗ ਦੀ ਤਲਾਸ਼ੀ ਲਈ ਪਰ ਉਸ ਵਿਚ ਕੁਝ ਨਹੀਂ ਮਿਲਿਆ। ਪੁਲਿਸ ਨੇ ਰੇਲਵੇ ਸਟੇਸ਼ਨ ਅਤੇ ਇਲਾਕੇ ਦੀ ਤਲਾਸ਼. ਵਿਚ ਫੌਜ ਦੀ ਬੰਬ ਡਿਫਿਊਜ਼ ਕਰਨ ਵਾਲੀ ਟੀਮ ਅਤੇ ਡੌਗ ਸਕੁਐਡ ਦੀ ਮਦਦ ਲਈ। ਅੰਮ੍ਰਿਤਸਰ ਤੋਂ ਸਥਾਨਕ ਪੱਤਰਕਾਰ ਰਵਿੰਦਰ ਸਿੰਘ ਰਾਬਿਨ ਨੇ ਦੱਸਿਆ ਕਿ ਪਠਾਨਕੋਟ ਵਿਚ ਦਿੱਲੀ ਤੋਂ ਪਹੁੰਚੀ ਇਕ ਟ੍ਰੇਨ ਵਿਚ ਇਕ ਲਾਵਾਰਸ ਬੈਗ ਮਿਲਿਆ ਸੀ। ਪਠਾਨਕੋਟ ਵਿਚ ਦਿੱਲੀ ਤੋਂ ਪਹੁੰਚੀ ਇਕ ਟ੍ਰੇਨ ਵਿਚ ਇਕ ਲਾਵਾਰਸ ਬੈਗ ਮਿਲਿਆ ਸੀ। ਪੁਲਿਸ ਦੇ ਦਸਤਿਆਂ ਨੇ ਉਸ ਤੇ ਰੇਤ ਦੀਆਂ ਬੋਰੀਆਂ ਪਾ ਕੇ ਰੇਲਵੇ ਸਟੇਸ਼ਨ ਨੂੰ ਖਾਲੀ ਕਰਵਾ ਲਿਆ।

ਕਰੀਬ ਘੰਟੇ ਭਰ ਦੀ ਜਾਂਚ ਤੋਂ ਬਾਅਦ ਸਥਿਤੀ ਆਮ ਹੋਣ ਲੱਗੀ।

ਉਤਰਾਖੰਡ ਦੇ ਪੁਲਿਸ ਮੁਖੀ ਬੀ. ਐਸ. ਸਿੱਧੂ ਨੇ ਕਿਹਾ ਕਿ ਰੁੜਕੀ ਤੋਂ ਆਈ. ਐਸ. ਦੇ ਕੁਝ ਸ਼ੱਕੀ ਗ੍ਰਿਫਤਾਰ ਕੀਤੇ ਗਏ ਸਨ ਅਤੇ ਉਹਨਾਂ ਦਾ ਇਕ ਸਾਥੀ ਦੇਹਰਾਦੂਨ ਵਿਚ ਦੇਖਿਆ ਗਿਆ ਹੈ। ਉਹਨਾਂ ਨੇ ਦੱਸਿਆ ਕਿ ਇਸ ਸ਼ੱਕੀ ਦੀ ਤਸਵੀਰ ਸ਼ਹਿਰ ਵਿਚ ਲੱਗੇ ਇਕ ਸੀ. ਸੀ. ਟੀ. ਵੀ. ਕੈਮਰੇ ਵਿਚ ਆਈ ਹੈ।

# ਚੋਣਾਂ ਵਿੱਚ ਪੈਸੇ ਤੇ ਤਾਕਤ ਦੀ ਵਰਤੋਂ ਚਿੰਤਾ ਦਾ ਵਿਸ਼ਾ: ਮੁਖਰਜੀ

**ਨਵੀਂ ਦਿੱਲੀ–** ਚੋਣਾਂ ਵਿੱਚ ਤਾਕਤ ਤੇ ਪੈਸੇ ਦੀ ਦੁਰਵਰਤੋਂ 'ਤੇ ਚਿੰਤਾ ਪ੍ਰਗਟਾਉਂਦਿਆਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਅੱਜ ਦਲੀਲ ਦਿੱਤੀ ਕਿ ਇਹ ਬੁਰਾਈਆਂ ਜਮਹੂਰੀਅਤ ਦੀ ਅਸਲ ਭਾਵਨਾ ਲਈ ਮਾਰੂ ਹਨ। ਉਨ੍ਹਾਂ ਚੋਣ ਕਮਿਸ਼ਨ ਨੂੰ ਅਜਿਹੇ ਨੌਜਵਾਨ ਵੋਟਰਾਂ ਕੋਲ ਪਹੁੰਚ ਕਰਨ ਦੀ ਅਪੀਲ ਕੀਤੀ, ਜਿਨ੍ਹਾਂ ਦੀ ਡਿਜੀਟਲ ਤੇ ਸੋਸ਼ਲ ਮੀਡੀਆ ਪਲੇਟਫਾਰਮ ਤੱਕ ਪਹੁੰਚ ਨਹੀਂ ਹੈ। ਇੱਥੇ ਚੋਣ ਕਮਿਸ਼ਨ ਦਫ਼ਤਰ ਵਿੱਚ ਛੇਵੇਂ ਕੌਮੀ ਵੋਟਰ ਦਿਵਸ ਮੌਕੇ ਸੰਬੋਧਨ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਪੈਸੇ ਤੇ ਤਾਕਤ ਦੀ ਦੁਰਵਰਤੋਂ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ।

ਜੇ ਇਨ੍ਹਾਂ ਬੁਰਾਈਆਂ ਨੂੰ ਨਾ ਠੱਲ੍ਹਿਆ ਗਿਆ ਤਾਂ ਇਹ ਜਮਹੂਰੀਅਤ ਦੀ ਭਾਵਨਾ ਲਈ ਮਾਰੂ ਸਾਬਤ ਹੋਵੇਗਾ। ਚੋਣ ਕਮਿਸ਼ਨ ਦੀ ਸਥਾਪਤੀ ਕਾਰਨ ਇਸ ਦਿਨ ਨੂੰ ਕੌਮੀ ਵੋਟਰ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਕਮਿਸ਼ਨ ਤੇ ਇਸ ਦੀਆਂ ਸਹਿਯੋਗੀ ਜਥੇਬੰਦੀਆਂ ਵੱਲੋਂ ਵੋਟਰਾਂ ਦੀ ਸ਼ਮੂਲੀਅਤ ਵਧਾਉਣ ਦੇ ਉਦੇਸ਼ ਨਾਲ ਇਹ ਦਿਵਸ ਦੇਸ਼ ਭਰ ਵਿੱਚ ਮਨਾਇਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਦੀ ਸਥਾਪਨਾ 25 ਜਨਵਰੀ 1950 ਨੂੰ ਹੋਈ ਸੀ।

ਰਾਸ਼ਟਰਪਤੀ ਨੇ ਵੋਟਰਾਂ, ਖ਼ਾਸ ਤੌਰ 'ਤੇ ਨੌਜਵਾਨਾਂ ਤੱਕ ਪਹੁੰਚ ਲਈ ਨਵੇਂ ਤਰੀਕੇ ਅਪਨਾਉਣ ਲਈ ਕਮਿਸ਼ਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਭਾਵੇਂ ਸੋਸ਼ਲ ਮੀਡੀਆ ਨੇ ਚੋਣ ਪ੍ਰਕਿਰਿਆ ਬਾਰੇ ਨੌਜਵਾਨਾਂ ਵਿੱਚ ਜਾਗਰੂਕਤਾ ਲਿਆਂਦੀ ਹੈ ਪਰ ਡਿਜ਼ੀਟਲ ਮੌਕਿਆਂ ਦੇ ਘੇਰੇ ਤੋਂ ਪਾਸੇ ਰਹਿ ਗਏ ਲੋਕਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਚੋਣਾਂ ਸਿਰਫ਼ ਜਮਹੂਰੀਅਤ ਦਾ ਮੇਲਾ ਨਹੀਂ, ਸਗੋਂ ਇਹ ਵੱਡ ਆਕਾਰੀ ਪ੍ਰਸ਼ਾਸਕੀ ਕਵਾਇਦ ਹੈ, ਜਿਸ ਨੂੰ ਚੋਣ ਕਮਿਸ਼ਨ ਤੇ ਇਸ ਦੇ ਅਧਿਕਾਰੀ ਪਾਰਦਰਸ਼ੀ ਤੇ ਨਿਰਭੈਅਤਾ ਨਾਲ ਨਿਭਾ ਰਹੇ ਹਨ।

# ਨਰਿੰਦਰ ਮੋਦੀ ਅਤੇ ਅਕਾਲੀ ਦਲ ਦੀ ਕਾਰਗੁਜ਼ਾਰੀ

# ਬਨਾਮ ਜਨਤਾ ਦੀ ਕਚਹਿਰੀ

ਸੂਬੇਦਾਰ ਬਾਬੂ ਸਿੰਘ (ਰਿਟਾ.)
98725-61997

ਮੋਦੀ ਸਾਹਿਬ ਨੇ ਆਪਣੀ ਵਜ਼ਾਰਤ ਵਿਚ ਤਬਦੀਲੀ ਕਰਨ ਦੀ ਇੱਛਿਆ ਜ਼ਾਹਿਰ ਕਰਕੇ ਪਾਰਟੀ ਅੰਦਰ ਸਭ ਕੁਝ ਅੱਛਾ ਨਾ ਹੋਣ ਦਾ ਸੰਕੇਤ ਦਿੱਤਾ ਹੈ। ਠੀਕ ਹੈ, ਉਹ ਅਦਲਾ ਬਦਲੀ ਕਰ ਵੀ ਲੈਣਗੇ ਪਰ ਕੀ ਇਸ ਨਾਲ ਅੰਦਰੋ ਅੰਦਰੀਂ ਉਠ ਰਿਹਾ ਤੂਫਾਨ ਰੋਕਿਆ ਜਾ ਸਕੇਗਾ? ਨਹੀਂ। ਇਕ ਤਾਂ ਪਹਿਲਾਂ ਹੀ ਵਜ਼ਾਰਤ ਗਠਨ ਵੇਲੇ ਮੋਦੀ ਨੇ ਪਾਰਟੀ ਦੇ ਸੀਨੀਅਰ ਆਗੂ ਨਾਰਾਜ਼ ਕਰ ਲਏ ਸਨ। ਉਹ ਅੰਦਰੋਂ ਅੰਦਰੀਂ ਵਿਸ ਘੋਲ ਰਹੇ ਹਨ ਜੋ ਗਾਹੇ ਬਗਾਹੇ ਪ੍ਰਗਟ ਹੁੰਦਾ ਰਹਿੰਦਾ ਹੈ। ਦੂਜਾ, ਜੋ ਵਾਅਦੇ ਕਰਕੇ ਮੋਦੀ ਸਾਹਿਬ ਸੱਤਾ ਵਿਚ ਆਏ ਹਨ, ਉਹਨਾਂ ਤੋਂ ਉਹ ਦਿਨ-ਬ-ਦਿਨ ਦੂਰ ਹੁੰਦੇ ਜਾ ਰਹੇ ਹਨ। ਲੋਕਾਂ ਨੂੰ ਜਲਦੀ ਹੀ ਸਮਝ ਲੱਗ ਗਈ ਸੀ ਕਿ 'ਸਭ ਦਾ ਸਾਥ, ਸਭ ਦਾ ਵਿਕਾਸ', 'ਅੱਛੇ ਦਿਨ ਆਉਣ ਵਾਲੇ ਹਨ' ਆਦਿ ਫੋਕੇ ਨਾਅਰੇ ਸਨ। ਲੋਕਾਂ ਦਾ ਇਹਨਾਂ ਨਾਲ ਕੋਈ ਵਾਹ ਵਾਸਤਾ ਨਹੀਂ। ਅੱਛੇ ਦਿਨ ਆ ਰਹੇ ਹਨ ਵੱਡੇ ਵੱਡੇ ਅਮੀਰ ਘਰਾਣਿਆਂ ਦੇ, ਵਿਕਾਸ ਹੋ ਰਿਹਾ ਹੈ ਅਮੀਰ ਵਪਾਰਕ ਘਰਾਣਿਆਂ ਦਾ। ਬਾਕੀ ਲੋਕਾਈ ਤਾਂ ਉਸੇ ਤਰ੍ਹਾਂ ਦਿਨ-ਬ-ਦਿਨ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਦੀ ਜਕੜ ਵਿਚ ਫਸਦੀ ਜਾ ਰਹੀ ਕਰਾਹ ਰਹੀ ਹੈ। ਲੋਕਾਂ ਨੇ ਸਮੇਂ-ਸਮੇਂ ਤੇ ਆਪਣਾ ਗੁੱਸਾ ਕੱਢਿਆ ਵੀ ਹੈ। ਦਿੱਲੀ ਦੀਆਂ ਚੋਣਾਂ ਅਤੇ ਬਿਹਾਰ ਦੀਆਂ ਚੋਣਾਂ ਵਿਚ ਗੁੱਸਾ ਸਿਖਰ 'ਤੇ ਸੀ ਜਦੋਂ ਅਰਬਾਂ ਖਰਬਾਂ ਖਰਚ ਕੇ ਧੂੰਆ ਧਾਰ ਪ੍ਰਚਾਰ, ਲਾਲਚ, ਹੇਰਾਫੇਰੀ ਜ਼ੀਰੋ ਬਣ ਕੇ ਰਹਿ ਗਈਆਂ। ਜੰਮੂ ਕਸ਼ਮੀਰ ਵਿਚ ਵੀ ਤਰ੍ਹਾਂ ਤਰ੍ਹਾਂ ਦੇ ਹੱਥਕੰਡੇ ਬੁਰੀ ਤਰ੍ਹਾਂ ਫੇਲ੍ਹ ਹੋਏ ਜੋ ਉਹਨਾਂ ਦੇ ਇਰਾਦਿਆਂ ਤੇ ਪਾਣੀ ਫੇਰ ਗਏ। ਮੋਦੀ ਸਾਹਿਬ ਫਿਰ ਵੀ ਸਾਹਮਣੇ ਕੰਧ ਤੇ ਲਿਖਿਆ ਨਹੀਂ ਵਾਚ ਰਹੇ। ਇਹ ਭਾਵੇਂ ਆਰ. ਐਸ. ਐਸ. ਦੇ ਇਸ਼ਾਰੇ ਤੇ ਹੋ ਰਿਹਾ ਹੈ, ਭਾਵੇਂ ਮੋਦੀ, ਅਮਿਤ, ਰਾਜਨਾਥ ਦੀ ਤਿੱਕੜੀ ਦੀ ਸੋਚ ਤੇ ਹੋ ਰਿਹਾ ਹੈ ਪਰ ਹੋ ਗਲਤ ਰਿਹਾ ਹੈ। ਦੇਸ਼ ਦੇ ਵਿਕਾਸ ਨੂੰ, ਵਿਗਿਆਨਕ ਸੋਚ ਨੂੰ, ਪੁੱਠਾ ਗੇੜਾ ਦੇ ਕੇ ਸਦੀਆਂ ਪਿੱਛੇ ਲਿਜਾਣ ਦੀ ਕੋਸ਼ਿਸ਼ ਹੋ ਰਹੀ ਹੈ, ਜਿੱਥੇ ਵਰਣ ਵਿਵਸਥਾ ਦਾ ਬੋਲਬਾਲਾ ਸੀ, ਆਮ ਲੋਕਾਂ ਦੇ ਹਿੱਤ, ਭਲਾਈ ਦੇ ਬਦਲੇ ਕੁਝ ਵਰਣਾਂ ਦੇ ਵਿਕਾਸ ਦੀ ਹੀ ਤੂਤੀ ਬੋਲਦੀ ਸੀ। ਕੀ ਇਸਦੇ ਨਤੀਜੇ ਜੋ ਦੇਸ਼ ਦੀ ਗੁਲਾਮੀ ਦੇ ਤੌਰ ਤੇ ਭੁਗਤੇ ਗਏ, ਹੁਣ ਉਹ ਭੁਲਾਏ ਜਾ ਰਹੇ ਹਨ? ਪਰ ਹੁਣ ਮੋਦੀ ਸਾਹਿਬ ਤੇ ਉਸਦੇ ਸਮਰਥਕਾਂ ਨੂੰ ਇਹ ਯਾਦ ਰਹੇ ਨਾ ਰਹੇ ਪਰ ਜਿਹਨਾਂ ਦੀਆਂ ਪੁਸ਼ਤਾਂ ਨੇ ਇਸ ਗੁਲਾਮੀ ਅਤੇ ਜਹਾਲਤ ਦੀ ਪੀੜ ਸਹੀ ਹੈ, ਉਹਨਾਂ ਨੂੰ ਅੱਜ ਵੀ ਕਸਕ ਹੁੰਦੀ ਹੈ। ਉਹ ਇਹ ਦਿਨ ਮੁੜ ਨਹੀਂ ਆਉਣ ਦੇਣਗੇ। ਚੰਗਾ ਇਹੀ ਹੋਵੇਗਾ ਕਿ ਮੋਦੀ ਜੀ ਵਜ਼ਾਰਤਾਂ ਦੇ ਫੇਰਬਦਲ ਨਾਲੋਂ ਆਪਣੀ ਸੋਚ ਵਿਚ ਹੀ ਕੋਈ ਸਾਰਥਕ ਤਬਦੀਲੀ ਲਿਆਉਣ। ਇਹ ਸਹੀ ਮੌਕਾ ਹੈ।

ਇਸੇ ਰੌਸ਼ਨੀ ਵਿਚ ਮੋਦੀ ਸਾਹਿਬ ਦੀ ਭਾਈਵਾਲ ਪਾਰਟੀ ਅਕਾਲੀ ਦਲ ਅਤੇ ਉਸਦੀ ਸਰਕਾਰ ਦੇ ਸਰਬਰਾਹਾਂ ਦੇ ਸੋਚਣ ਦਾ ਵੀ ਸਹੀ ਮੌਕਾ ਹੈ। ਉਹਨਾਂ ਨੇ ਪਤੀ-ਪਤਨੀ ਵਾਲੀ ਸਾਂਝ ਪਾਈ ਪਰ ਉਹ ਉਸ ਰਿਸ਼ਤੇ ਵਿਚ ਨਿੱਭ ਨਹੀਂ ਰਹੀ। ਆਪਣੇ ਨਿੱਜੀ ਹਿੱਤਾਂ ਖਾਤਰ ਉਹਨਾਂ ਨੇ ਸੂਬੇ ਅਤੇ ਕੌਮ ਦੀ ਆਨ-ਬਾਨ ਦਾਅ 'ਤੇ ਲਾ ਦਿੱਤੀ ਹੈ। ਯਾਦ ਰਹੇ ਸਮਾਂ ਅਤੇ ਇਤਿਹਾਸ ਕਿਸੇ ਨੂੰ ਮਾਫ ਨਹੀਂ ਕਰਦਾ। ਜਨਤਾ ਦੀ ਕਚਹਿਰੀ ਲੱਗਣ ਵਾਲੀ ਹੈ। ਝੂਠ ਦੇ ਪਰਦੇ ਪਿੱਛੇ ਛੁਪਾਈਆਂ ਸਚਾਈਆਂ ਲੱਖ ਯਤਨਾਂ ਦੇ ਬਾਵਜੂਦ ਵੀ ਸਾਹਮਣੇ ਆ ਜਾਣੀਆਂ ਹਨ। ਲੋਕੀਂ ਪੁੱਛਣਗੇ ਉਹਨਾਂ ਨੇ ਪੰਜਾਬ ਵਿਚ ਵਗਦੇ ਛੇਵੇਂ ਦਰਿਆ ਦਾ ਕਿਤੇ ਬੰਨ੍ਹ ਲਾਉਣ ਦੀ ਕੋਸ਼ਿਸ਼ ਕੀਤੀ? ਇਸ ਦਰਿਆ ਵਿਚ ਆਏ ਹੜ੍ਹ ਨੇ ਕਿੰਨੀਆਂ ਮਾਵਾਂ ਦੇ ਪੁੱਤ, ਵਿਆਹੀਆਂ ਦੇ ਸਾਂਈ, ਭੈਣਾਂ ਦੇ ਵੀਰ, ਬਜ਼ੁਰਗਾਂ ਦੇ ਬੁਢਾਪੇ ਦੀਆਂ ਡੰ-ਗੋਰੀਆਂ ਰੋੜ੍ਹ ਲਈਆਂ ਹਨ- ਹੈ ਕੋਈ ਹਿਸਾਬ ਕਿਤਾਬ, ਕੋਈ ਦੁੱਖ ਅਫਸੋਸ? ਇਹ ਹੜ੍ਹ ਰੇਤੇ ਦੇ ਬੰਨ੍ਹ ਲਾਉਣ ਨਾਲ ਨਹੀਂ ਰੁਕਣਾ। ਪੱਕੇ ਬੰਨ੍ਹ ਦੀ ਲੋੜ ਹੈ। ਛੋਟੇ ਮੋਟੇ ਨਸ਼ਈ ਜਾਂ ਵਪਾਰੀਆਂ ਨੂੰ ਅੱਖੀਂ ਘੱਟਾ ਪਾ ਕੇ ਜੇਲ੍ਹ ਯਾਤਰਾ ਕਰਵਾਉਣ ਨਾਲ ਲੋਕਾਂ ਦੀ ਤਸੱਲੀ ਨਹੀਂ ਹੋਈ, ਅਸਲੀ ਚਿਹਰੇ ਅੱਗੇ ਲਿਆਉਣੇ ਪੈਣਗੇ।ਇਹ ਮੁੱਦੇ ਇੰਝ ਭੁਲਾਇਆਂ ਨਹੀਂ ਭੁੱਲਣੇ।

ਦਲਿਤਾਂ 'ਤੇ ਅੱਤਿਆਚਾਰ, ਔਰਤਾਂ, ਬੱਚੀਆਂ ਨਾਲ ਛੇੜਛਾੜ ਦੇ ਮੁੱਦੇ ਵੀ ਅੱਜ ਦੇ ਹੁਕਮਰਾਨਾਂ ਨੂੰ ਕਟਹਿਰੇ ਵਿਚ ਖੜ੍ਹੇ ਕਰਨਗੇ। ਦਲਿਤ ਨੌਜਵਾਨਾਂ ਦੇ ਹੱਥ ਪੈਰ ਕੱਟਣ, ਬਲਾਤਕਾਰ ਵਰਗੀਆਂ ਘਿਨਾਉਣੀਆਂ ਹਰਕਤਾਂ ਪ੍ਰਤੀ ਪੁਲਿਸ ਅਤੇ ਰਾਜ ਪ੍ਰਬੰਧ ਉਤੇ ਸਵਾਲੀਆ ਚਿੰਨ੍ਹ ਤਾਂ ਲਾਉਂਦੀਆਂ ਹੀ ਹਨ, ਨਾਲ ਹੀ ਹੁਕਮਰਾਨਾਂ ਦੇ ਇਰਾਦੇ ਵੀ ਪ੍ਰਗਟ ਕਰਦੀਆਂ ਹਨ। ਇਹਨਾਂ ਦੇ ਜਵਾਬ ਦੇਣੇ ਹੀ ਪੈਣਗੇ। ਸਮਾਂ ਨਜ਼ਦੀਕ ਆ ਰਿਹਾ ਹੈ।

ਪਵਿੱਤਰ ਧਾਰਮਿਕ ਗ੍ਰੰਥ ਦੀ ਚੋਰੀ ਤੇ ਬੇਅਦਬੀ ਪ੍ਰਤੀ ਰੋਸ ਕਰਨ ਵਾਲਿਆਂ 'ਤੇ ਪੁਲਿਸ ਦੁਆਰਾ ਲਾਠੀਚਾਰਜ ਅਤੇ ਗੋਲੀਆਂ ਨਾਲ ਬੇਕਸੂਰਿਆਂ ਦੀ ਹੱਤਿਆ ਦਾ ਕੇਸ ਬਹੁਤ ਭਾਰੀ ਹੈ ਜਿਸਦਾ ਜਵਾਬ ਤੁਹਾਡੇ ਕੋਲ ਕੋਈ ਨਹੀਂ ਬਣਦਾ। ਤੁਸੀਂ ਆਪਣੇ ਸਾਧਨਾਂ ਨਾਲ ਭਾਵੇਂ ਇਸਨੂੰ ਹੋਰ ਪਾਸੇ ਮੋੜਾ ਦੇ ਲਿਆ ਪਰ ਸਵਾਲ ਜਿਉਂ ਦਾ ਤਿਉਂ ਕਾਇਮ ਹੈ, ਜਿਸਦਾ ਜਵਾਬ ਜਨਤਾ ਆਪਣੀ ਕਚਹਿਰੀ ਵਿਚ ਜ਼ਰੂਰ ਮੰਗੇਗੀ ਕਿ ਸਿੱਖੀ ਕਿੱਧਰ ਤੋਰ ਲਈ ਹੈ?

ਪੰਜਾਬ ਦੇ ਸਰਬਰਾਹਾਂ ਨੂੰ, ਆਪਣੀ ਪਾਰਟੀ ਦੇ ਭਾਈਵਾਲਾਂ ਵੱਲੋਂ ਚਲੀ 'ਘਰ ਵਾਪਸੀ' ਲਹਿਰ, ਅਸਹਿਣਸ਼ੀਲਤਾ ਦੇ ਮੁੱਦੇ ਤੇ ਸਾਹਿਤਕਾਰਾਂ, ਕਲਾਕਾਰਾਂ ਵੱਲੋਂ ਇਨਾਮਾਂ ਦੀ ਵਾਪਸੀ ਵਾਲੇ ਮੁੱਦੇ ਪੁਰਾਣੇ ਹੁੰਦਿਆਂ ਵੀ ਆਪਣਾ ਰੰਗ ਜ਼ਰੂਰ ਵਿਖਾਉਣਗੇ। ਇਹ ਮੁੱਦੇ ਭਾਵੇਂ ਤੁਹਾਡੀ ਭਾਈਵਾਲ ਪਾਰਟੀ ਨਾਲ ਬਹੁਤੇ ਸਬੰਧਤ ਹਨ ਪਰ ਪਤੀ-ਪਤਨੀ ਦੀ ਸਾਂਝ ਕਾਰਨ ਤੁਹਾਡੇ ਤੋਂ ਹੀ ਜਵਾਬ ਲਏ ਜਾਣਗੇ।

ਇਹਨਾਂ ਅੰਦਰੂਨੀ ਮੁੱਦਿਆਂ ਤੋਂ ਭੱਜ ਕੇ ਮੋਦੀ ਸਾਹਿਬ ਨੇ ਡੇਢ ਸਾਲਾਂ ਵਿਚ ਤਿੰਨ ਦਰਜਨ ਦੇ ਕਰੀਬ ਦੇਸਾਂ ਦੀਆਂ ਯਾਤਰਾਵਾਂ ਕਰਕੇ ਆਪਣੇ ਦੇਸ਼ ਦਾ ਅਕਸ ਸੁਧਾਰਨ ਦੀ ਅਸਫਲ ਕੋਸ਼ਿਸ਼ ਕੀਤੀ ਹੈ। ਚੰਗਾ ਹੁੰਦਾ ਜੇ ਉਹ ਅੰਦਰੂਨੀ ਹਾਲਤ ਸੁਧਾਰਨ ਵੱਲ ਜ਼ਿਆਦਾ ਤਵੱਕੋ ਦਿੰਦੇ।

ਉਪਰਲੀ ਲਿਪਾ-ਪੋਤੀ ਉਹਨਾਂ ਦੇ ਜ਼ਿਆਦਾ ਕੰਮ ਆਉਣ ਵਾਲੀ ਨਹੀਂ। ਹੁਣ ਵੇਲਾ ਆ ਗਿਆ ਹੈ ਕਿ ਜਨਤਾ ਇਹਨਾਂ ਸਾਰਿਆਂ ਮੁੱਦਿਆਂ ਤੇ ਸੋਚ ਵਿਚਾਰ ਕਰੇ ਅਤੇ ਸਹੀ ਪੈਂਤੜਾ ਅਪਣਾ ਕੇ ਆਪਣੀ ਕਚਹਿਰੀ ਵਿਚੋਂ ਗੁਨਾਹਗਾਰਾਂ ਨੂੰ ਮੇਚ ਦੀ ਸਜ਼ਾ ਨਿਸਚਿਤ ਕਰਨ ਦੀ ਤਿਆਰੀ ਕਰ ਲਵੇ ਨਹੀਂ ਤਾਂ ਵੇਲਾ ਲੰਘ ਗਿਆ ਤਾਂ ਪਛਤਾਵਾ ਹੀ ਰਹਿ ਜਾਵੇਗਾ।

--------

# ਲੜਕੀਆਂ ਤੇ ਵੱਧ ਰਹੇ ਅਪਰਾਧ ਹਨ ਸਮਾਜ ਅਤੇ ਦੇਸ਼ ਲਈ ਖਤਰਨਾਕ



ਕੁਲਦੀਪ ਚੰਦ
91-9417563054

24 ਜਨਵਰੀ, 2015 ਨੂੰ ਭਾਰਤ ਵਿੱਚ ਰਾਸ਼ਟਰੀ ਬਾਲਿਕਾ ਦਿਵਸ ਮਨਾਇਆ ਜਾਂਦਾ ਹੈ। ਰਾਸ਼ਟਰੀ ਬਾਲਿਕਾ ਦਿਵਸ ਦੀ ਸ਼ੁਰੂਆਤ ਸਾਲ 2009 ਤੋਂ ਸ਼ੁਰੂ ਕੀਤੀ ਗਈ। ਸਰਕਾਰ ਨੇ ਇਸ ਲਈ 24 ਜਨਵਰੀ ਦਾ ਦਿਨ ਚੁਣਿਆ ਕਿਉਂਕਿ ਇਹ ਉਹ ਦਿਨ ਸੀ ਜਦੋਂ 1966 ਵਿੱਚ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਨੇ ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨਮੰਤਰੀ ਦੇ ਤੌਰ ਤੇ ਸੌਂਹ ਚੁੱਕੀ ਸੀ। ਇਸ ਮੌਕੇ ਤੇ ਸਰਕਾਰ ਵੱਲੋਂ ਕਈ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਮਹਿਲਾ ਅਤੇ ਬਾਲ ਵਿਕਾਸ ਵਿਭਾਗ ਆਪਣੇ ਪੱਧਰ ਤੇ ਸਮਾਜ ਵਿੱਚ ਬਾਲ ਕੰਨਿਆਵਾਂ ਨੂੰ ਉਹਨਾਂ ਦੇ ਅਧਿਕਾਰਾਂ ਦੇ ਪ੍ਰਤੀ ਜਾਗਰੂਕ ਬਣਾਉਣ ਦੇ ਲਈ ਪ੍ਰੋਗਰਾਮ ਕਰਦਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਅੱਜ ਭਾਵੇਂ ਅਸੀਂ 21 ਸਦੀ ਵਿੱਚ ਪਹੁੰਚ ਗਏ ਹਾਂ ਪਰ ਅੱਜ ਵੀ ਸਾਡੀ ਸੋਚ ਕੁੜੀਆਂ ਬਾਰੇ ਸਦੀਆਂ ਪੁਰਾਣੀ ਹੈ। ਅੱਜ ਸਾਡੇ ਦੇਸ਼ ਵਿੱਚ ਹਰ ਰੋਜ਼ ਨਿੱਕੀਆਂ ਮਾਸੂਮ ਬੱਚੀਆਂ ਦੇ ਨਾਲ ਬਲਾਤਕਾਰ ਹੋ ਰਹੇ ਹਨ। ਉਹਨਾਂ ਨੂੰ ਸਕੂਲਾਂ ਵਿਚ ਭੇਜਣ ਦੀ ਥਾਂ ਤੇ ਘਰਾਂ ਵਿੱਚ ਨੌਕਰਾਂ ਦੀ ਤਰ੍ਹਾਂ ਕੰਮ ਕਰਵਾਇਆ ਜਾਂਦਾ ਹੈ। ਬੱਚੀਆਂ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਗਰਭ ਵਿੱਚ ਖਤਮ ਕੀਤਾ ਜਾ ਰਿਹਾ ਹੈ। ਨਵਜੰਮੀਆਂ ਬੱਚੀਆਂ ਨੂੰ ਕੂੜੇ ਦੇ ਢੇਰਾਂ ਅਤੇ ਨਾਲੇ-ਨਾਲੀਆਂ ਵਿੱਚ ਸੁੱਟਿਆ ਜਾ ਰਿਹਾ ਹੈ ਜਿੱਥੇ ਕਿ ਕੁੱਤੇ ਅਤੇ ਹੋਰ ਜੰਗਲੀ ਜਾਨਵਰ ਉਹਨਾਂ ਦਾ ਮਾਸ ਨੋਚ-ਨੋਚ ਕੇ ਖਾ ਰਹੇ ਹਨ। ਕੀ ਬਾਲਿਕਾ ਦਿਵਸ ਮਨਾਉਣ ਨਾਲ ਮਾਸੂਮ ਬੱਚੀਆਂ ਤੇ ਹੋ ਰਿਹਾ ਇਹ ਸਾਰਾ ਜ਼ੁਲਮ ਖਤਮ ਹੋ ਜਾਵੇਗਾ। ਜਿਸ ਸਮਾਜ ਅਤੇ ਦੇਸ਼ ਵਿੱਚ ਮਾਸੂਮ ਬੱਚੀਆਂ ਨਹੀਂ ਰਹਿਣਗੀਆਂ ਉਥੇ ਬਾਲਿਕਾ ਦਿਵਸ ਮਨਾਉਣ ਦਾ ਕੀ ਫਾਇਦਾ ਹੈ। ਸਾਡੇ ਦੇਸ਼ ਵਿੱਚ ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਪਹਿਲ ਦਿੱਤੀ ਜਾਂਦੀ ਹੈ ਜਿਸ ਕਾਰਨ ਬਹੁਤੇ ਘਰਾਂ ਵਿੱਚ ਕੁੜੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਕੁੜੀਆਂ ਨੂੰ ਅਕਸਰ ਸਰਕਾਰੀ ਸਕੂਲਾਂ ਵਿੱਚ ਜਦਕਿ ਮੁੰਡਿਆਂ ਨੂੰ ਵਧੀਆਂ ਪ੍ਰਾਇਵੇਟ ਸਕੂਲਾਂ ਵਿੱਚ ਪੜ੍ਹਾਇਆਂ ਜਾਂਦਾ ਹੈ। ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਵਧੀਆਂ ਕੱਪੜੇ, ਵਧੀਆਂ ਖਾਣਾ ਅਤੇ ਜ਼ਿਆਦਾ ਜੇਬ ਖਰਚ ਦਿੱਤਾ ਜਾਂਦਾ ਹੈ, ਜਦਕਿ ਕੁੜੀਆਂ ਨੂੰ ਪਰਾਏ ਘਰ ਜਾਣ ਵਾਲੀ ਕਹਿ ਕੇ ਪੱਖਪਾਤ ਕੀਤਾ ਜਾਂਦਾ ਹੈ। ਸਾਡੇ ਸਮਾਜ ਵਿੱਚ ਅਕਸਰ ਹੀ ਕੁੜੀ ਨੂੰ ਪਰਾਏ ਧੰਨ ਅਤੇ ਬੋਝ ਦੇ ਰੂਪ ਵਿੱਚ ਵੇਖਿਆ ਜਾਂਦਾ ਹੈ। ਪਰਿਵਾਰ ਵਿੱਚ ਕੁੜੀ ਦਾ ਪੈਦਾ ਹੋਣਾ ਇਕ ਸੋਗਮਈ ਘਟਨਾ ਸਮਝੀ ਜਾਂਦੀ ਰਹੀ ਹੈ। ਉਸਨੂੰ ਪੈਦਾ ਹੁੰਦੇ ਹੀ ਮਾਰ ਦਿੱਤਾ ਜਾਂਦਾ ਰਿਹਾ ਹੈ, ਕਿਉਂਕਿ ਮਾਪਿਆਂ ਨੂੰ ਉਹਦੀ ਸੁਰੱਖਿਆਂ ਅਤੇ ਦਾਜ ਦੀ ਚਿੰਤਾ ਵੱਢ-ਵੱਢ ਖਾਂਦੀ ਰਹਿੰਦੀ ਹੈ। ਦਾਜ ਘੱਟ ਲਿਆਉਣ ਕਰਕੇ ਨਵੀਆਂ ਵਿਆਹੀਆਂ ਕੁੜੀਆਂ ਨੂੰ ਸਾੜ ਕੇ ਮਾਰ ਦੇਣਾ ਜਾਂ ਜ਼ਹਿਰ ਦੇਣ ਦੀਆਂ ਘਟਨਾਵਾਂ ਆਮ ਸੁਨਣ ਅਤੇ ਦੇਖਣ ਵਿਚ ਮਿਲਦੀਆਂ ਹਨ। ਬਾਲ ਵਿਆਹ ਦੀ ਕੁਪ੍ਰਥਾ ਜੋਕਿ ਸੱਖਤ ਕਨੂੰਨ ਹੋਣ ਦੇ ਬਾਬਜੂਦ ਕਾਇਮ ਹੈ ਸਾਡੇ ਸਮਾਜ ਨੂੰ ਕਲੰਕਿਤ ਕਰ ਰਹੀ ਹੈ। ਭਾਰਤ ਦੀ ਇਹ ਬਦਕਿਸਮਤੀ ਹੈ ਕਿ ਇੱਕ ਪਾਸੇ ਕੰਨਿਆ ਪੂਜਨ ਵਰਗੇ ਧਾਰਮਿਕ ਮੌਕਿਆਂ ਤੇ ਪੂਜਨ ਕਰਦੇ ਹਾਂ ਪਰ ਜਦੋਂ ਖੁਦ ਦੇ ਘਰ ਕੰਨਿਆ ਜਨਮ ਲੈਂਦੀ ਹੈ ਤਾਂ ਮਾਹੌਲ ਸੋਗਮਈ ਬਣਾ ਲੈਂਦੇ ਹਾਂ। ਇਹ ਹਾਲਤ ਭਾਰਤ ਦੇ ਲੱਗਭੱਗ ਹਰ ਹਿੱਸੇ ਵਿੱਚ ਹੈ। ਭਾਰਤ ਵਿੱਚ ਜੇਕਰ ਲਿੰਗ ਅਨੁਪਾਤ ਦੇਖਿਆ ਜਾਵੇ ਤਾਂ ਬੇਹੱਦ ਨਿਰਾਸ਼ਾਜਨਕ ਹੈ। ਭਾਰਤ ਵਿਸ਼ਵ ਵਿੱਚ ਚੀਨ ਤੋਂ ਬਾਅਦ ਇਕ ਅਰਬ ਦੀ ਆਬਾਦੀ ਪਾਰ ਕਰਨ ਵਾਲਾ ਦੂਜਾ ਦੇਸ਼ ਬਣ ਗਿਆ ਹੈ। ਦੇਸ਼ ਦੀ ਆਬਾਦੀ ਵਿਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੇ ਅਤੇ 2011 ਦੀ ਜਨਗਣਨਾ ਅਨੁਸਾਰ ਦੇਸ਼ ਦੀ ਅਬਾਦੀ 1.03 ਅਰਬ ਤੋਂ ਵਧਕੇ ਲੱਗਭੱਗ 1.21 ਅਰਬ ਹੋ ਗਈ ਹੈ ਪਰ ਜੇਕਰ ਕੁਝ ਘਟਿਆ ਹੈ ਤਾਂ ਉਹ ਹੈ 0-6 ਸਾਲ ਦਾ ਬਾਲ ਲਿੰਗ ਅਨੁਪਾਤ। ਭਾਰਤ ਵਿਚ 1991 ਦੀ ਮਰਦਮਸ਼ੁਮਾਰੀ ਵਿਚ ਪ੍ਰਤੀ 1000 ਮੁੰਡਿਆਂ ਦੇ ਮੁਕਾਬਲੇ 945 ਕੁੜੀਆਂ ਸਨ ਜੋਕਿ 2001 ਵਿੱਚ ਘੱਟ ਕੇ 927 ਰਹਿ ਗਈਆਂ ਸਨ ਅਤੇ 2011 ਵਿੱਚ ਹੋਰ ਘਟਕੇ 914 ਰਹਿ ਗਈਆਂ ਹਨ। ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਵਿੱਚ 2011 ਵਿੱਚ ਇਨ੍ਹਾਂ ਦੀ ਗਿਣਤੀ 867 ਰਹਿ ਗਈ ਹੈ, ਹਰਿਆਣਾ ਵਿੱਚ ਇਨ੍ਹਾਂ ਦੀ ਗਿਣਤੀ 830 ਰਹਿ ਗਈ ਹੈ, ਹਿਮਾਚਲ ਪ੍ਰਦੇਸ਼ ਵਿੱਚ ਇਹ ਗਿਣਤੀ ਘੱਟ ਕੇ 906 ਰਹਿ ਗਈ ਹੈ, ਜੰਮੂ ਕਸ਼ਮੀਰ ਵਿੱਚ ਇਹ ਗਿਣਤੀ 859 ਹੋ ਗਈ ਹੈ। ਅਧੁਨਿਕ ਤਕਨਾਲੋਜੀ ਦਾ ਸਹਾਰਾ ਲੈਕੇ ਲੜਕੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਗਰਭ ਵਿੱਚ ਖਤਮ ਕੀਤਾ ਜਾ ਰਿਹਾ ਹੈ। ਲੈਂਸੇਟ ਪੱਤ੍ਰਿਕਾ ਵਿੱਚ ਛਪੇ ਇੱਕ ਅਧਿਐਨ ਦੇ ਨਤੀਜਿਆਂ ਅਨੁਸਾਰ ਸਾਲ 1980 ਤੋਂ 2010 ਦੇ ਵਿੱਚ ਇਸ ਤਰ੍ਹਾਂ ਦੇ ਗਰਭਪਾਤਾਂ ਦੀ ਸੰਖਿਆ 42 ਲੱਖ ਤੋਂ 01 ਕਰੋੜ 21 ਲੱਖ ਦੇ ਵਿਚਕਾਰ ਰਹੀ ਹੈ। 'ਸੈਂਟਰ ਫਾਰ ਸ਼ੋਸ਼ਲ ਰਿਸਰਚ' ਦਾ ਅਨੁਮਾਨ ਹੈ ਕਿ ਬੀਤੇ 20 ਸਾਲਾਂ ਵਿੱਚ ਭਾਰਤ ਵਿੱਚ ਕੰਨਿਆ ਭਰੂਣ ਹੱਤਿਆ ਦੇ ਕਾਰਨ ਇੱਕ ਕਰੋੜ ਤੋਂ ਵੱਧ ਬੱਚੀਆਂ ਜਨਮ ਹੀ ਨਹੀਂ ਲੈ ਸਕੀਆਂ ਹਨ। ਅੰਤਰਰਾਸ਼ਟਰੀ ਸੰਸਥਾ ਯੂਨੀਸੈਫ਼ ਅਨੁਸਾਰ ਬੰਬਈ ਵਿੱਚ 1984 ਵਿੱਚ 8000 ਗਰਭਪਾਤ ਕੀਤੇ ਗਏ ਜਿਸ ਵਿੱਚੋਂ 7999 ਭਰੂਣ ਲੜਕੀਆਂ ਸਨ ਜਦਕਿ ਸਿਰਫ ਇੱਕ ਭਰੂਣ ਲੜਕੇ ਦਾ ਸੀ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ 130 ਮਿਲੀਅਨ ਬੱਚੇ ਸਕੂਲ ਨਹੀਂ ਜਾਂਦੇ ਹਨ ਜਿਹਨਾਂ ਵਿੱਚੋਂ 60 ਫੀਸਦੀ ਲੜਕੀਆਂ ਹਨ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੀ ਇੱਕ ਰਿਪੋਰਟ ਅਨੁਸਾਰ 5 ਤੋਂ 17 ਸਾਲ ਤੱਕ ਦੀਆਂ 100 ਮਿਲੀਅਨ ਲੜਕੀਆਂ ਮਜ਼ਦੂਰੀ ਕਰਦੀਆਂ ਹਨ ਜਿਹਨਾਂ ਵਿੱਚੋਂ 50 ਫੀਸਦੀ ਉਦਯੋਗਾਂ ਵਿੱਚ ਕੰਮ ਕਰਦੀਆਂ ਹਨ ਜਦਕਿ ਇਹਨਾਂ ਵਿੱਚੋਂ 20 ਫੀਸਦੀ ਦੀ ਉਮਰ 12 ਸਾਲ ਤੋਂ ਘੱਟ ਹੈ। ਦਿੱਲੀ ਦੀ ਇੱਕ ਗੈਰ ਸਰਕਾਰੀ ਸੰਸਥਾ 'ਸ਼ਾਕਸ਼ੀ' ਨੇ 357 ਸਕੂਲਾਂ ਵਿੱਚ ਸਰਵੇ ਕਰਵਾਇਆ ਜਿਸ ਅਨੁਸਾਰ 63 ਫੀਸਦੀ ਲੜਕੀਆਂ ਨੇ ਮੰਨਿਆ ਕਿ ਉਹਨਾਂ ਦਾ ਗੰਭੀਰ ਸਰੀਰਕ ਸੋਸ਼ਣ ਜਾਂ ਬਲਾਤਕਾਰ ਕੀਤਾ ਗਿਆ ਜਦਕਿ 29 ਫੀਸਦੀ ਨਾਲ ਜ਼ਬਰਦਸਤੀ ਓਰਲ ਸੈਕਸ ਅਤੇ ਸਰੀਰਕ ਛੇੜਖਾਨੀ ਕੀਤੀ ਗਈ। ਇਹਨਾਂ ਸਾਰੇ ਕੇਸਾਂ ਵਿੱਚੋਂ ਲੜਕੀਆਂ ਦਾ ਯੌਨਸੋਸ਼ਣ ਕਰਨ ਵਾਲੇ 30 ਫੀਸਦੀ ਪਰਿਵਾਰਕ ਮੈਂਬਰ ਹੀ ਸਨ। ਭਾਰਤ ਵਿੱਚ ਮਾਨਸਿਕਤਾ ਹੈ ਕਿ ਲੜਕੇ ਸੰਪਤੀ ਹਨ ਅਤੇ ਕੁੜੀਆਂ ਕਰਜ਼ਾ ਹਨ। ਇੱਕ ਪਾਸੇ ਦੇਸ਼ ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਦੇ ਮੁਕਾਬਲੇ ਘਟਦੀ ਜਾ ਰਹੀ ਹੈ ਦੂਜੇ ਪਾਸੇ ਲੜਕੀਆਂ ਪ੍ਰਤੀ ਅਪਰਾਧ ਵੱਧ ਰਹੇ ਹਨ ਜੋਕਿ ਦੇਸ਼ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹੈ।




ਅੱਜ ਪੰਜਾਬ ਵਰਗੇ ਵਿਕਸਿਤ ਸੂਬੇ ਨੂੰ ਕੁੜੀਮਾਰ ਦਾ ਨਾਮ ਦਿਤਾ ਜਾਂਦਾ ਹੈ। ਭਾਰਤ ਵਿੱਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਵਿੱਚ ਅਨਪੜਤਾ ਜਿਆਦਾ ਹੈ। ਲੜਕੀਆਂ ਵਿੱਚ ਸ਼ਰੀਰਕ ਤੋਰ ਤੇ ਕਮਜ਼ੋਰੀ ਦੇਸ਼ ਦੇ ਭਵਿੱਖ ਲਈ ਚਿੰਤਾਜਨਕ ਹੈ। ਸਿਹਤ ਸਬੰਧੀ ਸਮੇਂ ਸਮੇਂ ਤੇ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਸਪੱਸ਼ਟ ਪਤਾ ਚੱਲਦਾ ਹੈ ਕਿ ਲੜਕੀਆਂ ਲੜਕਿਆਂ ਦੇ ਮੁਕਾਬਲੇ ਸਿਹਤ ਪੱਖੋਂ ਕਮਜ਼ੋਰ ਹਨ। ਦੇਸ਼ ਵਿੱਚ ਵੱਧ ਰਹੇ ਅਪਰਾਧਾਂ ਦਾ ਸਭਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈ ਰਿਹਾ ਹੈ।

ਮਹਿਲਾਵਾਂ ਦੀ ਭਲਾਈ ਲਈ ਸੱਖਤ ਕਨੂੰਨ ਅਤੇ ਯੋਜਨਾਵਾਂ ਹੋਣ ਦੇ ਬਾ-ਬਜੂਦ ਮਹਿਲਾਵਾਂ ਤੇ ਅਤਿਆਚਾਰ ਦਿਨ ਪ੍ਰਤੀ ਦਿਨ ਵੱਧ ਰਹੇ ਹਨ। ਹਾਲਾਤ ਇੱਥੋਂ ਤੱਕ ਖਸਤਾ ਹੈ ਕਿ ਕਈ ਵਾਰ ਕਨੂੰਨ ਦੇ ਰਾਖੇ ਵੀ ਇਨ੍ਹਾਂ ਅਪਰਾਧਾਂ ਵਿੱਚ ਦੋਸ਼ੀ ਹੁੰਦੇ ਹਨ। ਸਰਕਾਰ ਵਲੋਂ ਮਹਿਲਾਵਾਂ ਅਤੇ ਲੜਕੀਆਂ ਦੇ ਵਿਕਾਸ ਲਈ ਬਣਾਈਆਂ ਗਈਆਂ ਯੋਜਨਾਵਾਂ ਵੀ ਅਸਰਦਾਇਕ ਸਾਬਤ ਨਹੀਂ ਹੋ ਰਹੀਆਂ ਹਨ। ਅੱਜ ਦੀਆਂ ਬਾਲਿਕਾਵਾਂ ਜੀਵਨ ਦੇ ਹਰੇਕ ਖੇਤਰ ਵਿੱਚ ਅੱਗੇ ਵੱਧ ਰਹੀਆਂ ਹਨ ਭਾਵੇਂ ਉਹ ਖੇਤਰ ਖੇਡਾਂ ਹੋਵੇ ਜਾਂ ਰਾਜਨੀਤੀ, ਘਰ ਹੋਵੇ ਜਾਂ ਉਦਯੋਗ, ਖੇਡਾਂ ਦੀ ਦੁਨੀਆਂ ਵਿੱਚ ਜੇਕਰ ਸਾਇਨਾ ਨੇਹਵਾਲ ਵਰਗੀਆਂ ਕੁੜੀਆਂ ਆਪਣਾ ਹੌਂਸਲਾ ਦਿਖਾ ਰਹੀਆਂ ਹਨ ਤਾਂ ਉਥੇ ਕਈ ਹੋਰ ਪੱਧਰਾਂ ਤੇ ਵਿਭਿੰਨ ਕੁੜੀਆਂ ਸਮਾਜ ਵਿੱਚ ਆਪਣਾ ਰੁਤਬਾ ਵਧਾ ਰਹੀਆਂ ਹਨ ਪਰ ਇਨ੍ਹਾਂ ਦੀ ਗਿਣਤੀ ਕਾਫੀ ਘਟ ਹੈ।

ਸਿਹਤਮੰਦ ਅਤੇ ਸਿੱਖਿਅਤ ਕੰਨਿਆਵਾਂ ਆਉਣ ਵਾਲੇ ਸਮੇਂ ਦੀ ਮੁੱਖ ਜ਼ਰੂਰਤ ਹਨ ਕਿਉਂਕਿ ਇਹੀ ਆਉਣ ਵਾਲੇ ਸਮਾਜ ਨੂੰ ਸਹੀ ਰਾਹ ਦਿਖਾ ਸਕਦੀਆਂ ਹਨ। ਇੱਕ ਬੇਹਤਰੀਨ ਪਤਨੀ, ਮਾਂ, ਕਰਮਚਾਰੀ, ਨੇਤਾ ਅਤੇ ਹੋਰ ਖੇਤਰਾਂ ਵਿੱਚ ਇਹ ਆਪਣੇ ਯੋਗਦਾਨ ਰਾਹੀਂ ਦੇਸ਼ ਦੇ ਵਿਕਾਸ ਵਿੱਚ ਸਹਾਇਕ ਸਿੱਧ ਹੋਣਗੀਆਂ। ਪਰ ਇਹ ਸਾਰਾ ਕੁਝ ਤਾਂ ਹੀ ਸੰਭਵ ਹੋਵੇਗਾ ਜਦੋਂ ਦੇਸ਼ ਵਿੱਚ ਕੰਨਿਆ ਜਨਮ ਦਰ ਵਿੱਚ ਵਾਧਾ ਹੋਵੇਗਾ। ਜੇਕਰ ਅਸੀਂ ਅਸਲੀਅਤ ਵਿੱਚ ਦੇਸ ਦਾ ਵਿਕਾਸ ਕਰਨਾਂ ਚਾਹੁੰਦੇ ਹਾਂ ਤਾਂ ਲੜਕੀਆਂ ਦੇ ਵਿਕਾਸ ਲਈ ਅਸਰਦਾਇਕ ਯੋਜਨਾਵਾਂ ਬਣਾਉਣੀਆਂ ਅਤੇ ਸੱਖਤੀ ਨਾਲ ਲਾਗੂ ਕਰਨੀਆਂ ਚਾਹੀਦੀਆਂ ਹਨ। ਇਸ ਲਈ ਸਭ ਤੋਂ ਜ਼ਿਆਦਾ ਲੜਕੀਆਂ ਦੀ ਜਾਗਰੂਕਤਾ ਜਰੂਰੀ ਹੈ। ਸਿੱਖਿਆ ਢਾਂਚਾ ਅਜਿਹਾ ਹੋਣਾ ਚਾਹੀਦਾ ਹੈ ਕਿ ਬੱਚਿਆਂ ਨੂੰ ਕੁੜੀ-ਮੁੰਡੇ ਦੇ ਵਿੱਚ ਕਿਸੇ ਭੇਦਭਾਵ ਦਾ ਅਹਿਸਾਸ ਨਾ ਹੋਵੇ। ਉਹ ਇੱਕ ਦੂਜੇ ਨੂੰ ਬਰਾਬਰ ਸਮਝਣ। ਦੇਸ ਦੇ ਨੀਤੀ ਨਿਰਮਾਤਾਵਾਂ ਨੂੰ ਲੜਕੀਆਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ ਵਿੱਚ ਲੜਕੀਆਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ ਨਹੀਂ ਤਾਂ ਅੱਜ ਦੇ ਦਿਨ ਦੀ ਵੀ ਕੋਈ ਖਾਸ ਮਹੱਤਤਾ ਨਹੀਂ ਰਹੇਗੀ ਅਤੇ ਇਸ ਦਿਨ ਕਰਵਾਏ ਜਾਣ ਵਾਲੇ ਸਮਾਗਮ ਇੱਕ ਖਾਨਾਪੂਰਤੀ ਹੀ ਬਣਕੇ ਰਹਿ ਜਾਣਗੇ।

ਰਸਤੇ ਭਾਵੇਂ ਕਿੰਨੇ ਵੀ ਮੁਸ਼ਕਿਲ ਹੋਣ ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਹਰ ਰਾਤ ਦੇ ਬਾਅਦ ਸਵੇਰਾ ਹੁੰਦਾ ਹੀ ਹੈ। ਅੱਜ ਭਾਵੇਂ ਕੁੜੀਆਂ ਦੇ ਵਿਕਾਸ ਦੇ ਕੰਮਾਂ ਵਿੱਚ ਹਜ਼ਾਰਾਂ ਔਂਕੜਾਂ ਹੋਣ ਪਰ ਇੱਕ ਸਮੇਂ ਦੇ ਬਾਅਦ ਜੇਕਰ ਸਰਕਾਰ ਨੇ ਸਹੀ ਕਦਮ ਚੁੱਕੇ ਤਾਂ ਹਾਲਾਤ ਜ਼ਰੂਰ ਬਦਲਣਗੇ ਅਤੇ ਆਉਣ ਵਾਲਾ ਸਮਾਂ ਭਾਰਤ ਵਿੱਚ ਮਹਿਲਾ ਸਸ਼ਕਤੀਕਰਨ ਦੀ ਨਵੀਂ ਇਬਾਰਤ ਲਿਖੇਗਾ ਜਿਸ ਵਿੱਚ ਅੱਜ ਦੀਆਂ ਕੁੜੀਆਂ ਦੀ ਬੇਹੱਦ ਅਹਿਮ ਭੂਮਿਕਾ ਹੋਵੇਗੀ।

## "ਮਾਂ"

ਹਰ ਗੱਲ ਹਰ ਕੰਮ-ਕਾਰ 'ਚ ਮੇਰੇ ਨਾਲ ਖਲੋਈ ਮਾਂ,
ਮੇਰੇ ਇਕ-ਇਕ ਦੁੱਖ ਦੇ ਕਾਰਨ ਕਿੰਨਾ ਰੋਈ ਮਾਂ,

ਤੇਰੀ ਹਰ ਕੁਰਬਾਨੀ ਨੂੰ ਮੈਂ ਅੱਖੀਂ ਤੱਕਿਆ ਏ
ਫਰਜਾਂ ਵਾਲੀ ਭਾਰੀ ਪੰਡ ਤੂੰ ਸਿਰ ਤੇ ਢੋਈ ਮਾਂ,

ਦੂਰ ਨਹੀਂ ਤੂੰ ਮੇਰੇ ਤੋਂ, ਮੇਰੇ ਕੋਲ ਹੀ ਰਹਿੰਦੀ ਏਂ
ਬਣ ਕੇ ਯਾਦਾਂ ਦਿਲ ਮੇਰੇ ਦੇ ਵਿਚ ਸਮੋਈ ਮਾਂ,

ਰੱਬ ਦੀ ਨੀਵੀਂ ਤੇਰੀ ਫੋਟੋ ਉੱਚੀ ਲਾਈ ਏ
ਰੱਬ ਤੋਂ ਉੱਚੀ ਮੇਰੇ ਲਈ ਥਾਂ ਤੇਰੀ ਹੋਈ ਮਾਂ,

ਅਗਲੀ ਵਾਰ ਵੀ ਤੇਰੀ ਕੁੱਖੋਂ ਜਨਮ ਮੇਰਾ ਹੋਵੇ
ਉਸ ਸੱਚੇ ਕਰਤਾਰ ਤੋਂ ਮੇਰੀ ਇਹ ਅਰਜੋਈ ਮਾਂ,

ਅਸੀਂ ਬਥੇਰੇ ਫੁਲਕੇ ਖਾਦੇ ਤੇਰੇ ਹੱਥਾਂ ਦੇ
ਹੁਣ ਜਦ ਬਹਿ ਕੇ ਖਾਣ ਦੀ ਵਾਰੀ ਇਹ ਕੀ ਹੋਈ ਮਾਂ,



"ਸ਼ਾਯਦ" ਸੰਭਲ ਗਿਆ ਹੁਣ ਦੁੱਖ ਵੀ ਜ਼ਰਨਾ ਸਿੱਖਿਆ ਏ
ਮੈਨੂੰ ਜਿਉਣ ਦੇ ਕਾਬਿਲ ਕਰਕੇ ਕਿਉਂ ਤੂੰ ਮੋਈ ਮਾਂ,
ਕਿਉਂ ਤੂੰ ਮੋਈ ਮਾਂ, ਕਿਉਂ ਤੂੰ ਮੋਈ ਮਾਂ

- ਬਸੰਤ ਕੁਮਾਰ "ਸ਼ਾਯਦ"
(09855178626)



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

Buy Quality Used Trucks

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।

ਅਸੀਂ ਮਿੱਟੀ ਲੋਡ ਕਰਨ ਵਾਲੇ ਟਰੱਕ ਵੀ ਵੇਚਦੇ ਹਾਂ।





**Call : Dharminder Singh**

Cell : 530-870-6600 Fax : 530-405-1429

Email: myfuturetruck@gmail.com

2535 Front St. West Sacramento, CA 95691

# A & S

## Auto Repair & Services

Specializing in Brakes & Axles

ਬਰੇਕ ਅਤੇ ਐਕਸਲ ਰਿਪੇਅਰ ਅਤੇ ਸਰਵਿਸ ਕਰਨ ਦੇ ਮਾਹਿਰ

ਸਭ ਕਾਰਾਂ ਲਈ ਤੇਲ ਸਰਵਿਸ ਦੇ ਨਾਲ ਮੁਫਤ ਟਾਇਰ ਰੋਟੇਸਨ ਅਤੇ ਇੰਸਪੈਕਸ਼ਨ

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more



Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431

649 W. Elkhorn Blvd. Suite B2

Rio Linda, CA 95673



Amarjit Sandhu

ਦੇਸ਼ ਦੁਆਬਾ

# ਭਾਰਤੀ ਸੰਵਿਧਾਨ ਨੇ ਸਭ ਨੂੰ ਬਰਾਬਰ ਦਾ ਅਧਿਕਾਰ ਦਿੱਤਾ

ਭਾਰਤ ਦਾ ਸੰਵਿਧਾਨ 26 ਨਵੰਬਰ 1949 ਨੂੰ ਬਣ ਕੇ ਤਿਆਰ ਹੋ ਗਿਆ ਸੀ ਅਤੇ ਇਹ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ ਸੀ। ਭਾਰਤ ਦੇ ਸੰਵਿਧਾਨ ਨੂੰ ਬਣਾਉਣ ਵਿਚ ਸਭ ਤੋਂ ਵੱਧ ਯੋਗਦਾਨ ਬਾਬਾ ਸਾਹਿਬ ਡਾ. ਅੰਬੇਦਕਰ ਦਾ ਸੀ। ਉਹਨਾਂ ਦੀ ਹੀ ਬਦੌਲਤ ਭਾਰਤ ਦੇ ਮੂਲ ਨਿਵਾਸੀ ਲੋਕਾਂ ਨੂੰ ਅਤੇ ਸਮੂਹ ਭਾਰਤ ਦੀ ਔਰਤ ਜਾਤੀ ਨੂੰ ਬਰਾਬਰ ਦੇ ਹੱਕ ਮਿਲੇ। ਭਾਰਤ ਦਾ ਸੰਵਿਧਾਨ ਜੋ ਦੁਨੀਆਂ ਦਾ ਸਭ ਤੋਂ ਵੱਡਾ ਅਤੇ ਵਿਸਥਾਰਿਤ ਸੰਵਿਧਾਨ ਹੈ, ਨੇ ਭਾਰਤ ਦਾ ਭਵਿੱਖ ਸਿਰਜਣ ਲਈ ਹਰ ਤਰ੍ਹਾਂ ਨਾਲ ਰਾਹ ਪੱਧਰਾ ਕੀਤਾ। ਭਾਰਤ ਜਾਤੀਵਾਦ, ਧਾਰਮਿਕ ਕੱਟੜਤਾ, ਫਿਰਕਿਆਂ ਵਿਚ ਵੰਡਿਆ ਇਕ ਅਜਿਹਾ ਮੁਲਕ ਹੈ, ਜੋ ਬ੍ਰਾਹਮਣ, ਵੈਸ਼, ਕਸ਼ੱਤਰੀ ਤੋਂ ਇਲਾਵਾ ਭਾਰਤੀ ਦਾ ਮੂਲ ਨਿਵਾਸੀ ਵਰਗ ਜਿਸ ਨੂੰ ਅਤੀ-ਸ਼ੂਦਰ ਕਿਹਾ ਗਿਆ, ਨੂੰ ਵੀ 6 ਹਜ਼ਾਰ ਤੋਂ ਵੀ ਵੱਧ ਜਾਤਾਂ ਵਿਚ ਵੰਡ ਦਿੱਤਾ ਗਿਆ।

ਇਹ ਇਕ ਅਜਿਹਾ ਸਮਾਜ ਸੀ, ਜਿਹੜਾ ਕਦੀ ਵੀ ਟੁੱਟ ਸਕਦਾ ਸੀ, ਕਦੀ ਵੀ ਬਗਾਵਤ ਖੜ੍ਹੀ ਹੋ ਸਕਦੀ ਸੀ, ਕਦੀ ਵੀ ਖੂਨ ਖਰਾਬਾ ਹੋ ਸਕਦਾ ਸੀ। ਦਲਿਤ ਵਰਗ ਛੂਤਛਾਤ, ਜਾਤੀ ਅਪਮਾਨ ਅਤੇ ਸਮਾਜ ਤੋਂ ਦੂਰ ਕੀਤਾ ਹੋਇਆ ਇਕ ਵਰਗ ਸੀ। ਪੱਛੜੇ ਅਤੇ ਆਦਿਵਾਸੀ ਵਰਗਾਂ ਨੂੰ ਜੰਗਲਾਂ ਅਤੇ ਵੀਰਾਨ ਇਲਾਕਿਆਂ ਵਿਚ ਰਹਿਣ ਲਈ ਮਜਬੂਰ ਕੀਤਾ ਗਿਆ ਸੀ। ਜੀਵਨ ਪੱਧਰ ਉਚਾ ਚੁੱਕਣ ਅਤੇ ਸਮਾਜ ਦੇ ਨਾਲ ਰਲ ਕੇ ਚੱਲਣ ਦੇ ਸਾਰੇ ਹੱਕ-ਹਕੂਕ ਖੋਹ ਲਏ ਗਏ ਸਨ। ਸਿਸਟਮ ਉਤੇ ਉਚ ਜਾਤੀਆਂ ਦਾ ਦਬਦਬਾ ਸੀ ਜੋ ਅੱਜ ਤੱਕ ਜਾਰੀ ਹੈ, ਰਾਜ ਸ਼ਾਸਨ, ਪ੍ਰਸ਼ਾਸਨ ਅਤੇ ਮੁਲਕ ਲਈ ਫੈਸਲੇ ਲੈਣ ਵਾਲੀਆਂ ਸੰਸਥਾਵਾਂ ਵਿਚ ਭਾਰਤ ਦੇ 80 ਫੀਸਦੀ ਲੋਕਾਂ ਦੀ ਕੋਈ ਹਿੱਸੇਦਾਰੀ ਨਹੀਂ ਸੀ। ਉਹਨਾਂ ਦੀ ਕਿਸਮਤ ਦਾ ਫੈਸਲਾ ਮਹਿਲਾਂ ਅਤੇ ਜਾਗੀਰਦਾਰਾਂ ਦੀਆਂ ਹਵੇਲੀਆਂ ਵਿਚ ਹੁੰਦਾ ਸੀ। ਪ੍ਰਸ਼ਾਸਨ ਆਮ ਆਦਮੀ ਨੂੰ ਇਨਸਾਫ ਦੇਣ ਲਈ ਨਹੀਂ ਬਲਕਿ ਉਚ ਜਾਤੀਆਂ ਦੀ ਸੱਤਾ ਬਚਾਉਣ ਲਈ ਕੰਮ ਕਰਦਾ ਸੀ।

26 ਜਨਵਰੀ 1950 ਨੂੰ ਜਦੋਂ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਤਾਂ ਇਸ ਸੰਵਿਧਾਨ ਨੇ ਇਕ ਹੀ ਝਟਕੇ ਵਿਚ ਹਰ ਕਿਸਮ ਦੀ ਗੁਲਾਮੀ ਦੇ ਰੱਸੇ ਤੋੜ ਦਿੱਤੇ। ਭਾਰਤ ਦੇ ਹਰੇਕ ਨਾਗਰਿਕ ਨੂੰ ਬਰਾਬਰ ਦਾ ਹੱਕ ਮਿਲਿਆ। ਸਦੀਆਂ ਦੀ ਗੁਲਾਮੀ ਦਾ ਇਸ ਸੰਵਿਧਾਨ ਨੇ ਇਕੋ ਸਾਹੇ ਅੰਤ ਕਰ ਦਿੱਤਾ। ਜਨਤਾ ਦਾ, ਜਨਤਾ ਲਈ ਅਤੇ ਜਨਤਾ ਦੁਆਰਾ ਰਾਜ ਅਪਣਾਇਆ ਗਿਆ। ਪਰ ਜੋ ਜਾਤੀ ਵਿਵਸਥਾ ਸਦੀਆਂ ਤੋਂ ਚੱਲੀ ਆ ਰਹੀ ਹੈ, ਉਸ ਨੂੰ ਤੋੜਨਾ ਇੰਨਾ ਆਸਾਨ ਨਹੀਂ ਸੀ। ਸੰਵਿਧਾਨ ਨੇ ਆਪਣਾ ਕੰਮ ਕੀਤਾ ਪਰ ਸਮਾਜ ਵਿਚ ਵੜੀਆਂ ਇਹ ਬੁਰਾਈਆਂ ਦੇ ਰੱਸੇ ਇੰਨੀ ਜਲਦੀ ਤੋੜ ਸਕਣੇ ਸੰਭਵ ਨਹੀਂ ਸਨ। ਇਸ ਦੇ ਲਈ ਲਗਾਤਾਰ ਸੰਘਰਸ਼, ਮਿਹਨਤ ਅਤੇ ਜਾਗਰੂਕਤਾ ਫੈਲਾਉਣ ਦੀ ਲੋੜ ਹੈ। ਇਸ ਕਾਰਨ ਕਈ ਵਾਰ ਟਕਰਾਅ ਦੀ ਨੌਬਤ ਵੀ ਆ ਜਾਂਦੀ ਹੈ ਪਰ ਟਕਰਾਅ ਕਿਸੇ ਸਮੱਸਿਆ ਦਾ ਹੱਲ ਨਹੀਂ, ਬਲਕਿ ਦੱਬੇ-ਕੁਚਲੇ ਵਰਗਾਂ ਦੇ ਲੋਕਾਂ ਨੂੰ ਸਿੱਖਿਆ ਅਤੇ ਕਾਬਲੀਅਤ ਗ੍ਰਹਿਣ ਕਰਕੇ ਆਪਣੀ ਹਾਲਤ ਸੁਧਾਰਨਾ ਪਵੇਗਾ ਤਾਂ ਹੀ ਭਾਰਤੀ ਸੰਵਿਧਾਨ ਦੇ ਆਦਰਸ਼ਾਂ ਦੀ ਪੂਰਤੀ ਹੋ ਸਕੇਗੀ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼ੰਕਾ-ਨਵਿਰਤੀ- 35



ਮੇਘ ਰਾਜ ਮਿੱਤਰ
+91-98887-87440

? ਖੰਭਾਂ ਵਾਲੇ ਕੀੜੇ ਮੀਂਹ ਦੀ ਰੁੱਤ ਵਿੱਚ ਹੀ ਕਿਉਂ ਬਾਹਰ ਨਿਕਲਦੇ ਹਨ।

* ਖੰਭਾਂ ਵਾਲੇ ਕੀੜਿਆਂ ਦੀਆਂ ਖੁੱਡਾਂ ਵਿੱਚ ਮੀਂਹਾਂ ਸਮੇਂ ਪਾਣੀ ਭਰ ਜਾਂਦਾ ਹੈ। ਇਸ ਲਈ ਇਹ ਬਾਹਰ ਨਿਕਲ ਆਉਂਦੇ ਹਨ।

? ਜੋ ਮੱਕੜੀ ਜਾਲਾ ਬਣਾਉਂਦੀ ਹੈ, ਅਸੀਂ ਉਸ ਧਾਗੇ ਨੂੰ ਕਿਉਂ ਨਹੀਂ ਵਰਤਦੇ। ਅਜਿਹਾ ਕਿਉਂ?

* ਮੱਕੜੀ ਦੁਆਰਾ ਬਣਾਇਆ ਗਿਆ ਧਾਗਾ ਬਹੁਤ ਥੋੜ੍ਹਾ ਹੁੰਦਾ ਹੈ ਇਸ ਲਈ ਇਸ ਦੀ ਵਰਤੋਂ ਨਹੀਂ ਕੀਤੀ ਜਾਂਦੀ ਪਰ ਆਉਣ ਵਾਲੇ ਸਮੇਂ ਵਿੱਚ ਮੱਕੜੀ ਦੇ ਧਾਗੇ ਮਜ਼ਬੂਤ ਹੋਣ ਕਰਕੇ ਬਹੁਤ ਲਾਹੇਵੰਦ ਹੋਣਗੇ। ਉੱਡਣ ਵਾਲੇ ਗੁਬਾਰਿਆਂ ਅਤੇ ਪੈਰਾਸ਼ੂਟ ਦੀਆਂ ਰੱਸੀਆਂ ਵਿੱਚ ਇਹਨਾਂ ਦੀ ਵਰਤੋਂ ਹੋਵੇਗੀ।

? ਜਾਨਵਰ ਜੁਗਾਲੀ ਕਿਉਂ ਕਰਦੇ ਹਨ।

* ਕ੍ਰੋੜਾਂ ਸਾਲ ਧਰਤੀ ਤੇ ਰਹਿਣ ਵਾਲੇ ਜੀਵਾਂ ਦਾ ਆਪਸ ਵਿੱਚ ਅਤੇ ਆਲੇ-ਦੁਆਲੇ ਦੀਆਂ ਹਾਲਤਾਂ ਨਾਲ ਸੰਘਰਸ਼ ਜਾਰੀ ਰਿਹਾ ਹੈ ਜੋ ਅਜੇ ਵੀ ਜਾਰੀ ਹੈ। ਜੀਵ ਵਿਕਾਸ ਦੇ ਇਸ ਸਮੇਂ ਦੌਰਾਨ ਮੱਝਾਂ ਤੇ ਗਾਵਾਂ ਆਦਿ ਦੀਆਂ ਨਸਲਾਂ ਪੈਦਾ ਹੋ ਗਈਆਂ। ਇਹ ਨਸਲਾਂ ਸ਼ਾਕਾਹਾਰੀ ਸਨ, ਤੇ ਮਾਸਾਹਾਰੀ ਜਾਨਵਰ ਇਹਨਾਂ ਦੇ ਸ਼ਿਕਾਰ ਦੀ ਤਾਕ ਵਿੱਚ ਰਹਿੰਦੇ ਸਨ। ਇਸ ਲਈ ਜਦੋਂ ਇਹਨਾਂ ਨੂੰ ਮੌਕਾ ਮਿਲਦਾ ਤਾਂ ਇਹ ਛੇਤੀ ਆਪਣਾ ਭੋਜਨ ਚਰ ਕੇ ਲੁਕਵੀਆਂ ਥਾਵਾਂ ਤੇ ਬੈਠਦੇ ਸਨ ਅਤੇ ਫਿਰ ਇਸ ਨੂੰ ਚੰਗੀ ਤਰ੍ਹਾਂ ਚਿੱਥ ਕੇ ਖਾਂਦੀਆਂ ਸਨ। ਉਹਨਾਂ ਦੀ ਇਸ ਕਿਰਿਆ ਨੂੰ ਜੁਗਾਲੀ ਕਰਨਾ ਆਖਦੇ ਹਨ।

? ਕੀ ਕੋਈ ਪੰਛੀ ਬਰਫੀਲੀ ਜਗ੍ਹਾ ਤੇ ਵੀ ਅੰਡੇ ਦਿੰਦੇ ਹਨ।

* ਬਹੁਤ ਸਾਰੇ ਪੰਛੀ ਅਜਿਹੇ ਹੁੰਦੇ ਹਨ ਜਿਹੜੇ ਬਰਫੀਲੀਆਂ ਥਾਵਾਂ 'ਤੇ ਵੀ ਅੰਡੇ ਦਿੰਦੇ ਹਨ।

? ਅਕਸਰ ਹੀ ਕਿਹਾ ਜਾਂਦਾ ਹੈ ਕਿ ਖਰਬੂਜਾ ਖਾਣ ਤੋਂ ਬਾਅਦ ਪਾਣੀ ਪੀਣ ਨਾਲ ਹੈਜਾ ਹੋ ਜਾਂਦਾ ਹੈ। ਕੀ ਇਹ ਗੱਲ ਠੀਕ ਹੈ।

* ਹੈਜਾ ਜੀਵਾਣੂਆਂ ਰਾਹੀਂ ਫੈਲਦਾ ਹੈ। ਇਸਦਾ ਖਰਬੂਜੇ ਜਾਂ ਤਰਬੂਜ ਨਾਲ ਕੋਈ ਸੰਬੰਧ ਨਹੀਂ ਹੈ ਪਰ ਸਫਾਈ ਤਾਂ ਰੱਖਣੀ ਹੀ ਚਾਹੀਦੀ ਹੈ। ਤਰਬੂਜ ਅਤੇ ਖਰਬੂਜੇ ਗਰਮੀਆਂ ਦਾ ਫਲ ਹਨ। ਹੈਜੇ ਦਾ ਜੀਵਾਣੂ ਵੀ ਗਰਮੀਆਂ ਵਿੱਚ ਵੱਧ ਵਧਦਾ-ਫੁਲਦਾ ਹੈ। ਇਸ ਲਈ ਹੀ ਹੈਜੇ ਨੂੰ ਤਰਬੂਜ ਤੇ ਖਰਬੂਜਿਆਂ ਨਾਲ ਜੋੜ ਦਿੱਤਾ ਜਾਂਦਾ ਹੈ।

? ਸਾਡੇ ਗੁਆਂਢੀ ਘਰ ਵਿਚ ਕਈ ਵਾਰੀ ਜਗਰਾਤਾ ਕਰਵਾਉਂਦੇ ਹਨ ਉਥੇ ਕਈ ਬਾਬੇ ਚੌਂਕੀ ਭਰਨ ਸਮੇਂ ਰਾਤ ਨੂੰ 12 ਵਜੇ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਕਹਿੰਦੇ ਹਨ ਪੌਣ ਆਉਂਦੀ ਹੈ ਤਾਂ ਉਹ ਆਪਣੇ ਪਿੰਡੇ ਤੇ 10-12 ਕਿਲੋ ਦੀਆਂ ਛੈਣਾਂ (ਲੋਹੇ ਦੀਆਂ ਸੰਗਲੀਆਂ) ਮਾਰਦੇ ਹਨ ਕੀ ਉਹਨਾਂ ਵਿੱਚ ਕੋਈ ਸੱਚਮੁੱਚ ਸ਼ਕਤੀ ਹੁੰਦੀ ਹੈ।

* ਸਚਾਈ ਇਹ ਹੈ ਕਿ ਦੁੱਖ ਦੋ ਤਰ੍ਹਾਂ ਦਾ ਹੁੰਦਾ ਹੈ। ਦੁੱਖ ਦੀ ਪਹਿਲੀ ਕਿਸਮ ਉਹ ਹੁੰਦੀ ਹੈ ਜਿਹੜੀ ਸਾਡੀ ਮਰਜ਼ੀ ਅਨੁਸਾਰ ਆਉਂਦੀ ਹੈ। ਦੁੱਖ ਦੀ ਦੂਜੀ ਕਿਸਮ ਸਾਡੀ ਇੱਛਾ ਦੇ ਵਿਰੁੱਧ ਹੁੰਦੀ ਹੈ। ਇਸ ਲਈ ਇੱਛਾ ਅਨੁਸਾਰ ਆਇਆ, ਦੁੱਖ ਬਰਦਾਸਤ ਕਰਨਾ ਸੁਖਾਲਾ ਹੁੰਦਾ ਹੈ। ਇੱਛਾ ਵਿਰੁੱਧ ਮਿਲਿਆ ਦੁੱਖ ਅਸਹਿ ਹੋ ਜਾਂਦਾ ਹੈ। ਇਸਾਈ ਆਪਣੇ ਹੱਥਾਂ ਵਿੱਚ ਮੇਖਾਂ ਠੁਕਵਾ ਲੈਂਦੇ ਹਨ ਤੇ ਮੁਸਲਮਾਨ ਤਾਜੀਏ ਕੱਢਦੇ ਲਹੂ-ਲੁਹਾਣ ਹੋ ਜਾਂਦੇ ਹਨ। ਇਹ ਸਾਰੇ ਦੁੱਖ ਉਨ੍ਹਾਂ ਦੀ ਇੱਛਾ ਅਨੁਸਾਰ ਹੁੰਦੇ ਹਨ। ਇਸ ਲਈ ਇਹ ਦੁੱਖ-ਦੁੱਖ ਨਹੀਂ ਰਹਿੰਦੇ। ਇਸ ਵਰਤਾਰੇ ਪਿੱਛੇ ਕੋਈ ਸ਼ਕਤੀ ਕੰਮ ਨਹੀਂ ਕਰਦੀ।

? ਸੁਣਨ ਵਿਚ ਆਇਆ ਹੈ ਕਿ ਕਾਲੀ ਮਾਤਾ ਸ਼ਰਾਬ ਦਾ ਹਵਨ ਮੰਨਦੀ ਹੈ ਚੜ੍ਹਾਵੇ ਵਿੱਚ ਸ਼ਰਾਬ ਸ਼ਰਧਾਲੂਆਂ ਤੋਂ ਮੰਗਦੀ ਹੈ। ਮੰਦਰ ਵਿਚ ਦੇਖਿਆ ਵੀ ਹੈ। ਕੀ ਇਹ ਠੀਕ ਹੈ।

* ਸ਼ਰਾਬ ਕਾਲੀ ਮਾਤਾ ਨਹੀਂ ਮੰਗਦੀ ਸਗੋਂ ਇਸਦੇ ਪੁਜਾਰੀ ਮੰਗਦੇ ਹਨ। ਕਿਉਂਕਿ ਮਾਤਾ ਜੇ ਸ਼ਰਾਬ ਪੀਵੇਗੀ ਤਾਂ ਉਸਦੇ ਢਿੱਡ ਵਿੱਚ ਵੀ ਭੋਜਨ ਨਾਲੀ ਦੀ ਲੋੜ ਹੋਵੇਗੀ ਅਤੇ ਇਸ ਭੋਜਨ ਨੂੰ ਸਰੀਰ ਦੇ ਵੱਖ-ਵੱਖ ਅੰਗਾਂ ਵਿੱਚ ਪਹੁੰਚਾਉਣ ਲਈ ਖੂਨ ਵੀ ਦੌਰਾ ਕਰਦਾ ਹੋਵੇਗਾ। ਖੂਨ ਦੇ ਦੌਰੇ ਲਈ ਦਿਲ ਵੀ ਹੋਵੇਗਾ। ਇਸ ਤਰ੍ਹਾਂ ਇਹ ਸਾਰੇ ਸਿਸਟਮ ਹੋਣ 'ਤੇ ਹੀ ਦੇਵੀ ਮਾਤਾ ਸ਼ਰਾਬ ਪੀ ਸਕਦੀ ਹੈ। ਨਹੀਂ ਤਾਂ ਨਹੀਂ।

? ਸਾਡੇ ਪਿੰਡ ਵਿਚ ਭਗਤ ਬਹੁਤ ਹਨ। ਸਾਰੇ ਹੀ ਚੌਂਕੀ ਭਰਦੇ ਹਨ ਪੌਣ ਵੀ ਆਉਂਦੀ ਹੈ ਅਤੇ ਹੁਣ ਖੇੜਾ ਵੀ ਬਣਵਾਇਆ ਗਿਆ ਹੈ। ਇਸ ਨਾਲ ਕੁਝ ਫ਼ਰਕ ਪੈਂਦਾ ਹੈ?


* ਪਿੰਡ ਵਿਚ ਹਸਪਤਾਲ ਹੋਵੇ ਜਾਂ ਨਾ ਹੋਵੇ ਪਰ ਡੇਰਾ ਜ਼ਰੂਰ ਹੋਵੇਗਾ। ਕਿਉਂਕਿ ਇਸ ਨਾਲ ਮਿਹਨਤ ਤੋਂ ਬਗੈਰ ਹੀ ਕਮਾਈ ਸ਼ੁਰੂ ਹੋ ਜਾਂਦੀ ਹੈ। ਇਸ ਲਈ ਇਹ ਵਿਅਕਤੀ ਕਿਸੇ ਵਿਸ਼ੇਸ਼ ਦਿਨ 'ਤੇ ਆਪਣੇ ਵਿੱਚ ਪੌਣ ਲਿਆਉਣ ਦਾ ਡਰਾਮਾ ਰਚਣਾ ਸ਼ੁਰੂ ਕਰ ਦਿੰਦੇ ਹਨ।

? ਮੈਨੂੰ ਜਵਾਲਾ ਜੀ ਜਾਣ ਦਾ ਮੌਕਾ ਮਿਲਿਆ ਮੈਂ ਉਥੇ ਕੀ ਵੇਖਿਆ ਕਿ ਪਾਣੀ ਵਿੱਚ ਅੱਗ ਨਿਕਲਦੀ ਹੈ ਅਤੇ ਉੱਥੋ ਦੇ ਪੰਡਿਤ ਦੱਸ ਰਹੇ ਸੀ ਕਿ ਜੋ ਪਾਣੀ 'ਚੋਂ ਅੱਗ ਨਿਕਲ ਰਹੀ ਹੈ, ਇਸ ਨੂੰ ਤਾਂ ਵਿਗਿਆਨੀ ਵੀ ਨਹੀਂ ਦੱਸ ਸਕੇ। ਉੱਥੇ ਅਜਿਹਾ ਕਿਉਂ ਹੈ, ਜ਼ਰੂਰ ਦੱਸੋ?

* ਇਸ ਗੱਲ ਦੀ ਵਿਆਖਿਆ ਪਹਿਲਾਂ ਹੀ ਕਿਤਾਬਾਂ ਵਿੱਚ ਕੀਤੀ ਜਾ ਚੁੱਕੀ ਹੈ। ਕੁਦਰਤੀ ਵਰਤਾਰੇ ਸਮੁੱਚੇ ਸੰਸਾਰ ਵਿੱਚ ਕਰੋੜਾਂ ਥਾਵਾਂ 'ਤੇ ਉਪਲਬਧ ਹਨ। ਪਰ ਅਜਿਹੇ ਸਥਾਨਾਂ ਦੀ ਧਾਰਮਿਕ ਮੰਤਵਾਂ ਲਈ ਵਰਤੋਂ ਸਿਰਫ ਭਾਰਤ ਵਿਚ ਹੀ ਹੁੰਦੀ ਹੈ। ਧਰਤੀ ਉਤੇ ਕਈ ਦੀਪ ਅਜਿਹੇ ਹਨ ਜਿੱਥੇ ਹਰ ਸਮੇਂ ਅੱਗਾਂ ਨਿਲਦੀਆਂ ਰਹਿੰਦੀਆਂ ਹਨ। ਪਰ ਉੱਥੇ ਕੋਈ ਵੀ ਧਾਰਮਿਕ ਸਥਾਨ ਨਹੀਂ ਬਣਿਆ ਹੋਇਆ। ਲਾਟਾਂ ਦਾ ਕਾਰਨ ਵਿਗਿਆਨਕ ਹੈ। ਧਰਤੀ ਵਿਚੋਂ ਰਿਸਦੀਆਂ ਗੈਸਾਂ ਕਾਰਨ ਹੀ ਵਾਪਰ ਰਿਹਾ ਹੈ। ਪਰ ਭਾਰਤ ਸਰਕਾਰ ਵਿਗਿਆਨੀਆਂ ਨੂੰ ਇਸ ਗੱਲ ਦੀ ਵਿਆਖਿਆ ਕਰਨੋਂ ਹਮੇਸ਼ਾ ਹੀ ਰੋਕਦੀ ਰਹਿੰਦੀ ਹੈ।

? ਹਿੰਦੂ ਮਿਥਿਹਾਸ ਤੇ ਸਿੱਖ ਇਤਿਹਾਸ ਵਿੱਚ ਕੀ ਫ਼ਰਕ ਹੈ? (ਮੇਰਾ ਇਹ ਸਵਾਲ ਸੰਪਰਦਾਇਕਤਾ ਦੇ ਤੌਰ 'ਤੇ ਨਹੀਂ ਹੈ।)

* ਦੁਨੀਆਂ ਦੀ ਕਿਸੇ ਵੀ ਲਾਇਬ੍ਰੇਰੀ 'ਚ ਚਲੇ ਜਾਓ, ਜਿਸ ਅਲਮਾਰੀ ਵਿੱਚ ਹਿੰਦੂ ਧਰਮ ਦੇ ਗ੍ਰੰਥ ਪਏ ਹੋਣਗੇ, ਉਸ ਸ਼ੈਲਫ 'ਤੇ ਲਿਖਿਆ ਹੋਵੇਗਾ, ਜਿਸਦਾ ਸਾਫ ਮਤਲਬ ਹੈ 'ਹਿੰਦੂਆਂ ਦੇ ਮਿਥਿਹਾਸਕ ਗ੍ਰੰਥ'। ਸਿੱਖਾਂ ਦੀਆਂ ਕਿਤਾਬਾਂ ਜਿੱਥੇ ਵੀ ਪਈਆਂ ਹੋਣਗੀਆਂ, ਉੱਥੇ ਲਿਖਿਆ ਹੋਵੇਗਾ, Sikh History ਜਿਸਦਾ ਮਤਲਬ ਹੈ। 'ਸਿੱਖ ਇਤਿਹਾਸ'। ਹਿੰਦੂਆਂ ਦੇ ਗ੍ਰੰਥ ਤਿੰਨ ਕੁ ਹਜ਼ਾਰ ਸਾਲ ਪਹਿਲਾਂ ਰਚੇ ਗਏ ਸਨ। ਇਸ ਲਈ ਇਹਨਾਂ ਵਿੱਚ ਬਹੁਤ ਸਾਰੀਆਂ ਮਿਥਿਹਾਸਕ ਗੱਲਾਂ ਰਲ ਗਈਆਂ ਹਨ। ਸਿੱਖਾਂ ਦੇ ਗ੍ਰੰਥ 16ਵੀਂ ਸਦੀ ਤੋਂ 18ਵੀਂ ਸਦੀ ਦੇ ਵਿਚਕਾਰ ਰਚੇ ਗਏ। ਉਸ ਸਮੇਂ ਛਾਪੇਖਾਨੇ ਦੀ ਖੋਜ ਹੋ ਚੁੱਕੀ ਸੀ। ਇਸ ਲਈ ਸਿੱਖ ਧਰਮ ਵਾਲੇ ਗ੍ਰੰਥਾਂ ਵਿੱਚ ਕਾਫੀ ਹੱਦ ਤੱਕ ਸੱਚਾਈ ਹੈ।



# ਪੁਣਛਾਣ



ਪੰਮੀ ਲਾਲੋ ਮਜਾਰਾ
91-95011-43755

## ਇਕ ਸਲਵਿੰਦਰ ਸਿੰਘ ਨਹੀਂ ਹਜ਼ਾਰਾਂ ਹੀ ਹਨ

ਪਠਾਨਕੋਟ ਦੇ ਅਗਵਾ ਐਸ. ਪੀ. ਸਲਵਿੰਦਰ ਸਿੰਘ ਤੇ ਹਨੀ ਟਰੈਪ ਤੋਂ ਬਾਅਦ ਦੂਸਰਾ ਵਿਆਹ ਕਰਵਾਉਣ ਦਾ ਹੁਣ ਇਕ ਨਵਾਂ ਦੋਸ਼ ਲੱਗਾ ਹੈ। ਇਹ ਤਾਂ ਭਲਾ ਹੋਵੇ ਡੀ. ਜੀ. ਪੀ. ਸੁਰੇਸ਼ ਅਰੋੜਾ ਦਾ, ਜਿਸਨੇ ਤੁਰੰਤ ਇਸ ਸਬੰਧ ਸਿੱਧੇ ਜਾਂਚ ਦੇ ਹੁਕਮ ਦਿੱਤੇ ਹਨ, ਵਰਨਾ ਇੱਥੇ ਪੁਲਿਸ ਵਾਲਿਆਂ ਦੇ ਖਿਲਾਫ ਦਿੱਤੀਆਂ ਦਰਖਾਸਤਾਂ ਨੂੰ ਪੁੱਛਦਾ ਹੀ ਕੌਣ ਹੈ। ਪੰਜਾਬ ਪੁਲਿਸ ਵਿਚ ਇਕ ਸਲਵਿੰਦਰ ਸਿੰਘ ਨਹੀਂ ਹੈ ਸਗੋਂ ਹਜ਼ਾਰਾਂ ਹੀ ਹਨ, ਜਿਹਨਾਂ ਨੇ ਧੋਖੇ ਨਾਲ ਦੋ-ਦੋ ਵਿਆਹ ਕਰਵਾਏ ਹੋਏ ਹਨ। ਪਰ ਪੁਲਿਸ ਮੁਲਾਜ਼ਮ ਹੋਣ ਦਾ ਸਭ ਤੋਂ ਵੱਡਾ ਫਾਇਦਾ ਇਹੀ ਹੈ ਕਿ ਪੁਲਿਸ ਵਾਲਾ ਕਿੱਡਾ ਵੀ ਵੱਡਾ ਗੁਨਾਹ ਕਿਉਂ ਨਾ ਕਰ ਦੇਵੇ, ਉਹਦੀ ਜਾਂਚ ਪੜਤਾਲ ਦੇ ਨਾਂ ਤੇ ਤੁਰੰਤ ਗ੍ਰਿਫਤਾਰੀ ਨਹੀਂ ਹੋਵੇਗੀ ਸਗੋਂ ਦੋਸ਼ ਸਾਬਤ ਹੋਣ ਤੇ ਸਜ਼ਾ ਦੇ ਨਾਂ ਤੇ, ਸਿਰਫ ਇਕ ਸਾਲ ਜਾਂ ਦੋ ਸਾਲ ਦੀ ਸਰਵਿਸ ਹੀ ਕੱਟੀ ਜਾਵੇਗੀ। ਮੁਲਾਜ਼ਮ ਚਾਹੇ ਤਾਂ ਡੀ. ਆਈ. ਜੀ. ਦੇ ਅਪੀਲ ਕਰਕੇ 'ਕੱਟੀ ਹੋਈ ਸਰਵਿਸ ਮੁੜ ਵੀ ਬਹਾਲ ਕਰਵਾ ਸਕਦਾ ਹੈ।'

## ਐਹੋ ਜਿਹੇ ਗੀਤਾਂ ਦੇ ਸਿਰ 'ਚ ਸੁਆਹ

ਮਾਸੀ ਦੇ ਗਈ ਸੀ ਤੇ ਭੂਆ ਦੇ ਗਈ ਸੀ। ਚਾਚੀ ਦੇ ਗਈ ਸੀ ਤੇ ਤਾਈ ਦੇ ਗਈ ਸੀ। ਸਪੀਕਰ ਤੋਂ ਅਨਾਊਂਸਮੈਂਟ ਕਰਵਾ ਦਿਓ ਕਿ ਹੈਲੋ, ਹੈਲੋ, ਇਕ ਕੁੜੀ ਸ਼ਹਿਰ ਨੂੰ ਜਾਂਦੀਆਂ। ਲੱਕ 28 ਕੁੜੀ ਦਾ, 47 ਵੇਟ ਕੁੜੀ ਦਾ। ਸਾਡੇ ਜਿਹੇ ਲੰਡਰਾਂ ਨੂੰ ਕਿਹਨੇ ਪੁੱਛਦਾ, ਉਹਦੇ ਵਾਲਾ ਸੁਣਿਆ 4 ਤਾਂ ਬਾਹਰ ਦੇ। ਯਾਰ ਤੇਰਾ ਚੁੱਕ ਲਿਆ ਚੌਂਕ 'ਚੋਂ, ਜਿਹੜਾ ਕਰਦਾ ਸੀ ਨਾਗਿਣੀ ਬਲੈਕ ਨੀ। ਚਮਕੀਲੇ ਨੂੰ ਮਾੜਾ ਕਹਿਣ ਵਾਲਿਆਂ ਦਾ, ਐਹੋ ਜਿਹੇ ਗੀਤਾਂ ਬਾਰੇ ਕੀ ਵਿਚਾਰ ਆ, ਜ਼ਰਾ ਦੱਸਣ ਦੀ ਖੇਚਲ ਕਰਨ। ਕਿਤੇ ਇਸ ਕਰਕੇ ਚਮਕੀਲੇ ਨੂੰ ਟਾਰਗੇਟ ਤਾਂ ਨੀ ਮਾਰਨ ਤੋਂ ਬਾਅਦ ਵੀ ਕੀਤਾ ਜਾਂਦਾ ਕਿ ਉਹ ਦਲਿਤ ਸਮਾਜ ਨਾਲ ਸਬੰਧਤ ਸੀ। ਸਾਡੀ ਸਭ ਦੀ ਕੋਸ਼ਿਸ਼ ਇਹੀ ਹੋਣੀ ਚਾਹੀਦੀ ਹੈ ਕਿ ਜਿਹੜਾ ਅਸ਼ਲੀਲਤਾ ਨੂੰ ਚਾਂਦੀ ਦਾ ਵਰਕ ਲਾ ਕੇ ਪਰੋਸਦਾ, ਉਹਦਾ ਬਾਈਕਾਟ ਹੋਣਾ ਹੀ ਚਾਹੀਦਾ ਹੈ। ਉਹ ਕਲੰਕ ਕਾਰਾ ਚਾਹੇ ਕਿਸੇ ਵੀ ਬਰਾਦਰੀ ਦਾ ਕਿਉਂ ਨਾ ਹੋਵੇ।

## ਪਹਿਲਾਂ ਸੁਖਵੀਰ ਭਾਜੀ ਨੂੰ ਪੁੱਛਣਾ ਪਊ

ਦੁਆਬੇ ਦਾ ਇਕ ਦਲਿਤ ਆਗੂ, ਜੋ ਅਕਾਲੀ ਸਰਕਾਰ ਵਿਚ ਵਿਧਾਇਕ ਵੀ ਹੈ, ਦੇ ਇਕ ਸ਼ੁਭਚਿੰਤਕ ਨੇ ਕਿਹਾ ਕਿ ਐਤਕੀ ਜਦ ਵਿਧਾਨ ਸਭਾ ਦਾ ਸੈਸ਼ਨ ਚੱਲੂਗਾ ਤਾਂ ਤੁਸੀਂ ਸਵਾਲ ਕਰਿਓ ਕਿ ਕੇਂਦਰ ਸਰਕਾਰ ਨੇ ਹੁਣ ਤੱਕ ਦਲਿਤਾਂ ਦੀ ਭਲਾਈ ਵਾਸਤੇ ਕਿੰਨਾ ਪੈਸਾ ਭੇਜਿਆ, ਕਿੰਨਾ ਖਰਚ ਹੋਇਆ ਤੇ ਕਿੰਨਾ ਵਾਪਸ ਚਲਾ ਗਿਆ। ਅੱਗੋਂ ਦਲਿਤ ਵਿਧਾਇਕ ਮੂੰਹ ਜਿਹਾ ਬਣਾ ਕੇ ਕਹਿਣ ਲੱਗਾ ਕਿ ਸਵਾਲ ਕਰਨ ਲਈ ਪਹਿਲਾਂ ਸੁਖਬੀਰ ਭਾਜੀ ਨੂੰ ਪੁੱਛਣਾ ਪਊ। ਜਿਹੜਾ ਦਲਿਤ ਵਿਧਾਇਕ ਹੋ ਕੇ ਜੁਰਅਤ ਨਾਲ ਆਪਣੇ ਸਮਾਜ ਦੀ ਖਾਤਰ ਇਕ ਸਦਨ ਵਿਚ ਖੜ੍ਹ ਕੇ ਸਵਾਲ ਨੀ ਪੁੱਛ ਸਕਦਾ, ਉਹ ਆਪਣੇ ਸਮਾਜ ਦਾ ਹੋਰ ਕੀ ਫਾਇਦਾ ਕਰ ਸਕਦਾ ਹੈ।

## ਚਮੜੇ ਤੇ ਟੈਕਸ ਨਾ ਲਾਇਓ- ਲੈਦਰ ਤੇ ਲਾ ਦਿਓ

ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿਚ ਇਕ ਅਜਿਹਾ ਅਨਪੜ੍ਹ ਕਾਂਗਰਸੀ ਵਜ਼ੀਰ ਵੀ ਹੋਇਆ- ਜਿਹਨੇ ਚੰਡੀਗੜ੍ਹ ਵਿਧਾਨ ਸਭਾ 'ਚ ਖੜ੍ਹ ਕੇ ਚੀਕ-ਚੀਕ ਕੇ ਕਿਹਾ ਸੀ ਕਿ ਚਮੜੇ ਤੇ ਟੈਕਸ ਨਾ ਲਾਇਓ, ਰੱਬ ਦਾ ਵਾਸਤਾ, ਲੈਦਰ ਤੇ ਬੇਸ਼ੱਕ ਲਾ ਦਿਓ।

## ਨਾਲੇ ਆਪ ਮਰੀ ਮਰਜਾਣੀ

ਲੁਧਿਆਣੇ ਦਾ ਇਕ ਚੜ੍ਹਦੀ ਵਰੇਸ ਦਾ ਸੂਫੀ ਗਾਇਕ ਜੋ ਸਟੇਜ ਤੇ ਚੜ੍ਹਨ ਤੋਂ ਪਹਿਲਾਂ ਇਕ ਮੋਟਾ ਜਿਹਾ ਪਟਿਆਲਾ ਪੈਗ ਲਾਉਣਾ ਆਪਣਾ ਧਰਮ ਸਮਝਦਾ, ਨੂੰ ਨਵੇਂ ਸ਼ਹਿਰ ਦੇ ਇਕ ਅਮੀਰ ਪਰਿਵਾਰ ਤੇ ਘਰੋਂ ਚੰਗੀ ਤਰ੍ਹਾਂ ਬੇਇੱਜ਼ਤ ਕਰਕੇ, ਇਸ ਕਰਕੇ ਕੱਢ ਦਿੱਤਾ ਸੀ ਕਿ ਗਾਇਕ ਨੇ ਉਹਨਾਂ ਦੀ ਧੀ ਤੇ ਡੋਰੇ ਪਾ ਲਏ ਸੀ। ਹਾਲਾਂਕਿ ਗਾਇਕ ਕੁੜੀ ਕੋਲੋਂ ਉਹਦੇ ਮਾਪਿਆਂ ਦੇ ਸਾਹਮਣੇ ਰੱਖੜੀ ਬਨ੍ਹਾਉਂਦਾ ਰਿਹੈ। ਹੁਣ ਕੁੜੀ ਤਾਂ ਕਿਤੇ ਯੂਰਪ 'ਚ ਵਿਆਹੀ ਗਈ ਤੇ ਸੂਫੀ ਗਾਇਕ, ਕਪੂਰਥਲੇ ਜ਼ਿਲ੍ਹੇ ਨਾਲ ਸਬੰਧਤ ਇਕ ਪ੍ਰਸਿੱਧ ਗੀਤਕਾਰ ਤੋਂ ਗੀਤ ਲਿਖਵਾ ਕੇ ਉਸ ਕੁੜੀ ਨੂੰ ਸਟੇਜ 'ਚੋਂ ਰੱਬ ਵਰਗੇ ਸਰੋਤਿਆਂ ਮੂਹਰੇ ਭੰਡ ਰਿਹੈ। ਗੀਤ ਦੇ ਬੋਲ ਹਨ, 9 ਸਾਲ ਦੀ ਮਿਹਨਤ ਮੇਰੀ ਬੇਕਾਰ ਗਈ, ਨਾਲੇ ਆਪ ਮਰੀ ਮਰਜਾਣੀ, ਨਾਲੇ ਮੈਨੂੰ ਮਾਰ ਗਈ। ਮੈਂ ਉਸ ਗੀਤਕਾਰ ਨੂੰ ਕਿਹਾ ਕਿ ਹੁਣ ਤੂੰ ਵੀ ਬਚ ਕੇ ਰਹੀਂ।

## ਜੱਟ ਪ੍ਰਮਾਣੂ ਬੰਬ ਵਰਗਾ

ਮੈਂ ਇਕ ਦਿਨ ਟੀ. ਵੀ. ਚੈਨਲ ਤੇ ਇਕ ਗਾਇਕ ਦਾ ਗੀਤ ਸੁਣ ਰਿਹਾ ਸੀ, ਜਿਸਦੇ ਬੋਲ ਸਨ, ਕਿ 'ਜੱਟ ਪ੍ਰਮਾਣੂ ਬੰਬ ਵਰਗਾ, ਜਿੱਥੇ ਚੱਲ ਗਿਆ ਮੁਕਾ ਦੂਗਾ ਨਸਲਾਂ'। ਮੈਂ ਸੋਚਾਂ ਵਿਚ ਪੈ ਗਿਆ ਕਿ ਇਸ ਤਰ੍ਹਾਂ ਕਿਵੇਂ ਹੋ ਸਕਦੈ। ਜਿੱਥੇ ਜੱਟਾਂ ਦੀ ਹਾਲਤ ਪਾਣੀ ਤੋਂ ਪਤਲੀ ਹੋ ਗਈ ਹੋਵੇ, ਜਿੱਥੇ ਜੱਟ ਦਿਹਾੜੀਆਂ ਕਰਨ ਲਈ ਮਜਬੂਰ ਹੋਵੇ। ਜਿੱਥੇ ਜੱਟ ਹਰ ਰੋਜ਼ ਉਸ ਰੱਸੇ ਨਾਲ ਬੇਇਮਾਨ ਸ਼ਾਸਕਾਂ ਤੋਂ ਤੰਗ ਹੋ ਕੇ ਖੁਦਕੁਸ਼ੀਆਂ ਕਰਦੇ ਹੋਣ, ਜਿਸ ਰੱਸੇ ਨੂੰ ਬੋਹੜਾਂ ਪਿੱਪਲਾਂ ਤੇ ਲਮਕਾ ਕੇ, ਕਦੇ ਜੱਟ ਪੀਂਘ ਪਾ ਕੇ ਝੂਟੇ ਲਿਆ ਕਰਦੇ ਸਨ, ਜਿੱਥੇ ਜੱਟਾਂ ਨੂੰ ਨਸ਼ਿਆਂ ਦੀ ਦਲਦਲ 'ਚ ਧੱਕ ਦਿੱਤਾ ਗਿਆ ਹੋਵੇ, ਉਹ ਜੱਟ ਪ੍ਰਮਾਣੂ ਬੰਬ ਬਣ ਕੇ ਕਿੱਦਾਂ ਨਸਲਾਂ ਮੁਕਾ ਦਿਊ, ਜਦਕਿ ਪੰਜਾਬ 'ਚ ਜੱਟਾਂ ਦੀ ਨਸਲ ਖੁਦ ਅਲੋਪ ਹੋਣ ਦੇ ਕੰਢੇ 'ਤੇ ਹੈ।

## ਮੈਂ ਭਾਬੀ ਤੇ ਪਰਚਾ ਨਹੀਂ ਹੋਣ ਦੇਣਾ

ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਦੇ ਗਪੌੜੀ ਡਾਇਲਾਗਾਂ ਦੇ ਬਾਵਜੂਦ ਨਸ਼ੇ ਦਾ ਕਾਰੋਬਾਰ ਜਾਰੀ ਹੈ।

ਪਿੱਛੇ ਜਿਹੇ ਇਕ ਹੁਸੀਨਾ ਦੇ ਘਰ ਤੇ ਪੁਲਿਸ ਨੇ ਛਾਪਾ ਮਾਰਿਆ ਤਾਂ ਉਹਦੇ ਕੋਲੋਂ ਇਕ ਨਸ਼ਾ ਲੈਣ ਆਏ, ਨਸ਼ਈ ਨੇ ਪੁਲਿਸ ਵਾਲਿਆਂ ਨੂੰ ਤਰਲੇ ਪਾ ਪਾ ਕੇ ਕਿਹਾ ਕਿ ਮੇਰੇ ਤੇ ਪਰਚਾ ਕਰ ਦਿਓ, ਮੈਂ ਭਾਬੀ ਨੂੰ ਜੇਲ੍ਹ ਨਹੀਂ ਜਾਣ ਦੇਣਾ। ਬੱਸ ਫਿਰ ਕੀ ਸੀ ਪੁਲਿਸ ਨੇ ਆਪੂ ਬਣੇ ਦਿਓਰ ਤੇ ਪਰਚਾ ਕਰ ਦਿੱਤਾ। ਵੇਖਿਆ ਪੁਲਿਸ ਦੀ ਮੁਸ਼ਤੈਦੀ, ਨਾਲੇ ਪੁੰਨ ਨਾਲੇ ਫਲੀਆਂ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਰਹੱਦ ਪਾਰ ਤੋਂ ਅੱਤਵਾਦ ਦੇ ਟਾਕਰੇ ਲਈ ਮੁੱਖ ਮੰਤਰੀ ਵੱਲੋਂ ਪੁਲਿਸ ਦੇ ਆਧੁਨਿਕੀਕਰਨ ਦੀ ਵਕਾਲਤ

**ਫਗਵਾੜਾ (ਬੀ ਕੇ ਰੱਤੂ)–** ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਅੱਜ ਕਿਹਾ ਕਿ ਸਰਹੱਦ ਪਾਰ ਤੋਂ ਅੱਤਵਾਦੀ ਹਮਲਿਆਂ ਨਾਲ ਪ੍ਰਭਾਵੀ ਢੰਗ ਨਾਲ ਨਜਿੱਠਣ ਲਈ ਸੀਮਾ ਸੁੱਰਖਿਆ ਬੱਲ ਅਤੇ ਪੰਜਾਬ ਪੁਲਿਸ ਨੂੰ ਅਤਿ ਆਧੁਨਿਕ ਹਥਿਆਰ ਦਿੱਤੇ ਜਾਣ ਚਾਹੀਦੇ ਹਨ।

ਇਥੇ ਮਲਟੀ ਲੈਵਲ ਪਾਰਕਿੰਗ ਦਾ ਨੀਂਹ ਪੱਥਰ ਰੱਖਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਵਿੱਚ ਅੱਤਵਾਦੀ ਹਮਲਿਆਂ ਦਾ ਵਧੇਰੇ ਖਤਰਾ ਹੈ ਅਤੇ ਦੀਨਾਨਗਰ ਤੇ ਪਠਾਨਕੋਟ ਵਿਖੇ ਹੋਏ ਅੱਤਵਾਦੀ ਹਮਲੇ ਇਸ ਗੱਲ ਦੀ ਪ੍ਰਤੱਖ ਮਿਸਾਲ ਹਨ । ਉਹਨਾਂ ਕਿਹਾ ਕਿ ਅਜਿਹੇ ਹਾਲਾਤਾਂ ਵਿੱਚ ਸੂਬਾ ਪੁਲਿਸ ਅਤੇ ਸੀਮਾ ਸੁਰੱਖਿਆ ਬੱਲ ਨੂੰ ਹੋਰ ਵਧੇਰੇ ਅਤਿ ਆਧੁਨਿਕ ਹਥਿਆਰ ਅਤੇ ਸਾਜ਼ੋ ਸਮਾਨ ਦਿੱਤੇ ਜਾਣੇ ਚਾਹੀਦੇ ਹਨ, ਨਾਲ ਹੀ ਉਹਨਾਂ ਕਿਹਾ ਕਿ ਉੱਤਰ ਪੂਰਬੀ ਸੂਬਿਆਂ ਦੀ ਤਰਜ ਤੇ ਕੇਂਦਰ ਸਰਕਾਰ ਨੂੰ ਪੰਜਾਬ ਪੁਲਿਸ ਦੇ ਆ-ਧੁਨਿਕੀਕਰਨ ਲਈ ਖੁੱਲੇ ਫੰਡ ਦੇਣੇ ਚਾਹੀਦੇ ਹਨ।

ਇੱਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨਸ਼ਿਆਂ ਖਿਲਾਫ ਦੇਸ਼ ਦੀ ਜੰਗ ਲੜ੍ਹ ਰਿਹਾ ਹੈ । ਉਹਨਾਂ ਕਿਹਾ ਕਿ ਪੰਜਾਬ ਵਿੱਚ ਇੱਕ ਗ੍ਰਾਮ ਨਸ਼ਾ ਵੀ ਪੈਦਾ ਨਹੀਂ ਹੁੰਦਾ ਅਤੇ ਸੂਬੇ ਵਿੱਚ ਸਾਰਾ ਨਸ਼ਾ ਸਰਹੱਦ ਪਾਰ ਤੋਂ ਆਉਂਦਾ ਹੈ ।ਉਹਨਾਂ ਕਿਹਾ ਕਿ ਪੰਜਾਬ ਦਰਅਸਲ ਦੇਸ਼ ਵਿੱਚ ਸਪਲਾਈ ਹੋਣ ਵਾਲੇ ਨਸ਼ੇ ਦੀ ਰੁਕਾਵਟ ਬਣਦਾ ਹੈ, ਜਿਸ ਕਾਰਨ ਪੰਜਾਬ ਨੂੰ ਕੁੱਝ ਤਾਕਤਾਂ ਵੱਲੋਂ ਬੇਵਜ੍ਹਾ ਬਦਨਾਮ ਕੀਤਾ ਜਾਂਦਾ ਹੈ। ਉਹਨਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆ ਦੀ ਸਪਲਾਈ ਕੱਟਣ ਦੇ ਨਾਲ-ਨਾਲ ਇਸ ਦੇ ਤਸਕਰਾਂ ਨੂੰ ਜੇਲ ਦੇ ਵਿੱਚ ਬੰਦ ਕੀਤਾ ਹੈ।

ਖਡੂਰ ਸਾਹਿਬ ਜ਼ਿਮਨੀ ਚੋਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਇਸ ਚੋਣ ਲਈ ਪੂਰੀ ਤਰ੍ਹਾਂ ਨਾਲ ਤਿਆਰ ਹੈ ।ਉਹਨਾਂ ਕਿਹਾ ਕਿ ਗਠਜੋੜ ਵੱਲੋਂ ਆਪਣੇ ਉਮੀਦ-ਵਾਰ ਦਾ ਐਲਾਨ ਕਰ ਦਿੱਤਾ ਗਿਆ ਹੈ, ਨਾਲ ਹੀ ਉਹਨਾਂ ਕਿਹਾ ਕਿ ਉਹਨਾਂ ਨੂੰ ਆਸ ਹੈ ਕਿ ਇਸ ਜ਼ਿਮਨੀ ਚੋਣ ਵਿੱਚ ਲੋਕ ਸੂਬਾ ਸਰਕਾਰ ਦੇ ਵਿਕਾਸਮੁਖੀ ਅਜੰਡੇ 'ਤੇ ਮੋਹਰ ਲਾਉਣਗੇ।

ਇਸ ਤੋਂ ਪਹਿਲਾਂ ਜਨਤਕ ਇੱਕਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੁੱਝ ਪੰਜਾਬ ਵਿਰੋਧੀ ਤਾਕਤਾਂ ਸੂਬੇ ਦੀ ਅਮਨ ਅਤੇ ਸ਼ਾਂਤੀ ਨੂੰ ਭੰਗ ਕਰਨਾ ਚਾਹੁੰਦੀਆਂ ਹਨ, ਪਰ ਅਕਾਲੀ-ਭਾਜਪਾ ਸਰਕਾਰ ਪੰਜਾਬ ਦੀ ਅਮਨ ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ।




ਕਾਂਗਰਸ ਪਾਰਟੀ ਤੇ ਨਿਸ਼ਾਨਾ ਲਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸੀ ਪਾਰਟੀ ਪਾੜੋ ਤੇ ਰਾਜ ਕਰੋ ਦੀ ਨੀਤੀ ਤੇ ਚੱਲਦੇ ਹੋਏ ਸੂਬੇ ਨੂੰ ਮੁੜ ਕਾਲੇ ਦਿਨਾਂ ਵਿੱਚ ਧੱਕਣਾ ਚਾਹੁੰਦੀ ਹੈ ਪਰ ਉਹਨਾਂ ਕਿਹਾ ਕਿ ਪੰਜਾਬ ਦੇ ਅਮਨ ਪਸੰਦ ਲੋਕ ਕਾਂਗਰਸ ਪਾਰਟੀ ਦੀਆਂ ਇਹਨਾਂ ਕੋਝੀਆਂ ਚਾਲਾਂ ਨੂੰ ਕਾਮਯਾਬ ਨਹੀਂ ਹੋਣ ਦੇਣਗੇ।

ਆਮ ਆਦਮੀ ਪਾਰਟੀ ਤੇ ਤਿੱਖੇ ਹਮਲੇ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਪਾਰਟੀ ਮੌਕਾਪ੍ਰਸਤਾਂ ਅਤੇ ਭਗੌੜਿਆਂ ਦਾ ਟੋਲਾ ਹੈ ।ਉਹਨਾਂ ਕਿਹਾ ਕਿ ਇਹ ਆਗੂ ਹਮੇਸ਼ਾਂ ਆਪਣੇ ਨਿੱਜੀ ਹਿੱਤਾਂ ਖਾਤਰ ਆਪਣੀਆਂ ਸਿਆਸੀ ਵਫਾਦਾਰੀਆਂ ਬਦਲਦੇ ਰਹੇ ਨੇ, ਤੇ ਇਹਨਾਂ ਪਾਸੋਂ ਲੋਕਾਂ ਦੀ ਭਲਾਈ ਦੀ ਕੋਈ ਆਸ ਨਹੀਂ ਕੀਤੀ ਜਾ ਸਕਦੀ।

ਸੂਬਾ ਸਰਕਾਰ ਵੱਲੋਂ ਚੁੱਕੇ ਗਏ ਇਤਹਾਸਿਕ ਫੈਸਲਿਆਂ ਦੇ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਪੰਜਾਬ ਅੱਜ ਦੇਸ਼ ਦਾ ਇਕੋ-ਇੱਕ ਵਾਧੂ ਬਿਜਲੀ ਵਾਲਾ ਸੂਬਾ ਹੈ, ਨਾਲ ਹੀ ਉਹਨਾਂ ਕਿਹਾ ਕਿ ਪੰਜਾਬ ਅੱਜ ਦੇਸ਼ ਵਿੱਚ ਮਿਆਰੀ ਸਿਹਤ ਸੇਵਾਵਾਂ ਅਤੇ ਸਿੱਖਿਆ ਮੁਹੱਈਆ ਕਰਵਾਉਣ ਵਿੱਚ ਵੀ ਮੋਹਰੀ ਸੂਬਾ ਹੈ।ਉਹਨਾਂ ਕਿਹਾ ਕਿ ਸੂਬਾ ਸਰਕਾਰ ਨੇ ਵੱਖ-ਵੱਖ ਲੋਕ ਭਲਾਈ ਸਕੀਮਾਂ ਤਹਿਤ ਦਿੱਤੀਆਂ ਜਾਣ ਵਾਲੀਆਂ ਪੈਨਸ਼ਨਾਂ ਨੂੰ ਵੀ ਦੁੱਗਣਾ ਕਰਨ ਦਾ ਇਤਹਾਸਿਕ ਫੈਸਲਾ ਲਿਆ ਹੈ, ਨਾਲ ਹੀ ਉਹਨਾਂ ਕਿਹਾ ਕਿ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਤਹਿਤ ਸੂਬੇ ਦੇ 28.50 ਲੱਖ ਨੀਲਾ ਕਾਰਡ ਧਾਰਕਾਂ ਨੂੰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਦਿੱਤੇ ਜਾਣ ਵਾਲੀ ਮੁਫਤ ਇਲਾਜ ਦੀ ਰਕਮ ਨੂੰ ਵੀ 30 ਹਜਾਰ ਤੋਂ ਵੀ 50 ਹਜਾਰ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸੇ ਤਰ੍ਹਾਂ ਉਹਨਾਂ ਕਿਹਾ ਕਿ ਸੂਬੇ ਦੇ ਕਿਸਾਨਾਂ ਨੂੰ 50 ਹਜਾਰ ਰੁਪਏ ਦਾ ਮੁਫਤ ਸਿਹਤ ਬੀਮਾ ਦੀ ਸਹੂਲਤ ਦਿੱਤੀ ਗਈ ਹੈ, ਨਾਲ ਹੀ ਉਹਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਮੁਫਤ ਧਾਰਮਿਕ ਯਾਤਰਾ ਕਰਵਾਉਣ ਲਈ ਸੂਬਾ ਸਰਕਾਰ ਨੇ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸ਼ੁਰੂ ਕੀਤੀ ਹੈ, ਜਿਸ ਤਹਿਤ ਸ਼ਰਧਾਲੂਆਂ ਨੂੰ ਸ਼੍ਰੀ ਨਾਂਦੇੜ ਸਾਹਿਬ, ਵਾਰਾਨਸੀ, ਵੈਸ਼ਨੋ ਦੇਵੀ ਅਤੇ ਅਜਮੇਰ ਸ਼ਰੀਫ ਦੀ ਮੁਫਤ ਧਾਰਮਿਕ ਯਾਤਰਾ ਕਰਵਾਈ ਜਾਂਦੀ ਹੈ।

ਇਸ ਤੋਂ ਪਹਿਲਾਂ ਆਪਣੇ ਸੰਬੋਧਨ ਵਿੱਚ ਸੂਬਾ ਭਾਜਪਾ ਦੇ ਪ੍ਰਧਾਨ ਸ਼੍ਰੀ ਕਮਲ ਸ਼ਰਮਾਂ ਨੇ ਲੋਕਾਂ ਨੂੰ ਅਕਾਲੀ-ਭਾਜਪਾ ਗਠਜੋੜ ਨੂੰ ਵੋਟ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਗਠਜੋੜ ਪੰਜਾਬ ਦੀ ਅਮਨ-ਸ਼ਾਂਤੀ ਤਰੱਕੀ, ਖੁਸ਼ਹਾਲੀ ਤੇ ਭਾਈਚਾਰਕ ਸਾਂਝ ਦਾ ਸੱਚਾ ਰੱਖਵਾਲਾ ਹੈ । ਉਹਨਾਂ ਕਿਹਾ ਕਿ ਗਠਜੋੜ ਸਰਕਾਰ ਵੱਲੋਂ ਚਾਲੂ ਵਰ੍ਹਾ ਵਿਕਾਸ ਦੇ ਵਰ੍ਹੇ ਵਜੋਂ ਮਨਾਇਆ ਜਾ ਰਿਹਾ ਹੈ ਤੇ ਆਉਣ ਵਾਲੇ ਕੁੱਝ ਮਹੀਨਿਆਂ ਵਿੱਚ ਸੂਬੇ ਦੇ ਸਾਰੇ ਸ਼ਹਿਰਾਂ ਨੂੰ ਅਤਿ ਆਧੁਨਿਕ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਤੋਂ ਪਹਿਲਾਂ ਮੁੱਖ ਸੰਸਦੀ ਸਕੱਤਰ ਸ਼੍ਰੀ ਸੋਮ ਪ੍ਰਕਾਸ਼ ਨੇ ਮੁੱਖ ਮੰਤਰੀ ਵੱਲੋਂ ਫਗਵਾੜੇ ਨੂੰ ਦਿੱਤੇ ਗਏ ਤੋਹਫਿਆਂ ਲਈ ਉਹਨਾਂ ਦਾ ਦਿਲੋਂ ਧੰਨਵਾਦ ਕੀਤਾ ।

ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਮਾਰਕਫੈੱਡ ਦੇ ਚੇਅਰਮੈਨ ਸ. ਜਰਨੈਲ ਸਿੰਘ ਵਾਹਦ, ਮਾਰਕੀਟ ਕਮੇਟੀ ਦੇ ਚੇਅਰਮੈਨ ਸਰਵਨ ਸਿੰਘ ਕੁਲਾਰ, ਮੇਅਰ ਅਰੁਣ ਖੋਸਲਾ, ਆਈ. ਜੀ. ਅਰਪਿਤ ਸ਼ੁਕਲਾ, ਐਸ. ਐਸ. ਪੀ. ਰਜਿੰਦਰ ਸਿੰਘ, ਸ਼੍ਰੀਮਤੀ ਦੀਪਤੀ ਉੱਪਲ ਵਧੀਕ ਡਿਪਟੀ ਕਮਿਸ਼ਨਰ ਜਨਰਲ ਅਤੇ ਇਕਬਾਲ ਸਿੰਘ ਸੰਧੂ ਵਧੀਕ ਡਿਪਟੀ ਕਮਿਸ਼ਨਰ ਫਗਵਾੜਾ ਵੀ ਇਸ ਮੌਕੇ ਹਾਜਰ ਸਨ।

# ਸਿੱਖਿਅਕ ਸੰਸਥਾਵਾਂ 'ਚ ਜਾਤੀ ਭੇਦਭਾਵ ਦਾ ਸ਼ਿਕਾਰ ਹੋਣ ਬਾਅਦ ਇਹਨਾਂ ਹੋਣਹਾਰ ਦਲਿਤ ਵਿਦਿਆਰਥੀਆਂ ਨੇ ਮੌਤ ਨੂੰ ਗਲੇ ਲਗਾਇਆ



ਰੋਹਿਤ ਵੇਮੂਲਾ | ਮਨੀਸ਼ ਕੁਮਾਰ | ਜਸਪ੍ਰੀਤ ਸਿੰਘ | ਬਾਲਮੁਕੰਦ ਭਾਰਤੀ

26 ਸਾਲ ਦਾ ਇਹ ਦਲਿਤ ਸਕਾਲਰ ਹੈਦਰਾਬਾਦ ਯੂਨੀਵਰਸਿਟੀ ਵਿਚ ਪੜ੍ਹ ਰਿਹਾ ਸੀ। ਪੀ. ਐਚ. ਡੀ. ਕਰ ਰਿਹਾ ਇਹ ਵਿਦਿਆਰਥੀ ਵਿਗਿਆਨ ਦਾ ਵੱਡਾ ਲੇਖਕ ਬਣਨਾ ਚਾਹੁੰਦਾ ਸੀ। ਭਾਜਪਾ ਦੇ ਵਿਦਿਆਰਥੀ ਵਿੰਗ ਏਬੀਵੀਪੀ ਦੇ ਆਗੂ ਦੀ ਸ਼ਿਕਾਇਤ 'ਤੇ ਇਸਨੂੰ ਯੂਨੀਵਰਸਿਟੀ ਹੋਸਟਲ ਵਿਚੋਂ ਕੱਢ ਦਿੱਤਾ ਗਿਆ। ਹਾਲਾਤ ਤੋਂ ਦੁਖੀ ਹੋ ਕੇ ਰੋਹਿਤ ਵੇਮੂਲਾ ਨੇ 17 ਜਨਵਰੀ 2016 ਨੂੰ ਕਾਲਜ ਹੋਸਟਲ 'ਓ ਹੀ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ।

ਆਈ ਆਈ ਟੀ ਰੁੜਕੀ ਵਿਚ ਬੀ. ਟੈਕ ਦੇ ਤੀਜੇ ਸਾਲ ਦੇ ਇਸ ਦਲਿਤ ਵਿਦਿਆਰਥੀ ਨੇ 13 ਫਰਵਰੀ 2011 ਨੂੰ ਹੋਸਟਲ ਦੀ ਪੰਜਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਸੀ। 20 ਸਾਲ ਦੇ ਇਸ ਵਿਦਿਆਰਥੀ ਦੇ ਪਰਿਵਾਰ ਨੇ ਦੋਸ਼ ਲਗਾਇਆ ਸੀ ਕਿ ਕਾਲਜ ਦੇ ਵਿਦਿਆਰਥੀਆਂ ਦਾ ਇਕ ਵਰਗ ਮਨੀਸ਼ ਨੂੰ 'ਚਮਾਰ' ਕਹਿ ਕੇ ਅਪਮਾਨਿਤ ਕਰਦਾ ਸੀ। ਉਸਨੂੰ ਜਾਤੀ ਕਾਰਨ ਪ੍ਰੇਸ਼ਾਨ ਕੀਤਾ ਜਾਂਦਾ ਸੀ, ਜਿਸ ਕਰਕੇ ਉਸਨੇ ਜਾਨ ਦੇ ਦਿੱਤੀ।

ਸਰਕਾਰੀ ਮੈਡੀਕਲ ਕਾਲਜ, ਚੰਡੀਗੜ੍ਹ 'ਚ ਜਸਪ੍ਰੀਤ ਸਿੰਘ (22) ਐਮ. ਬੀ. ਬੀ. ਐਸ. ਕਰ ਰਿਹਾ ਸੀ। ਇਸ ਹੋਣਹਾਰ ਵਿਦਿਆਰਥੀ ਨੂੰ ਇਕ ਪ੍ਰੋਫੈਸਰ ਨੇ ਪੇਪਰ ਵਿਚੋਂ ਫੇਲ੍ਹ ਕਰ ਦਿੱਤਾ ਸੀ। ਇਸ ਤੋਂ ਬਾਅਦ ਜਸਪ੍ਰੀਤ ਨੇ ਕਾਲਜ ਦੀ ਪੰਜਵੀਂ ਮੰਜ਼ਿਲ 'ਤੇ ਲਾਇਬ੍ਰੇਰੀ ਵਿਚ ਫਾਹਾ ਲੈ ਲਿਆ ਸੀ। ਹਾਲਾਂਕਿ ਉਸਦੀ ਮੌਤ ਤੋਂ ਬਾਅਦ ਪੇਪਰ ਦੀ ਦੁਬਾਰਾ ਜਾਂਚ ਕੀਤੀ ਗਈ ਤਾਂ ਉਹ ਪਾਸ ਸੀ। ਜਸਪ੍ਰੀਤ ਨੇ ਆਪਣੇ ਸੁਸਾਈਡ ਨੋਟ 'ਤੇ ਪ੍ਰੋਫੈਸਰ ਦਾ ਨਾਂ ਲਿਖਿਆ ਸੀ।

ਏਮਜ਼ ਵਿਚ ਐਮ. ਬੀ. ਬੀ. ਐਸ. ਦੇ ਫਾਈਨਲ ਈਅਰ ਦੇ ਵਿਦਿਆਰਥੀ ਬਾਲਮੁਕੰਦ ਨੇ 3 ਮਾਰਚ 2010 ਨੂੰ ਖੁਦਕੁਸ਼ੀ ਕਰ ਲਈ ਸੀ। ਉਸਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਸੀ ਕਿ ਏਮਜ਼ ਦੇ ਪ੍ਰੋਫੈਸਰ ਬਾਲਮੁਕੰਦ ਨੂੰ ਦਲਿਤ ਹੋਣ ਕਾਰਨ ਅਪਮਾਨਿਤ ਕਰਦੇ ਹਨ। ਉਹ ਕਹਿੰਦੇ ਸੀ ਕਿ ਤੂੰ ਰਾਖਵੇਂਕਰਨ ਦਾ ਲਾਭ ਲੈ ਕੇ ਇੱਥੇ ਤੱਕ ਪਹੁੰਚਿਆ ਹੈਂ, ਤੂੰ ਕਦੇ ਡਾਕਟਰ ਨਹੀਂ ਬ ਣਸਕਦਾ। ਇਸ ਤੋਂ ਬਾਅਦ ਬਾਲ ਮੁਕੰਦ ਨੇ ਜਾਨ ਦੇ ਦਿੱਤੀ।

# ਭਾਰਤ ਦੀ ਸਾਲ 2011 ਦੀ ਜਨਗਣਨਾ ਮੁਤਾਬਕ ਅਨੁਸੂਚਿਤ ਜਾਤੀ, ਜਨਜਾਤੀ ਦੀ ਗਿਣਤੀ ਕੁੱਲ ਆਬਾਦੀ ਦਾ ਲੱਗਭੱਗ 25 ਫੀਸਦੀ

ਇਹਨਾਂ ਵਿਚੋਂ 16.60 ਫੀਸਦੀ ਦਲਿਤ ਅਤੇ 8.20 ਫੀਸਦੀ ਆਦਿਵਾਸੀ ਹਨ। ਇਹਨਾਂ ਫਿਰਕਿਆਂ ਨੂੰ ਦੂਜੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਭਾਰਤ ਦੀ ਇਕ ਚੌਥਾਈ ਆਬਾਦੀ ਦਾ ਮਤਲਬ ਹੈ ਲੱਗਭੱਗ 30 ਕਰੋੜ ਲੋਕ। ਜੇਕਰ ਉਹ ਆਪਣੇ ਆਪ ਵਿਚ ਇਕ ਮੁਲਕ ਹੁੰਦਾ ਤਾਂ ਉਹ ਮੁਲਕ ਆਬਾਦੀ ਦੇ ਲਿਹਾਜ ਨਾਲ ਚੀਨ, ਭਾਰਤ ਅਤ ਅਮਰੀਕਾ ਤੋਂ ਬਾਅਦ ਦੁਨੀਆਂ ਦਾ ਚੌ ਥਾ ਸਭ ਤੋਂ ਵੱਡਾ ਮੁਲਕ ਹੁੰਦਾ।

ਪਰ ਭਾਰਤ ਦੀ ਅਰਥਵਿਵਸਥਾ ਵਿਚ ਉਹਨਾਂ ਦੀ ਮੌਜੂਦਗੀ ਨਹੀਂ ਦੇ ਬਰਾਬਰ ਹੈ

ਇਸਦਾ ਮੁੱਖ ਕਾਰਨ ਚੰਗੀ ਸਿੱਖਿਆ ਤੱਕ ਉਹਨਾਂ ਦੀ ਪਹੁੰਚ ਨਾ ਹੋਣਾ ਅਤੇ ਉਹਨਾਂ ਨੂੰ ਰੁਜ਼ਗਾਰ ਦੇ ਮੌਕੇ ਨਾ ਮਿਲਣਾ ਹੈ। ਅਜਿਹਾ ਲੰਮੇ ਸਮੇਂ ਤੋਂ ਹੁੰਦਾ ਆਇਆ ਹੈ।

ਇਸਨੂੰ ਦਰੁੱਸਤ ਕਰਨ ਦੇ ਲਈ ਸੰਵਿਧਾਨ ਵਿਚ ਵਿਵਸਥਾ ਕੀਤੀ ਗਈ। ਸਿੱਖਿਆ ਸੰਸਥਾਵਾਂ ਵਿਚ ਦਾਖਲ ਅਤੇਸਰਕਾਰੀ ਨੌਕਰੀਆਂ ਵਿਚ ਉਹਨਾਂ ਦੇ ਲਈ ਰਿਜ਼ਰਵੇਸ਼ਨ ਦਾ ਇੰਤਜ਼ਾਮ ਕੀਤਾ ਗਿਆ।

ਸ਼ਹਿਰਾਂ ਵਿਚ ਰਹਿਣ ਵਾਲੇ ਮੱਧ ਵਰਗ ਯਾਨਿ ਉਚੇ ਵਰਗ ਦੇ ਲੋਕਾਂ ਨੂੰ ਲੱਗਦਾ ਹੈ ਕਿ ਰਿਜ਼ਰਵੇਸ਼ਨ ਕਾਰਨ ਉਹਨਾਂ ਦੇ ਖਿਲਾਫ ਵਿਤਕਰਾ ਕੀਤਾ ਜਾਂਦਾ ਹੈ। ਉਹਨਾਂ ਦਾ ਮੰਨਣਾ ਹੈ ਕਿ ਉਹਨਾਂ ਦੀ ਯੋਗਤਾ ਦੀ ਬਲੀ ਨਹੀਂ ਚੜ੍ਹਾਈ ਜਾਣੀ ਚਾਹੀਦੀ।

ਮੈਂ ਪੂਰੇ ਦਾਅਵੇ ਦੇ ਨਾਲ ਕਹਿ ਸਕਦਾ ਹਾਂ ਕਿ ਕਿਸੇ ਸ਼ਹਿਰ ਦੇ ਕਿਸੇ ਵੀ ਵੱਡੇ ਦਫਤਰ ਵਿਚ ਦਲਿਤਾਂ ਦੀ ਜਗ੍ਹਾ ਗ੍ਰੇਡ ਵਨ ਕਰਮਚਾਰੀਆਂ ਦੀ ਹੀ ਹੈ। ਇਹਨਾਂ ਵਿਚੋਂ ਉਹ ਵੀ ਸ਼ਾਮਲ ਹਨ ਜੋ ਸਾਫ ਸਫਾਈ ਕਰਦੇ ਹਨ।0

ਇਹਨਾਂ ਸੰਸਥਾਵਾਂ ਨੂੰ ਇਸ ਅਸਲੀਅਤ ਤੇ ਕੋਈ ਸ਼ਰਮ ਨਹੀਂ ਹੈ। ਇਹਨਾਂ ਗੱਲਾਂ 'ਤੇ ਤਾਂ ਕੋਈ ਸੋਚਦਾ ਤੱਕ ਨਹੀਂ ਹੈ। ਭਾਰਤ ਦੀ ਅਰਥਵਿਵਸਥਾ ਅ ਤੇ ਮੀਡੀਆ ਵਿਚ ਦਲਿਤ ਅਤੇ ਆਦਿਵਾਸੀ ਪੂਰੀ ਤਰ੍ਹਾਂ ਹਾਸ਼ੀਏ ਤੇ ਹਨ।

ਮੈਂ ਇਹ ਸਭ ਇਸ ਕਰਕੇ ਲਿਖ ਰਿਹਾ ਹਾਂ ਕਿ ਹੈਹੈਦਰਾਬਾਦ ਵਿਚ ਇਕ ਦਲਿਤ ਵਿਦਿਆਰਥੀ ਨੇ ਆਤਮ ਹੱਤਿਆ ਕਰ ਲਈ ਹੈ। ਕੇਂਦਰ ਸਰਕਾਰ ਦੇ ਕਥਿਤ ਦਬਾਅ ਤੋਂ ਬਾਅਦ ਪੀ. ਐਚ. ਡੀ. ਵਿਦਿਆਰਥੀ ਰੋਹਿਤ ਵੇਮੁਲਾ ਅਤੇ ਦੂਜੇ ਚਾਰ ਵਿਦਿਆਰਥੀਆਂ ਨੂੰ ਹੋਸਟਲ ਤੋਂ ਕੱਢ ਦਿੱਤਾ ਗਿਆ।

ਇਸ ਤੋਂ ਪਹਿਲਾਂ ਉਹ ਲੋਕ ਮੌਤ ਦੀ ਸਜ਼ਾ ਤੇ ਭਾਰੀਤ ਜਨਤਾ ਪਾਰਟੀ ਦੀ ਵਿਦਿਆਰਥੀ ਇਕਾਈ ਨਾਲ ਭਿੜ ਚੁੱਕੇ ਹਨ। ਇਸਦਾ ਨਤੀਜਾ ਇਹ ਹੋਇਆ ਕਿ ਇਕ ਕੇਂਦਰੀ ਮੰਤਰੀ ਨੇ ਸਿੱਖਿਆ ਮੰਤਰੀ ਨੂੰ ਚਿੱਠੀ ਲਿਖ ਕੇ ਇਹਨਾਂ ਵਿਦਿਆਰਥੀਆਂ ਨੂੰ ਰਾਸ਼ਟਰ ਵਿਰੋਧੀ ਅਤੇ ਜਾਤੀਵਾਦੀ ਕਰਾਰ ਦਿੱਤਾ ਸੀ।





ਦਲਿਤ ਸਕਾਲਰ ਰੋਹਿਤ ਵੇਮੁਲਾ ਦੀ ਆਤਮ ਹੱਤਿਆ ਨੂੰ ਕਤਲ ਗਰਦਾਨਣ ਲਈ ਰਾਜਧਾਨੀ ਨਵੀਂ ਦਿੱਲੀ ਅਤੇ ਹੈਦਰਾਬਾਦ ਵਿਚ ਜ਼ਬਰਦਸਤ ਰੋਸ ਪ੍ਰਦਰਸ਼ਨ ਹੋਏ। ਰੋਸ ਪ੍ਰਦਰਸ਼ਨਾਂ ਦਰਮਿਆਨ ਪੁਲਿਸ ਉਗਰ ਹੋਏ ਵਿਦਿਆਰਥੀਆਂ ਨੂੰ ਪਕੜ ਕੇ ਲਿਜਾ ਰਹੀ ਹੈ। ਹਿੰਦੋਸਤਾਨ ਟਾਈਮਜ਼ ਦੁਆਰਾ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਦੀਆਂ ਲਈਆਂ ਗਈਆਂ ਤਸਵੀਰਾਂ ਦੀਆਂ ਕੁਝ ਝਲਕੀਆਂ।

# ਵਿਜੈਵਾੜਾ ਵਿਚ ਇਕ ਹੋਰ ਦਲਿਤ ਵਿਦਿਆਰਥੀ ਨੇ ਕੀਤੀ ਆਤਮ ਹੱਤਿਆ

**ਵਿਜੈਵਾੜਾ–** ਇੰਜੀਨੀਅਰਿੰਗ ਕਰ ਰਹੇ ਇਕ ਹੋਰ ਦਲਿਤ ਵਿਦਿਆਰਥੀ ਨੇ ਵਿਜੈਵਾੜਾ ਨੇੜੇ ਸਥਿਤ ਇਬਰਾਹੀਮਪਟਨਮ ਵਿਚ ਲਟਕ ਕੇ ਆਤਮ ਹੱਤਿਆ ਕਰ ਲਈ ਹੈ। ਬੀਤੀ 23 ਜਨਵਰੀ ਦੀ ਰਾਤ ਨੂੰ ਉਸ ਨੇ ਆਤਮ ਹੱਤਿਆ ਕੀਤੀ, ਜਿਸ ਦਾ ਪਤਾ ਐਤਵਾਰ ਸਵੇਰੇ ਲੱਗਿਆ। 22 ਸਾਲਾ ਪੂਵਾਲਾ ਪ੍ਰੇਮ ਕੁਮਾਰ ਨਾਂ ਦਾ ਇਹ ਵਿਦਿਆਰਥੀ ਨੋਵਾ ਇੰਜੀਨੀਅਰਿੰਗ ਕਾਲਜ ਵਿਚ ਪੜ੍ਹਦਾ ਸੀ। ਉਹ ਕਾਲਜ ਵਿਚ ਐਸ. ਸੀ. ਅਸਾਮੀਆਂ ਦਾ ਬੈਕਲਾਗ ਪੂਰਾ ਨਾ ਹੋਣ ਕਾਰਨ ਪ੍ਰੇਸ਼ਾਨ ਦੱਸਿਆ ਜਾ ਰਿਹਾ ਸੀ। ਉਸ ਨੇ ਕੋਈ ਆਤਮ ਹੱਤਿਆ ਨੋਟ ਵੀ ਨਹੀਂ ਛੱਡਿਆ। ਇਲੈਕਟ੍ਰੀਕਲ ਅਤੇ ਇਲੈਕਟ੍ਰਾਨਿਕਸ ਇੰਜੀਨੀਅਰਿੰਗ ਦੇ ਚੌਥੇ ਸਾਲ ਦੇ ਇਸ ਵਿਦਿਆਰਥੀ ਦੇ ਮਾਪੇ ਵੀ 2013 ਅਤੇ 2014 ਵਿਚ ਸਵਰਗ ਸਿਧਾਰ ਚੁੱਕੇ ਹਨ। ਉਸਦਾ ਸਿਰਫ ਇਕ ਭਰਾ ਰਹਿ ਗਿਆ ਸੀ ਅਤੇ ਉਸ ਨਾਲ ਪੜ੍ਹਦੇ ਵਿਦਿਆਰਥੀ ਉਸ ਨਾਲ ਰਹਿੰਦੇ ਸਨ। ਉਸਦਾ ਭਰਾ ਪੁਵਾਲਾ ਨਾਗਰਜੁਨਾ ਮੈਡੀਗਾ ਐਸ. ਸੀ. ਕਮਿਊਨਿਟੀ ਵਿਚ ਰਹਿੰਦਾ ਸੀ, ਜੋ ਵੈਲੂਲਾਰ ਪਿੰਡ ਵਿਚ ਸਥਿਤ ਹੈ।

# ਨਿਊਜ਼ੀਲੈਂਡ 'ਚ ਲੱਗੀ ਪਰਦੇਸਣਾਂ ਦੀ ਮਹਿਫਿਲ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਸਟਾਈਲ ਐਨ.ਜ਼ੈਡ ਵਲੋਂ ਇੱਕ ਵਾਰ ਫਿਰ 'ਲੇਡੀਜ਼ ਨੇਸ਼ਨ' ਲੜੀ ਦੇ ਤਹਿਤ ਪਾਪਾਟੋਏਟੋਏ ਦੇ ਐਲਨ ਬਰੂਸਟਰ ਹਾਲ (ਨੇੜੇ ਨਿਊ ਵਰਲਡ), ਟੇਵਰਨ ਲੇਨ ਵਿਖੇ ਰਵਾਇਤੀ ਅੰਦਾਜ਼ ਵਿੱਚ ਬੀਬੀਆਂ-ਭੈਣਾਂ ਲਈ ਇੱਕ ਸਭਿਆਚਾਰਕ ਸ਼ਾਮ ਆਯੋਜਿਤ ਕੀਤੀ ਗਈ। ਇਸ ਮੇਲੇ ਪ੍ਰਤੀ ਆਕਲੈਂਡ ਅਤੇ ਗੁਆਂਢੀ ਇਲਾਕੇ ਦੀਆਂ ਭੈਣਾਂ-ਭਰਜਾਈਆਂ ਨੇ ਭਾਰੀ ਉਤਸ਼ਾਹ ਨਾਲ ਹਿੱਸਾ ਲਿਆ। ਇਸ ਪਰਦੇਸਣਾਂ ਦੀ ਮਹਿਫਿਲ ਦੌਰਾਨ ਮੰਚ ਤੋਂ ਪੰਜਾਬ ਦੇ ਲੋਕ-ਰੰਗ ਨਾਲ ਸੰਬੰਧਿਤ ਵੰਨਗੀਆਂ ਪੇਸ਼ ਕੀਤੀਆਂ ਗਈਆਂ।



ਹਲਕੇ-ਫੁਲਕੇ ਅੰਦਾਜ਼ ਵਿੱਚ ਸਵਾਲ-ਜਵਾਬ ਦੇ ਦੌਰ ਹੋਏ ਅਤੇ ਢੇਰ ਸਾਰੇ ਇਨਾਮ ਤਕਸੀਮ ਕੀਤੇ ਗਏ। ਕੁੱਝ ਮਜ਼ਾਹੀਆ ਗੱਲਾਂ-ਬਾਤਾਂ ਅਤੇ ਉਪਰੰਤ ਰਵਾਇਤੀ ਲੋਕ-ਸੰਗੀਤਕ ਧੁਨਾਂ ਨਾਲ ਰੌਣਕ ਲੱਗ।

ਮੇਲਣਾਂ ਦੇ ਮੇਲ ਹੋਏ ਅਤੇ ਬੋਲੀਆਂ ਨਾਲ ਰੰਗ ਬੱਝ ਗਿਆ। ਇਸ ਪ੍ਰੋਗਾਮ ਦਾ ਮੰਚ ਸੰਚਾਲਨ ਬੀਬਾ ਰਾਜ ਮਠਾਰੂ, ਪਾਲੀ ਜਗੈਤ ਅਤੇ ਰੀਨਾ ਸਿੰਘ ਹੋਰਾਂ ਬਾਖੂਬੀ ਕੀਤਾ। ਐਨ.ਜ਼ੈਡ. ਇੰਡੀਅਨ ਫਲੇਮ , ਮੈਨੁਰੇਵਾ ਵਲੋਂ ਲਜ਼ੀਜ਼ ਖਾਣੇ ਦਾ ਸਟਾਲ ਹਾਜ਼ਰ ਸੀ।

ਜ਼ਿਕਰਯੋਗ ਹੈ ਕਿ ਇਸ ਮੇਲੇ ਨੂੰ ਇੰਡੋ-ਸਪਾਈਸ ਵਰਲਡ(ਅਟਵਾਲ ਪਰਿਵਾਰ), ਰੀਐਲਟਰ ਸ਼੍ਰੀ ਰੂਬਲ ਸਿੰਘ, ਗਲਿੱਟਰ ਜਿਊਰਲਜ਼ (ਸ਼੍ਰੀ ਰਾਜੂ ਅਤੇ ਪੱਲਵੀ ਜੀ), ਸ਼੍ਰੀ ਅਮਰੀਕ ਸੰਘਾ ਤੋਂ ਇਲਾਵਾ , ਟ੍ਰੈਵਲ ਪੁਆਇੰਟ, ਬਿਊਟੀ ਬਾਜ਼ਾਰ( ਪਾਪਾਟੋਏਟੋਏ), ਦੀ ਫੰਡ ਮਾਸਟਰ (ਸ਼੍ਰੀ ਦੇਵ ਢੀਂਗਰਾ), ਏਮਸ ਗਲੋਬਲ ਇਮੀਗ੍ਰੇਸ਼ਨ (ਸ਼੍ਰੀਮਤੀ ਅਰੁਨਿਮਾ ਢੀਂਗਰਾ), ਡਾ. ਨਾਗੀ, ਬੈਂਕ ਆਫ ਬੜੌਦਾ, ਆਈ ਕਲਰ ਗ੍ਰਾਫਿਕਸ, ਏ. ਜੇ. ਆਟੋਮੋਟਿਵਸ ਦਾ ਸਹਿਯੋਗ ਹਾਸਲ ਹੋਇਆ। ਮੀਡੀਆ ਵਲੋਂ ਕੀਵੀ ਟੀ. ਵੀ, ਰੇਡੀਉ ਸਪਾਈਸ, ਪੰਜਾਬੀ ਹੈਰਾਲਡ, ਗਾਉਂਦਾ ਪੰਜਾਬ ਅਤੇ ਨੱਚਦਾ ਪੰਜਾਬ ਦਾ ਖਾਸ ਧੰਨਵਾਦ ਕੀਤਾ ਗਿਆ, ਜਦੋਂ ਕਿ ਇਸ ਦੌਰਾਨ ਵੌਗ ਫਰਨੀਚਰ ਵਲੋਂ ਸ਼ਾਨਦਾਰ ਸੋਫਾ-ਬੈਂਡ ਅਤੇ ਐਥੇਨਿਕ ਵੀਵ ਬੁਟੀਕ ਵਲੋਂ ਡਿਜ਼ਾਈਨਰ ਭਾਰਤੀ ਸੂਟਾਂ ਦੀ ਨਿਲਾਮੀ ਕੀਤੀ ਗਈ, ਜਿਸ ਤੋਂ ਪ੍ਰਾਪਤ ਰਾਸ਼ੀ (ਇਸ ਮੇਲੇ ਦੀਆਂ ਟਿਕਟਾਂ ਦੀ ਵਿਕਰੀ ਵਿੱਚੋਂ ਵੀ) ਸਟਾਰਸ਼ਿੱਪ ਹਸਪਤਾਲ ਨੂੰ ਦਾਨ ਦਿੱਤੀ ਜਾਵੇਗੀ।

ਅੰਤ ਵਿੱਚ ਸਟਾਈਲ ਐਨ.ਜ਼ੈਡ ਵਲੋਂ ਲੱਕੀ ਸੈਣੀ ਹੋਰਾਂ ਦੂਰੋਂ-ਨੇੜਿਉਂ ਪੁੱਜੀਆਂ ਭੈਣਾਂ-ਭਰਜਾਈਆਂ ਅਤੇ ਸਹਿਯੋਗੀ ਅਦਾਰਿਆਂ ਦਾ ਸ਼ੁਕਰਾਨਾ ਕੀਤਾ ਗਿਆ।

# ਨਿਊਜ਼ੀਲੈਂਡ 'ਚ ਹੁਣ ਨਹੀ ਚੱਲੇਗੀ ਚਲਾਕੀ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਕੰਪਿਊਟਰ ਦਾ ਯੁੱਗ ਕਹਿ ਲਓ ਜਾਂ ਫਿਰ ਮਹਿਕਮਾ ਹੋਰ ਸਿਆਣਾ ਹੋ ਗਿਆ ਹੈ ਜੋ ਕਿ ਪੜ੍ਹਾਈ ਲਈ ਕਰਜ਼ਾ ਨਾ ਮੋੜਨ ਵਾਲਿਆਂ ਨੂੰ ਗ੍ਰਿਫਤਾਰ ਕਰਨ ਲੱਗਿਆ ਹੈ। ਪਿਛਲੇ ਦਿਨੀ ਇਕ ਆਈਲੈਂਡ ਦੇ ਪ੍ਰਧਾਨ ਮੰਤਰੀ ਦੇ ਭਤੀਜੇ ਦੀ ਇਸੀ ਤਰ੍ਹਾਂ ਦੀ ਹੋਈ ਗ੍ਰਿਫਤਾਰੀ ਬਾਅਦ ਆਮ ਵਿਦਿਆਰਥੀਆਂ ਦੇ ਵਿਚ ਵੀ ਸਹਿਮ ਪਾਇਆ ਜਾ ਰਿਹਾ ਹੈ। ਇਹ ਵਿਅਕਤੀ ਜਿਸ ਦਾ ਨਾਂਅ ਨਗਾਟੋਕੋਟੋਰੂ ਪੂਨਾ ਸੀ ਇਸ ਵੇਲੇ 40 ਸਾਲ ਦਾ ਹੋ ਗਿਆ ਹੈ ਅਤੇ ਇਸਦਾ ਕਰਜ਼ਾ ਵੀ ਸਾਰੀਆਂ ਸ਼ਰਤਾਂ ਪਾਰ ਕਰਦਿਆਂ ਵਿਆਜ ਆਦਿ ਲੱਗ ਕੇ 40 ਹਜ਼ਾਰ ਤੋਂ ਇਕ ਲੱਖ 20 ਹਜ਼ਾਰ ਹੋ ਗਿਆ ਸੀ। ਇਸ ਨੂੰ ਸੋਮਵਾਰ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ। ਇਕ ਹੋਰ ਇਸੀ ਤਰ੍ਹਾਂ ਦਾ ਵਿਦਿਆਰਥੀ 8000 ਦਾ ਕਰਜਾ ਲੈ ਕੇ ਬਾਅਦ ਵਿਚ ਮੈਲਬੋਰਨ ਚਲਾ ਗਿਆ ਤੇ ਹੁਣ ਉਹ ਕਰਜ਼ਾ 64000 ਹੋ ਗਿਆ ਹੈ। ਕੁਝ ਵਿਦਿਆਰਥੀ ਕਰਜ਼ੇ ਨਾਲ ਪੜ੍ਹਾਈ ਆਦਿ ਕਰਕੇ ਦੂਜੇ ਮੁਲਕਾਂ ਦੇ ਵਿਚ ਨੌਕਰੀ ਕਰਨ ਲੱਗੇ ਹਨ ਅਤੇ ਕਰਜ਼ਾ ਉਵੇਂ ਦਾ ਉਵੇਂ ਪਿਆ ਹੈ। ਹੁਣ ਸਰਕਾਰ ਨੇ ਅਜਿਹੇ ਪ੍ਰਵਾਸੀ ਬਣੇ ਪਾੜ੍ਹਿਆਂ ਨੂੰ ਵੀ ਫੜਨ ਦੀ ਵਿਉਂਤ ਬਣਾ ਲਈ ਹੈ।

# ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਯੂ ਏ ਈ ਦੀ ਮਿਹਨਤ ਰੰਗ ਲਿਆਈ



ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਵੱਲੋਂ ਸਮੇਂ-ਸਮੇਂ ਤੇ ਜ਼ਰੂਰਤਮੰਦ ਪਰਿਵਾਰਾਂ, ਲੋੜਵੰਦ ਵਿਦਿਆਰਥੀਆਂ ਨੂੰ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ। ਸੋਸਾਇਟੀ ਵਲੋਂ ਯੂ ਏ ਈ ਵਿੱਚ ਹਾਦਸੇ ਦਾ ਸ਼ਿਕਾਰ ਹੋ? ਵਿਅਕਤੀਆਂ ਦੇ ਮ੍ਰਿਤਕ ਸਰੀਰ ਵਾਪਿਸ ਭੇਜਣ ਅਤੇ ਵਾਰਸਾਂ ਨੂੰ ਯੋਗ ਮੁਆਵਜ਼ਾ ਦਿਵਾਉਣ ਲਈ ਵੀ ਹਰ ਪ੍ਰਕਾਰ ਦੀ ਸਹਾਇਤਾ ਕੀਤੀ ਜਾ ਰਹੀ ਹੈ। ਇਸ ਸਬੰਧੀ ਫੋਨ ਤੇ ਜਾਣਕਾਰੀ ਦਿੰਦਿਆਂ ਸੋਸਾਇਟੀ ਦੇ ਚੇਅਰਮੈਨ ਬਖਸ਼ੀ ਰਾਮ ਅਤੇ ਪ੍ਰਧਾਨ ਰੂਪ ਸਿੱਧੂ ਨੇ ਦੱਸਿਆ ਕਿ ਪੰਜਾਬ ਤੋਂ ਆਏ ਹੋਏ ਵਿਅਕਤੀਆਂ ਨੂੰ ਯੂ ਏ ਈ ਵਿੱਚ ਹਰ ਪ੍ਰਕਾਰ ਦੀ ਯੋਗ ਸਹਾਇਤਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਮਾਰਚ 2014 ਵਿੱਚ ਫਿਲੌਰ ਜਿਲ੍ਹਾ ਜਲੰਧਰ ਦੇ ਨਾਲ ਲੱਗਦੇ ਇੱਕ ਪਿੰਡ ਦੇ ਇੱਕ ਵਿਅਕਤੀ ਦੀ ਇੱਥੇ ਹਾਦਸੇ ਵਿੱਚ ਮੌਤ ਹੋ ਗਈ ਸੀ ਜਿਸਦੀ ਲਾਸ਼ ਪਿੰਡ ਤੱਕ ਪਹੁੰਚਾਣ ਅਤੇ ਵਾਰਿਸਾਂ ਨੂੰ ਬਣਦਾ ਮੁਆਵਜ਼ਾ ਦਿਵਾਉਣ ਲਈ ਬਣਦੀ ਕਨੂੰਨੀ ਸਹਾਇਤਾ ਕੀਤੀ ਗਈ ਹੈ ਅਤੇ ਸੋਸਾਇਟੀ ਦੀਆਂ ਕੋਸ਼ਿਸਾਂ ਸਦਕਾ ਉਥੋਂ ਕਾਨੂੰਨੀ ਵਿਵਸਥਾ ਅਨੁਸਾਰ ਅਦਾਲਤ ਨੇ ਮ੍ਰਿਤਕ ਦੇ ਵਾਰਸਾਂ ਨੂੰ ਮੁਆਵਜ਼ਾ ਮਿਲਣ ਦਾ ਫੈਸਲਾ ਸੁਣਾਇਆ। 17 ਜਨਵਰੀ 2016 ਨੂੰ ਸੁਸਾਇਟੀ ਵਲੋਂ 30 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਮ੍ਰਿਤਕ ਦੇ ਵਾਰਸਾਂ ਨੂੰ ਸੌਂਪ ਦਿੱਤੀ ਗਈ।

**ਰਿਪੋਰਟ- ਕੁਲਦੀਪ ਚੰਦ**

# ਬਿਜਲੀ ਕੁਨੈਕਸ਼ਨ ਨਾ ਮੰਗਣ ਤੇ ਦਲਿਤ ਦੀ ਕੁੱਟਮਾਰ, ਪਿਸ਼ਾਬ ਪੀਣ ਲਈ ਕੀਤਾ ਮਜਬੂਰ

**ਬਰੇਲੀ-** ਕੁੰਵਰਪੁਰ ਬੰਜਰੀਆ ਪਿੰਡ ਵਿਚ ਇਕ ਦਲਿਤ ਜਾਤੀ ਦੇ ਨੌਜਵਾਨ ਨੂੰ ਪਿਸ਼ਾਬ ਪਿਆਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਬਾਅਦ ਇਲਾਕੇ ਵਿਚ ਤਣਾਅ ਦਾ ਮਾਹੌਲ ਹੈ।

ਪੂਰੀ ਘਟਨਾ ਲੜਕੇ ਦੇ ਘਰ ਦੇ ਸਾਹਮਣੇ ਬਿਜਲੀ ਦੇ ਪੋਲ ਲਗਾਉਣ ਨੂੰ ਲੈ ਕੇ ਹੋਈ। ਹੁਣ ਦਲਿਤ ਭਾਈਚਾਰੇ ਦੇ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਮਾਮਲੇ ਵਿਚ ਦੋਸ਼ੀਆਂ ਦੇ ਖਿਲਾਫ ਕਾਰਵਾਈ ਨਾ ਹੋਈ ਤਾਂ ਉਹ ਸੜਕਾਂ ਤੇ ਉਤਰਨਗੇ।

ਪੀੜਤ ਜਾਲਿਮ ਸਾਗਰ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਪਾਵਰ ਡਿਪਾਰਟਮੈਂਟ ਦੇ ਲੋਕ ਉਸਦੇ ਘਰ ਦੇ ਸਾਹਮਣੇ ਬਿਜਲੀ ਦਾ ਖੰਭਾ ਲਗਾ ਰਹੇ ਸਨ। ਇਸੇ ਵਿਚਕਾਰ ਮੌਕੇ ਤੇ ਰਾਠੌਰ ਕੰਬੂ ਨਿਟੀ ਦੇ ਲੋਕ ਪਹੁੰਚੇ। ਉਹਨਾਂ ਨੇ ਇਤਰਾਜ਼ ਕਰਦੇ ਹੋਏ ਕਿਹਾ ਕਿ ਇਕ ਦਲਿਤ ਨੂੰ ਇਸ ਕਿਸਮ ਦੀ ਸਹੂਲਤ ਨਹੀਂ ਮਿਲਣੀ ਚਾਹੀਦੀ। ਜਦੋਂ ਜਾਲਿਮ ਨੇ ਇਸਦਾ ਕਾਰਨ ਪੁੱਛਿਆ ਤਾਂ ਦੋਸ਼ੀਆਂ ਨੇ ਜਾਤੀਵਾਦੀ ਟਿੱਪਣੀਆਂ ਕਰਦੇ ਹੋਏ ਉਸਦੀ ਕੁੱਟਮਾਰ ਕੀਤੀ। ਉਹਨਾਂ ਨੇ ਉਸਨੂੰ ਜ਼ਮੀਨ ਤੇ ਸੁੱਟ ਦਿੱਤਾ ਅਤੇ ਉਸਨੂੰ ਪਿਸ਼ਾਬ ਪੀਣ ਲਈ ਮਜਬੂਰ ਕੀਤਾ। ਇੰਨੇ ਵਿਚ ਹੀ ਪਿੰਡ ਵਾਲਿਆਂ ਨੇ ਮੌਕੇ ਤੇ ਪਹੁੰਚ ਕੇ ਜਾਲਿਮ ਨੂੰ ਬਚਾਇਆ।

# ਤਿੰਨ ਰੋਜ਼ਾ ਆਲਮੀ ਪੰਜਾਬੀ ਕਾਨਫਰੰਸ 19 ਫਰਵਰੀ ਤੋਂ 21 ਫਰਵਰੀ

**ਚੰਡੀਗੜ੍ਹ-** ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੇ ਪ੍ਰਧਾਨ ਲਾਭ ਸਿੰਘ ਖੀਵਾ, ਸੀਨੀਅਰ ਮੀਤ ਪ੍ਰਧਾਨ ਅਤਰਜੀਤ, ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਅਤੇ ਕੌਮਾਂਤਰੀ ਇਲਮ ਦੇ ਪ੍ਰਧਾਨ ਤੇ ਸਕੱਤਰ ਸੁਸੀਲ ਦੁਸਾਂਝ ਨੇ ਦੱਸਿਆ ਕਿ ਪੰਜਾਬੀ ਕਲਾ ਭਵਨ, ਸੈਕਟਰ-16, ਚੰਡੀਗੜ੍ਹ ਵਿਚ ਕੌਮਾਂਤਰੀ ਪੰਜਾਬੀ ਇਲਮ ਨਾਲ ਮਿਲ ਕੇ ਅਤੇ ਪੰਜਾਬ ਕਲਾ ਪਰਿਸ਼ਦ ਦੇ ਸਹਿਯੋਗ ਨਾਲ ਤਿੰਨ ਰੋਜ਼ਾ (19 ਫਰਵਰੀ ਤੋਂ 21 ਫਰਵਰੀ) ਆਲਮੀ ਪੰਜਾਬੀ ਕਾਨਫਰੰਸ ਕੀਤੀ ਜਾ ਰਹੀ ਹੈ। ਇਹ ਕਾਨਫਰੰਸ ਦੇਸ਼ ਵਿਚ ਸਿਰਜੇ ਜਾ ਰਹੇ ਅਸਹਿਣਸ਼ੀਲ ਮਾਹੌਲ ਦੀ ਪਿੱਠ ਭੂਮੀ ਵਿਚ ਹੋ ਰਹੀ ਹੈ। ਇਸ ਦੇ ਸਮਵਿੱਥ ਪੰਜਾਬੀ ਮਾਂ ਬੋਲੀ ਨੂੰ ਅੰਦਰੋਂ-ਬਾਹਰੋਂ ਅਨੇਕਾਂ ਚੁਨੌਤੀਆਂ ਦਰਪੇਸ਼ ਹਨ। ਸਾਹਿਤਕਾਰਾਂ ਨੂੰ ਪਾਠਕਾਂ ਤੱਕ ਪਹੁੰਚਣ ਦੀਆਂ ਅਨੇਕਾਂ ਸਮੱਸਿਆਵਾਂ ਹਨ ਅਤੇ ਸਭਿਆਚਾਰਕ ਸਿਰਜਣਾਵਾਂ ਵਿਚ ਅਨੇਕਾਂ ਵਿਗਾੜ ਆ ਰਹੇ ਹਨ। ਇਨ੍ਹਾਂ ਸਭਨਾਂ ਦੇ ਮੱਦੇ ਨਜ਼ਰ ਇਹ ਕਾਨਫਰੰਸ ਬੇਹੱਦ ਮਹੱਤਵਪੂਰਣ ਹੈ।

ਉਦਘਾਟਨੀ ਸੈਸ਼ਨ ਵਿਚ ਪ੍ਰਮੁੱਖ ਬੁਲਾਰੇ ਦੇ ਤੌਰ 'ਤੇ ਬੀਰ ਭਾਰਤ ਤਲਵਾਰ ਅਸਹਿਣਸ਼ੀਲਤਾ ਦੇ ਮਾਹੌਲ ਵਿਚ ਭਾਸ਼ਾ, ਸਾਹਿਤ ਅਤੇ ਸਭਿਆਚਾਰ ਲਈ ਖਤਰੇ ਅਤੇ ਚੁਨੌਤੀਆਂ ਉੱਪਰ ਆਪਣੇ ਵਿਚਾਰ ਰੱਖਣਗੇ।




ਅਗਲੇ ਸੈਸ਼ਨਾਂ ਦੇ ਪ੍ਰਮੁੱਖ ਵਕਤਾ ਹਨ : ਡਾ. ਜੋਗਾ ਸਿੰਘ, ਡਾ. ਸੁਖਦੇਵ ਸਿੰਘ, ਡਾ. ਸੁਰਜੀਤ ਸਿੰਘ ਭੱਟੀ ਅਤੇ ਵਰਿਆਮ ਸਿੰਘ ਸੰਧੂ। ਇਨ੍ਹਾਂ ਸੈਸ਼ਨਾਂ ਦੀ ਪ੍ਰਧਾਨਗੀ ਡਾ. ਜੋਗਿੰਦਰ ਸਿੰਘ ਪੁਆਰ, ਗੁਲਜ਼ਾਰ ਸਿੰਘ ਸੰਧੂ, ਡਾ. ਜਸਵਿੰਦਰ ਸਿੰਘ ਅਤੇ ਜਰਨੈਲ ਸਿੰਘ ਕਹਾਣੀਕਾਰ ਕਰਨਗੇ। ਇਨ੍ਹਾਂ ਸੈਸ਼ਨਾਂ ਵਿਚ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਸਮਕਾਲੀ ਪੰਜਾਬੀ ਸਭਿਆਚਾਰ ਦੇ ਨਾਲ ਨਾਲ ਪੰਜਾਬੋਂ ਬਾਹਰ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਭਵਿੱਖ ਉੱਪਰ ਨਿੱਠ ਕੇ ਵਿਚਾਰਾਂ ਹੋਣਗੀਆਂ। ਇਨ੍ਹਾਂ ਵਿਚਾਰਾਂ ਵਿਚ ਸੁਰਜੀਤ ਪਾਤਰ, ਮੋਹਨ ਭੰਡਾਰੀ, ਗੁਰਬਚਨ ਭੁੱਲਰ, ਅਜਮੇਰ ਔਲਖ, ਹਰਭਜਨ ਸਿੰਘ ਹੁੰਦਲ, ਬਲਦੇਵ ਸਿੰਘ ਸੜਕਨਾਮਾ, ਆਤਮਜੀਤ, ਡਾ. ਰਾਜਿੰਦਰ ਸਿੰਘ ਗਿੱਲ, ਦੀਪਕ ਮਨਮੋਹਨ ਸਿੰਘ, ਗੁਰਭਜਨ ਗਿੱਲ, ਡਾ. ਸੁਖਵਿੰਦਰ ਸਿੰਘ ਸੰਘਾ, ਡਾ. ਸੁਮਨਪ੍ਰੀਤ ਕੌਰ, ਡਾ. ਬੂਟਾ ਸਿੰਘ ਬਰਾੜ, ਹਰਵਿੰਦਰ ਭੰਡਾਲ, ਮੇਜਰ ਮਾਂਗਟ, ਡਾ. ਸਰਬਜੀਤ ਸਿੰਘ, ਡਾ. ਬਲਦੇਵ ਸਿੰਘ ਧਾਲੀਵਾਲ, ਡਾ. ਭੀਮ ਇੰਦਰ ਸਿੰਘ, ਡਾ. ਸੁਖਪਾਲ ਸਿੰਘ ਥਿੰਦ, ਤਸਕੀਨ, ਡਾ. ਰਵੀ ਰਵਿੰਦਰ, ਬਲਬੀਰ ਕੌਰ ਸੰਘੇੜਾ, ਡਾ. ਭੁਪਿੰਦਰ ਸਿੰਘ ਖਹਿਰਾ, ਡਾ. ਕਿਰਪਾਲ ਕਜ਼ਾਕ, ਡਾ. ਦਰਿਆ, ਡਾ. ਹਰਵਿੰਦਰ ਸਿੰਘ ਸਿਰਸਾ, ਕਿਰਪਾਲ ਸਿੰਘ ਪੰਨੂੰ, ਖਾਲਿਦ ਹੁਸੈਨ, ਸੁਵਰਨ ਸਿੰਘ ਵਿਰਕ, ਹਰਦੇਵ ਸਿੰਘ ਗਰੇਵਾਲ, ਅਹਿਮਦ ਸਲੀਮ, ਮੁਸ਼ਤਾਕ ਸੂਫੀ, ਸਈਦ ਖਾਂਬਰ ਭੁੱਟਾ ਅਤੇ ਅਨੇਕਾਂ ਹੋਰ ਵਿਦਵਾਨ ਸ਼ਾਮਿਲ ਹੋਣਗੇ। ਸ਼ੁਰੂਆਤ ਵਿਚ ਬੀਬੀ ਹਰਜਿੰਦਰ ਕੌਰ ਚੇਅਰ ਪਰਸਨ ਪੰਜਾਬ ਕਲਾ ਪਰੀਸ਼ਦ ਕਾਨਫਰੰਸ ਦੀ ਸ਼ੁਰੂਆਤ ਆਪਣੇ ਸਵਾਗਤੀ ਸ਼ਬਦਾਂ ਨਾਲ਼ ਕਰਨੇ।

# ਸਾਨੀਆ, ਸਾਇਨਾ ਨੂੰ ਪਦਮ ਭੂਸ਼ਨ ਅਤੇ ਦੀਪਿਕਾ ਨੂੰ ਪਦਮਸ਼੍ਰੀ ਪੁਰਸਕਾਰ

**ਨਵੀਂ ਦਿੱਲੀ-** ਇਸ ਵਾਰ ਖੇਡਾਂ ਵਿੱਚ ਪਦਮ ਪੁਰਸਕਾਰਾਂ ਵਿੱਚ ਮਹਿਲਾ ਖਿਡਾਰਨਾਂ ਦਾ ਦਬਦਬਾ ਬਣ ਗਿਆ ਹੈ। ਟੈਨਿਸ ਸਟਾਰ ਸਾਨੀਆ ਮਿਰਜ਼ਾ ਅਤੇ ਬੈਡਮਿੰਟਨ ਸਟਾਰ ਸਾਇਨਾ ਨੇਹਵਾਲ ਨੂੰ ਪਦਮ ਭੂਸ਼ਨ ਅਤੇ ਤੀਰ ਅੰਦਾਜ਼ ਟੀਪਿਕਾ ਕੁਮਾਰੀ ਨੂੰ ਪਦਮਸ਼੍ਰੀ ਪੁਰਸਕਾਰ ਲਈ ਚੁਣਿਆ ਗਿਆ ਹੈ। ਇਨ੍ਹਾ ਤਿੰਨਾਂ ਖਿਡਾਰਨਾਂ ਨੇ ਪਿਛਲੇ ਸਾਲ ਸ਼ਾਨਦਾਰ ਪਰਦਰਸ਼ਨ ਕਰਦਿਆਂ ਦੇਸ਼ ਮਾਣ ਵਿੱਚ ਵਾਧਾ ਕੀਤਾ ਹੈ। ਸਾਨੀਆ ਨੇ ਮਹਿਲਾ ਡਬਲਜ਼ ਵਿੱਚ ਸਵਿਟਜ਼ਰਲੈਂਡ ਦੀ ਮਾਰਟੀਨਾ ਹਿੰਗੀਜ਼ ਨਾਲ ਮਿਲਕੇ ਦੋ ਗਰੈਂਡ ਸਲੈਮ ਖਿਤਾਬਾਂ ਸਣੇ ਕੁੱਲ 9 ਖਿਤਾਬ ਜਿੱਤੇ ਹਨ।

ਉਹ ਟੈਨਿਸ ਦੀ ਆਲਮੀ ਦਰਜਾਬੰਦੀ ਵਿੱਚ ਸਿਖਰਲੇ ਦਰਜੇ ਉੱਤੇ ਪੁੱਜਣ ਵਿੱਚ ਕਾਮਯਾਬ ਰਹੀ ਹੈ। ਸਾਨੀਆ ਨੇ ਪੁਰਸਕਾਰ ਮਿਲਣ ਉੱਤੇ ਕਿਹਾ ਕਿ ਉਸਨੂੰ ਜੀਵਨ ਵਿੱਚ ਹੋਰ ਖਿਤਾਬ ਜਿੱਤਣ ਲਈ ਪ੍ਰੇਰਣਾ ਮਿਲੇਗੀ। ਸਾਇਨਾ ਨੇਹਵਾਲ ਨੇ ਵੀ ਆਲ ਇੰਗਲੈਂਡ ਅਤੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਚਾਂਦੀ ਦੇ ਤਗਮੇ ਜਿੱਤਣ ਨਾਲ ਇੰਡੀਆ ਓਪਨ ਸੁਪਰ ਸੀਰੀਜ਼ ਅਤੇ ਸਈਅਦ ਮੋਦੀ ਗ੍ਰਾਂ ਪ੍ਰੀ ਵਿੱਚ ਕਾਂਸੀ ਦੇ ਤਗਮੇ ਜਿੱਤੇ ਹਨ। ਉਸਨੇ ਪਰਸਕਾਰ ਦੇਣ ਲਈ ਮੰਤਰਾਲੇ ਦਾ ਧੰਨਵਾਦ ਕੀਤਾ।



ਸਤਿੰਦਰਪਾਲ ਸਿੰਘ ਭਾਟੀਆਂ ਤੇ ਦਮਨਪ੍ਰੀਤ ਕੌਰ ਵਾਸੀ ਕਾਦੀਆਂ (ਗੁਰਦਾਸਪੁਰ) ਨੂੰ 16ਵੀਂ ਵਰੇ ਗੰਢ ਦੀਆਂ ਬਹੁਤ ਬਹੁਤ ਵਧਾਈਆਂ।

# ਸੰਘੇ ਖ਼ਾਲਸੇ ਦਾ ਤਿੰਨ ਰੋਜ਼ਾ ਸਭਿਆਚਾਰਕ ਤੇ ਖੇਡ ਮੇਲਾ ਸੰਪਨ

## ਸਵਰਗੀ ਸਤਨਾਮ ਸਿੰਘ ਰੰਧਾਵਾ ਅਵਾਰਡ ਨਰਿੰਦਰ ਸਿੰਘ ਕੰਗ ਨੂੰ

ਪਿੰਡ ਸੰਘੇ ਖ਼ਾਲਸੇ ਦਾ ਤਿੰਨ ਰੋਜ਼ਾ ਸਭਿਆਚਾਰਕ ਤੇ ਖੇਡ ਮੇਲਾ ਸਫਲਤਾ ਅਤੇ ਨਵੇਂ ਆਯਾਮ ਸਿਰਜਦਾ ਹੋਇਆ ਸੰਪਨ ਹੋ ਗਿਆ। ਲੋਕਾਂ ਨਾਲ ਆਪਣੀ ਮਹਾਨ ਵਿਰਾਸਤ ਨਾਲ ਜੋੜਨ ਗੁਰਬਾਣੀ ਦਾ ਪਾਠ ਅਤੇ ਕੀਰਤਨ ਕਰਵਾਇਆ ਗਿਆ। ਦੋ ਦਿਨਾਂ ਦੇ ਖੇਡ ਮੇਲੇ ਵਿੱਚ ਕਬੱਡੀ, ਵਾਲੀਬਾਲ ਅਤੇ ਰੱਸਾ-ਕਸ਼ੀ ਦੇ ਮੁਕਾਬਲੇ ਕਰਵਾਏ ਗਏ। ਖੇਡ ਮੇਲੇ ਦਾ ਉਦਘਾਟਨ ਪ੍ਰਸਿੱਧ ਵਾਲੀਬਾਲ ਕੋਚ ਸ੍ਰੀ ਅਮਰੀਕ ਸਿੰਘ ਨੇ ਕੀਤਾ। ਇਨਾਮਾਂ ਦੀ ਵੰਡ ਡੀ. ਐੱਸ. ਪੀ. ਨਕੋਦਰ ਸ੍ਰੀ ਬਲਕਾਰ ਸਿੰਘ ਨੇ ਕੀਤੀ।

ਕਬੱਡੀ 55 ਕਿੱਲੋ ਦਾ ਪਹਿਲਾ ਇਨਾਮ ਪਿੰਡ ਸੂਸਾਂ ਤੇ ਦੂਜਾ ਸੰਘੇ ਖ਼ਾਲਸਾ, ਕਬੱਡੀ (ਲੜਕੀਆਂ) ਚੋਂ ਪਹਿਲਾ ਇਨਾਮ ਨਵਾਂ ਸ਼ਹਿਰ ਅਤੇ ਦੂਜਾ ਕੋਟਲੀ ਥਾਨ ਸਿੰਘ। ਵਾਲੀਬਾਲ 55 ਕਿੱਲੋ ਦਾ ਪਹਿਲਾ ਇਨਾਮ ਸੰਘੇ ਖ਼ਾਲਸਾ ਤੇ ਦੂਜਾ ਵਿਰਕ, ਵਾਲੀਬਾਲ (ਓਪਨ) ਦਾ ਪਹਿਲਾ ਇਨਾਮ ਸਰਹਾਲਾ ਅਤੇ ਦੂਜਾ ਮਹਿਸਮਪੁਰ, ਰੱਸਾ-ਕਸ਼ੀ (ਓਪਨ) ਦਾ ਪਹਿਲਾ ਇਨਾਮ ਸ਼ੰਕਰ ਅਤੇ ਦਜਾ ਇਨਾਮ ਨੂਰਪੁਰ ਚੱਠਾ ਦੀ ਟੀਮ ਨੇ ਜਿੱਤਿਆ, ਵਾਲੀਬਾਲ ਕੋਚ ਬਲਕਾਰ ਸਿੰਘ ਅਤੇ ਅਮਰੀਕ ਸਿੰਘ, ਕਬੱਡੀ ਕੋਚ ਗੁਰਦੀਪ ਸਿੰਘ ਸੰਧੂ, ਹਰਮੇਲ ਮੇਲੋਂ, ਪਰਮਜੀਤ ਪੰਮਾ ਅਤੇ ਬਲਕਾਰ ਬਿੱਟੂ (ਨਜ਼ਾਮੀਪੁਰ) ਨੇ ਇਸ ਖੇਡ ਮੇਲੇ ਦੇ ਮੈਚ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਮੇਲੇ ਦੌਰਾਨ ਸਾਹਿਤ, ਸੱਭਿਆਚਾਰ, ਵਿਗਿਆਨ ਅਤੇ ਇਤਿਹਾਸ ਨਾਲ ਸਬੰਧਿਤ ਪ੍ਰਸ਼ਨੋਤਰੀ ਮੁਕਾਬਲਾ ਕਰਵਾਇਆ ਗਿਆ ਜਿਸ ਦੇ ਸੰਚਾਲਨ ਵਿੱਚ ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ, ਡਾ. ਰਾਮ ਮੂਰਤੀ, ਡਾ. ਹਰਨੇਕ ਸਿੰਘ ਹੇਅਰ, ਲੈਕਚਰਾਰ ਜਿੰਗਾ ਸਿੰਘ, ਮਦਨ ਲਾਲ ਵਿਮਲ ਕੁਮਾਰ, ਅਤੇ ਪਰਸ਼ੋਤਮ ਲਾਲ ਸਰੋਏ ਨੇ ਅਹਿਮ ਭੂਮਿਕਾ ਨਿਭਾਈ।

ਇਸ ਮੁਕਾਬਲੇ ਦਾ ਪਹਿਲਾ ਇਨਾਮ ਪ੍ਰਭਜੋਤ ਕੌਰ, ਦੂਜਾ ਇਨਾਮ ਹਰਦੀਪ ਕੌਰ, ਅਤੇ ਤੀਜਾ ਪਵਨਦੀਪ ਕੌਰ (ਤਿੰਨੋਂ ਗੁਰੂ ਨਾਨਕ ਨੈਸ਼ਨਲ ਕਾਲਜ ਫ਼ਾਰ ਵਿਮਿਨ, ਨਕੋਦਰ) ਦੀਆਂ ਵਿਦਿਆਰਥਣਾਂ ਨੇ ਜਿੱਤੇ। ਇਸ ਤੋਂ ਇਲਾਵਾ ਬਾਰਾਂ ਹੌਸ਼ਲਾ ਵਧਾਊ ਇਨਾਮ ਵੀ ਦਿੱਤੇ ਗਏ। ਮੇਲੇ ਦੇ ਆਖ਼ਰੀ ਦਿਨ ਗਾਇਕ ਨਵਜੀਤ ਗਿੱਲ ਨੇ ਨਿਰੋਲ ਸੱਭਿਆਚਾਰਕ ਗਾਇਕੀ ਪੇਸ਼ ਕਰਦਿਆਂ ਵਾਹ ਵਾਹ ਖੱਟੀ। ਸ੍ਰੀ ਮੇਘਰਾਜ ਰੱਲਾ ਦੀ ਨਿਰਦੇਸ਼ਨਾਂ ਹੇਠ ਦਵਿੰਦਰ ਦਮਨ ਦਾ ਨਾਟਕ 'ਛਿਪਣ ਤੋਂ ਪਹਿਲਾਂ' ਖੇਡਿਆ ਗਿਆ ਜਿਸ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। ਉਪਰੰਤ ਸਕੂਲਾਂ ਕਾਲਜਾਂ ਦੇ ਕਰੀਬ ਢਾਈ ਸੌ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਪ੍ਰਿੰਸੀਪਲ ਸਰਾਏ ਨੇ ਪੰਜਾਬੀ ਸੱਥ ਵੱਲੋਂ ਤਿੰਨ ਸੌ ਮਿਆਰੀ ਪੁਸਤਕਾਂ ਵਿਦਿਆਰਥੀਆਂ ਨੂੰ ਵੰਡੀਆਂ। ਡਾ. ਰਾਮ ਮੂਰਤੀ ਦੀ ਪਿੰਡ ਸੰਘੇ ਖਾਲਸੇ ਤੋਂ ਪ੍ਰਭਾਵਿਤ ਹੋ ਕੇ ਲਿਖੀ ਗਈ ਪੁਸਤਕ 'ਕਥਾ ਬਿਖੜੇ ਰਾਹਾਂ ਦੀ' ਰਿਲ੍ਹੀ ਕੀਤੀ ਗਈ। ਇਸ ਦਿਨ ਦੇ ਮੁੱਖ ਮਹਿਮਾਨ ਸਨ ਸ੍ਰੀ ਅਰਪਿਤ ਸ਼ੁਕਲਾ (ਆਈ. ਪੀ. ਐੱਸ.), ਆਈ. ਜੀ. ਜਲੰਧਰ ਜੋਨ, ਡਾ. ਜੇ. ਐੱਸ. ਖੇੜਾ (ਪ੍ਰਧਾਨ ਮਨੁੱਖੀ ਅਧਿਕਾਰ ਮੰਚ), ਡਾ. ਸੁਖਵਿੰਦਰ ਕੌਰ ਸੰਘਾ, ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਿਲ ਹੋਏ। ਇਹ ਤਿੰਨ ਰੋਜ਼ਾ ਸੱਭਿਆਚਾਰਕ ਤੇ ਖੇਡ ਮੇਲਾ ਸੰਘੇ ਖ਼ਾਲਸਾ ਓਵਰਸੀਜ਼ ਵੈਲਫ਼ੇਅਰ ਕਮੇਟੀ (ਰਜਿ.) ਦੇ ਐਕਟਿਵ ਮੈਂਬਰ ਨਿਰਮਿਲ ਸਿੰਘ ਸੰਘਾ ਦੀ ਅਗਵਾਈ ਵਿੱਚ ਸੰਪਨ ਹੋਇਆ ਜੋ ਯੂ. ਕੇ. ਤੋਂ ਇਸ ਮੇਲੇ ਦੀ ਕਮਾਂਡ ਸੰਭਾਲ ਰਹੇ ਸਨ।

**ਰਿਪੋਰਟ ਡਾ. ਰਾਮ ਮੂਰਤੀ**

# ਵੇਮੁਲਾ ਆਤਮ ਹੱਤਿਆ ਦੀ ਜੁਡੀਸ਼ੀਅਲ ਕਮਿਸ਼ਨ ਕਰੇਗਾ ਜਾਂਚ

**ਹੈਦਰਾਬਾਦ–** ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਦੇ ਦਲਿਤ ਖੋਜਾਰਥੀ ਰੋਹਿਤ ਵੇਮੁਲਾ ਵੱਲੋਂ ਖੁਦਕੁਸ਼ੀ ਤੋਂ ਬਾਅਦ ਪੈਦਾ ਹੋਏ ਹਾਲਾਤ 'ਤੇ ਮਿੱਟੀ ਪਾਉਣ ਲਈ ਕੇਂਦਰ ਨੇ ਜੁਡੀਸ਼ੀਅਲ ਕਮਿਸ਼ਨ ਬਣਾਉਣ ਦਾ ਫੈਸਲਾ ਕੀਤਾ ਹੈ। ਯੂਨੀਵਰਸਿਟੀ ਨੇ ਵੀ ਮਾਹੌਲ ਠੰਡਾ ਕਰਨ ਲਈ ਰੋਹਿਤ ਦੇ ਪਰਿਵਾਰ ਨੂੰ 8 ਲੱਖ ਰੁਪਏ ਦੀ ਮਾਲੀ ਸਹਾਇਤਾ ਦੇਣ ਦਾ ਐਲਾਨ ਕੀਤਾ ਪਰ ਵਿਰੋਧ ਪ੍ਰਦਰਸ਼ਨਾਂ ਵਿਚਕਾਰ ਕੇਂਦਰੀ ਮੰਤਰੀਆਂ ਸਮ੍ਰਿਤੀ ਇਰਾਨੀ ਅਤੇ ਬੰਦਾਰੂ ਦੱਤਾਤ੍ਰੇਅ ਅਤੇ ਵਾਈਸ ਚਾਂਸਲਰ ਨੂੰ ਹਟਾਉਣ ਦੀ ਮੰਗ ਨੂੰ ਲੈ ਕੇ ਸੱਤ ਵਿਦਿਆਰਥੀਆਂ ਦੀ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਜਾਰੀ ਹੈ।

ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਨੇ ਤੱਥ ਜੁਟਾਉਣ ਵਾਲੀ ਟੀਮ ਦੀ ਰਿਪੋਰਟ ਦੇ ਆਧਾਰ 'ਤੇ ਜੁਡੀਸ਼ੀਅਲ ਕਮਿਸ਼ਨ ਬਣਾਉਣ ਦਾ ਫੈਸਲਾ ਲਿਆ ਹੈ ਜੋ ਦਲਿਤ ਖੋਜਾਰਥੀ ਰੋਹਿਤ ਵੇਮੁਲਾ ਵੱਲੋਂ ਖੁਦਕੁਸ਼ੀ ਜਿਹਾ ਕਦਮ ਚੁੱਕਣ ਲਈ ਪੈਦਾ ਹੋਏ ਹਾਲਾਤ ਦੀ ਜਾਂਚ ਕਰੇਗਾ। ਮੰਤਰਾਲੇ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਕਮਿਸ਼ਨ ਵੱਲੋਂ ਤਿੰਨ ਮਹੀਨਿਆਂ ਅੰਦਰ ਰਿਪੋਰਟ ਸੌਂਪੀ ਜਾਵੇਗੀ। ਇਕ ਅਧਿਕਾਰੀ ਨੇ ਕਿਹਾ ਕਿ ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਹੈਦਰਾਬਾਦ ਹਾਈ ਕੋਰਟ ਦੇ ਰਜਿਸਟਰਾਰ ਨੂੰ ਕਮਿਸ਼ਨ ਬਣਾਉਣ ਲਈ ਪੱਤਰ ਲਿਖ ਸਕਦਾ ਹੈ।

ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਦੇ ਦੋ ਅਧਿਕਾਰੀਆਂ 'ਤੇ ਆਧਾਰਿਤ ਤੱਥ ਜੁਟਾਉਣ ਲਈ ਭੇਜੀ ਗਈ ਟੀਮ ਨੇ ਯੂਨੀਵਰਸਿਟੀ ਦਾ ਦੌਰਾ ਕਰਕੇ ਸੌਂਪੀ ਰਿਪੋਰਟ ਵਿਚ ਕਿਹਾ ਗਿਆ ਕਿ ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਕੁਝ ਮਾਮਲਿਆਂ 'ਚ ਜਜ਼ਬਾਤ ਦੀ ਕਮੀ ਦਿਖਾਈ, ਜਿਸ ਕਾਰਨ ਰੋਹਿਤ ਨੂੰ ਖੁਦਕੁਸ਼ੀ ਲਈ ਮਜਬੂਰ ਹੋਣਾ ਪਿਆ।

**ਨਾਅਰੇਬਾਜ਼ੀ ਦੌਰਾਨ ਟੁੱਟੀ ਮੋਦੀ ਦੀ ਖਾਮੋਸ਼ੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਲਿਤ ਵਿਦਿਆਰਥੀ ਦੀ ਖੁਦਕੁਸ਼ੀ ਤੇ ਖਾਮੋਸ਼ੀ ਤੋੜਦਿਆਂ ਅਫਸੋਸ ਜਤਾਇਆ ਪਰ ਇਸ ਦੌਰਾਨ ਉਹਨਾਂ ਖਿਲਾਫ ਕੁਝ ਵਿਦਿਆਰਥੀਆਂ ਨੇ ਨਾਅਰੇਬਾਜ਼ੀ ਵੀ ਕੀਤੀ। ਜਜ਼ਬਾਤੀ ਦਿੱਖ ਰਹੇ ਸ੍ਰੀ ਮੋਦੀ ਨੇ ਕਿਹਾ ਕਿ ਜਦੋਂ ਇਹ ਖਬਰ ਮਿਲਦੀ ਹੈ ਕਿ ਮੇਰੇ ਮੁਲਕ ਦੇ ਜਵਾਨ ਬੇਟੇਰੋਹਿਤ ਨੂੰ ਖੁਦਕੁਸ਼ੀ ਲਈ ਮਜਬੂਰ ਹੋਣਾ ਪਿਆ ਤਾਂ ਅਫਸੋਸ ਹੁੰਦਾ ਹੈ। ਉਸ ਦੇ ਪਰਿਵਾਰ 'ਤੇ ਕੀ ਵਾਪਰਿਆ ਹੋਵੇਗਾ। ਭਾਰਤ ਮਾਤਾ ਨੇ ਆਪਣਾ ਲਾਲ ਗੁਆ ਦਿੱਤਾ। ਇਸ ਦੇ ਕਾਰਨ ਅਤੇ ਸਿਆਸਤ ਆਪਣੀ ਥਾਂ 'ਤੇ ਹੋਣਗੇ ਪਰ ਸਚਾਈ ਇਹ ਹੈ ਕਿ ਇਕ ਮਾਂ ਦਾ ਬੇਟਾ ਚਲਾ ਗਿਆ ਹੈ। ਮੈਂ ਉਸ ਦੇ ਪਰਿਵਾਰ ਦੇ ਦਰਦ ਨੂੰ ਸਮਝ ਸਕਦਾ ਹਾਂ। ਸ੍ਰੀ ਮੋਦੀ ਬੀ. ਆਰ. ਅੰਬੇਡਕਰ ਯੂਨੀਵਰਸਿਟੀ ਦੀ ਕਾਨਵੋਕੇਸ਼ਨ ਮੌਕੇ ਮੁੱਖ ਮਹਿਮਾਨ ਸਨ।

ਉਹ ਜਿਵੇਂ ਹੀ ਬੋਲਣ ਲਈ ਖੜ੍ਹੇ ਹੋਏ ਤਾਂ ਦੋ ਕੁ ਵਿਦਿਆਰਥੀਆਂ ਨੇ ਮੋਦੀ ਮੁਰਦਾਬਾਦ, ਮੋਦੀ ਵਾਪਸਜਾਓ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਆਰੰਭ ਕਰ ਦਿੱਤੇ।

# ਬਸਪਾ ਲਈ ਮਜਬੂਰੀ ਬਣ ਗਿਆ ਹੈ ਹੁਣ ਗੱਠਜੋੜ

ਬਸਪਾ ਦੀ ਸਥਾਪਨਾ ਦੇ ਸਮੇਂ ਇਸਦੇ ਸੰਸਥਾਪਕ ਕਾਂਸ਼ੀ ਰਾਮ ਦਾ ਕਥਨ ਸੀ ਕਿ ਜਿੰਨੀ ਵਾਰ ਸਰਕਾਰ ਡਿੱਗੇਗੀ, ਬਸਪਾ ਨੂੰ ਆਪਣਾ ਆਧਾਰ ਉਨਾ ਹੀ ਵਧਾਉਣ ਦਾ ਮੌਕਾ ਮਿਲੇਗਾ। ਲਿਹਾਜਾ ਕਿਸੇ ਪਾਰਟੀ ਨਾਲ ਗੱਠਜੋੜ ਨਹੀਂ ਹੋਣਾ ਚਾਹੀਦਾ ਪਰ ਬਸਪਾ ਦੇ ਗਠਨ ਤੋਂ ਤਿੰਨ ਦਹਾਕਿਆਂ ਬਾਅਦ ਇਸਦੇ ਸੰਸਥਾਪਕ ਕਾਂਸ਼ੀ ਰਾਮ ਦੇ ਗ੍ਰਹਿ ਸੂਬੇ ਪੰਜਾਬ ਵਿਚ ਹੀ ਪਾਰਟੀ ਡੁੱਬਦੀ ਨਜ਼ਰ ਆ ਰਹੀ ਹੈ। ਅਗਲੀਆਂ ਚੋਣਾਂ ਵਿਚ ਬਸਪਾ ਨੇ ਕਿਸੇ ਨਾਲ ਗੱਠਜੋੜ ਨਾ ਕੀਤਾ ਤਾਂ ਪੰਜਾਬ ਵਿਚ ਬਸਪਾ ਦੀ ਹੋਂਦ 'ਤੇ ਹੀ ਸਵਾਲ ਖੜ੍ਹਾ ਹੋ ਜਾਵੇਗਾ। ਇਸਦਾ ਸੰਕੇਤ 2014 ਦੀਆਂ ਲੋਕ ਸਭਾ ਚੋਣਾਂ ਵਿਚ ਮਿਲ ਚੁੱਕਾ ਹੈ। 1992 ਦੀਆਂ ਲੋਕ ਸਭਾ ਚੋਣਾਂ ਵਿਚ ਲੱਗਭੱਗ 20 ਫੀਸਦੀ ਵੋਟ ਸ਼ੇਅਰ ਹਾਸਲ ਕਰਨ ਵਾਲੀ ਬਸਪਾ 2014 ਵਿਚ 2 ਫੀਸਦੀ ਵੋਟ ਸ਼ੇਅਰ ਵੀ ਹਾਸਲ ਨਹੀ ਕਰ ਸਕੀ ਹੈ। ਅਜਿਹੇ ਵਿਚ ਸਵਾਲ ਉੱਠ ਰਹੇ ਹਨ ਕਿ ਕੀ ਬਸਪਾ ਪੰਜਾਬ ਵਿਚ ਕਿਸੇ ਪਾਰਟੀ ਨਾਲ ਗੱਠਜੋੜ ਕਰੇਗੀ। ਹਾਲਾਂਕਿ ਪਾਰਟੀ ਦੇ ਕਾਂਗਰਸ ਨਾਲ ਉਤਰ ਪ੍ਰਦੇਸ਼ ਅਤੇ ਪੰਜਾਬ ਵਿਚ ਗੱਠਜੋੜ 'ਤੇ ਗੱਲ ਸ਼ੁਰੂ ਕੀਤੇ ਜਾਣ ਦੀ ਚਰਚਾ ਹੈ ਪਰ ਇਸ ਸਬੰਧੀ ਅਧਿਕਾਰਕ ਤੌਰ 'ਤੇ ਕੋਈ ਨਹੀਂ ਬੋਲ ਰਿਹਾ। ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਉਤਰ ਪ੍ਰਦੇਸ਼ ਵਿਚ ਮੁਸਲਿਮ ਵੋਟਾਂ ਦੀ ਵੰਡ ਰੋਕਣ ਲਈ ਬਸਪਾ ਕਾਂਗਰਸ ਨਾਲ ਹੱਥ ਮਿਲਾ ਸਕਦੀ ਹੈ ਅਤੇ ਜੇ ਯੂ. ਪੀ. ਵਿਚ ਦੋਵੇਂ ਸਿਰੇ ਚੜ੍ਹੇ ਤਾਂ ਪੰਜਾਬ ਵਿਚ ਵੀ ਗੱਠਜੋੜ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੰਜਾਬ ਜਿਵੇਂ ਦਲਿਤ ਬਹੁਲ ਸੂਬੇ ਤੋਂ ਸ਼ੁਰੂ ਹੋਈ ਬਸਪਾ ਦੀ ਲੋਕ ਸਭਾ ਵਿਚ ਬੋਹਣੀ ਵੀ ਪੰਜਾਬ ਨਾਲ ਹੀ ਹੋਈ ਸੀ। 1989 ਦੀਆਂ ਲੋਕ ਸਭਾ ਚੋਣਾਂ ਵਿਚ ਬਸਪਾ ਪੰਜਬ ਅਤੇ ਉਤਰ ਪ੍ਰਦੇਸ਼ ਵਿਚ ਇਕ-ਇਕ ਸੀਟ 'ਤੇ ਚੋਣ ਜਿੱਤੀ ਸੀ। ਇਸ ਤੋਂ ਬਾਅਦ ਉਤਰ ਪ੍ਰਦੇਸ਼ ਵਿਚ ਤਾਂ ਬਸਪਾ ਦਾ ਆਧਾਰ ਵਧਦਾ ਗਿਆ ਪਰ ਪੰਜਾਬ ਵੱਲ ਪਾਰਟੀ ਨੇ ਧਿਆਨ ਨਹੀਂ ਦਿੱਤਾ। ਲਿਹਾਜਾ ਪਰਟੀ ਦਾ ਗ੍ਰਾਫ ਲਗਾਤਾਰ ਡਿੱਗ ਰਿਹਾ ਹੈ। 2011 ਦੇ ਅੰਕੜਿਆਂ ਮੁਤਾਬਕ ਪੰਜਬ ਵਿਚ 28.9 ਫੀਸਦੀ ਦਲਿਤ ਹਨ। ਇਸ ਲਈ ਬਸਪਾ ਲਈ ਪੰਜਾਬ ਵਿਚ ਮੌਕੇ ਤਾਂ ਹਨ ਪਰ ਜੇ ਬਸਪਾ ਪਹਿਲਾਂ ਵਾਂਗ ਇਕੱਲੀ ਮੈਦਾਨ ਵਿਚ ਉਤਰੀ ਤਾਂ ਸੰਭਾਵਨਾ ਸਿਫਰ ਹੀ ਹੈ। **(ਧੰਨਵਾਦ ਸਹਿਤ ਜੱਗ ਬਾਣੀ)**

### ਪੰਜਾਬ 'ਚ ਬਸਪਾ ਦਾ ਪ੍ਰਦਰਸ਼ਨ

**ਵਿਧਾਨ ਸਭਾ ਚੋਣਾਂ**

| ਸਾਲ | ਚੋਣਾਂ ਲੜੀਆਂ | ਸੀਟਾਂ ਜਿੱਤੀਆਂ | ਵੋਟ ਮਿਲੇ | ਵੋਟ ਪ੍ਰਤੀਸ਼ਤ |
|---|---|---|---|---|
| 1992 | 105 | 9 | 490552 | 16.32 |
| 1997 | 67 | 1 | 769675 | 07.48 |
| 2002 | 100 | 0 | 588579 | 05.69 |
| 2007 | 115 | 0 | 521972 | 04.13 |
| 2012 | 117 | 0 | 597020 | 04.29 |

**ਲੋਕ ਸਭਾ ਚੋਣਾਂ**

| ਸਾਲ | ਚੋਣਾਂ ਲੜੀਆਂ | ਸੀਟਾਂ ਜਿੱਤੀਆਂ | ਵੋਟ ਮਿਲੇ | ਵੋਟ ਪ੍ਰਤੀਸ਼ਤ |
|---|---|---|---|---|
| 1989 | 12 | 1 | 684763 | 08.62 |
| 1992 | 12 | 1 | 594628 | 19.71 |
| 1996 | 04 | 3 | 825565 | 09.35 |
| 1998 | 04 | 0 | 1152986 | 12.65 |
| 2004 | 13 | 0 | 784454 | 07.67 |
| 2009 | 13 | 0 | 680048 | 05.75 |
| 2014 | 13 | 0 | 263227 | 01.91 |

### ਦਲਿਤ ਰਿਸਰਚ ਸਕਾਲਰ ਦੀ ਖੁਦਕੁਸ਼ੀ ਦਾ ਮਾਮਲਾ

# ਸਰਕਾਰ ਵਾਈਸ ਚਾਂਸਲਰ ਅਤੇ ਸਬੰਧਤ ਮੰਤਰੀਆਂ ਦੇ ਅਸਤੀਫੇ ਲਵੇ

ਆਖਿਰ ਵਿਦਿਆਰਥੀਆਂ ਤੇ ਸਮਾਜ ਦੇ ਦੂਸਰੇ ਤਬਕਿਆਂ ਦੇ ਰੋਸ ਨੂੰ ਵੇਖਦਿਆਂ ਅਤੇ ਜਬਰਦਸਤ ਸਿਆਸੀ ਪ੍ਰਤੀਕਰਮ ਕਾਰਨ ਹੈਦਰਾਬਾਦ ਯੂਨੀਵਰਸਿਟੀ ਦੇ ਪ੍ਰਸ਼ਾਸਨ ਨੇ ਚਾਰ ਰਿਸਰਚ ਸਕਾਲਰਾਂ ਦੀ ਮੁਅੱਤਲੀ ਦੇ ਆਪਣੇ ਹੁਕਮ ਮਨਸੂਖ ਕਰ ਦਿੱਤੇ ਹਨ। ਇਹ ਸਾਫ ਹੋ ਗਿਆ ਹੈ ਕਿ ਹੈਦਰਾਬਾਦ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਪੀ. ਅੱਪਾ ਰਾਓ ਇਹ ਕਾਰਜ ਪਹਿਲਾਂ ਵੀ ਕਰ ਸਕਦੇ ਸਨ ਅਤੇ ਇਕ ਰਿਸਰਚ ਸਕਾਲਰ ਦੀ ਜਾਨ ਬਚਾ ਸਕਦੇ ਸਨ। ਹੁਣ ਘਾਟਾ ਪੂਰਾ ਨਹੀਂ ਕੀਤਾ ਜਾ ਸਕਦਾ ਅਤੇ ਇਸੇ ਲਈ ਹੈਦਰਾਬਾਦ ਯੂਨੀਵਰਸਿਟੀ ਦੇ ਰੋਸ ਪ੍ਰਗਟ ਕਰ ਰਹੇ ਵਿਦਿਆਰਥੀਆਂ ਨੂੰ ਇਸ ਫੈਸਲੇ ਨਾਲ ਸ਼ਾਂਤ ਨਹੀ ਕੀਤਾ ਜਾ ਸਕੇਗਾ।

ਹੈਦਰਾਬਾਦ ਯੂਨੀਵਰਸਿਟੀ 'ਤੇ ਦਲਿਤਾਂ ਨਾਲ ਅੱਤਿਆਚਾਰ ਦਾ ਜੋ ਕਲੰਕ ਰਿਸਰਚ ਸਕਾਲਰ ਰੋਹਿਤ ਵੇਮੁਲਾ ਦੀ ਆਤਮ ਹੱਤਿਆ ਨਾਲ ਲੱਗਿਆ ਹੈ, ਉਸ ਨੂੰ ਮੇਟਣਾ ਮੁਸ਼ਕਿਲ ਹੈ। ਅਸਲ ਵਿਚ ਇਹ ਕਲੰਕ ਮਨੁੱਖੀ ਸਰੋਤ ਵਿਕਾਸ ਮੰਤਰਾਲੇ, ਇਸ ਦੇ ਮੰਤਰੀਆਂ ਅਤੇ ਮੋਦੀ ਸਰਕਾਰ 'ਤੇ ਲੱਗਾ ਹੈ। ਦਲਿਤ ਭਾਈਚਾਰੇ ਨਾਲ ਸਬੰਧਤ ਇਕ ਹੋਣਹਾਰ ਵਿਦਿਆਰਥੀ ਦੀ ਜੀਵਨ ਯਾਤਰਾ ਦਾ ਸਿੱਖਿਆ ਦੇ ਉਚ ਅਦਾਰੇ 'ਚ ਅਚਾਨਕ ਵਿਚੋਂ ਖਤਮ ਹੋ ਜਾਣਾ ਬਹੁਤ ਕੁਝ ਬਿਆਨ ਕਰਨ ਵਾਲਾ ਹੈ। ਇਹ ਸਾਡੇ ਸਮਾਜ 'ਚ ਜਾਤ ਪ੍ਰਤੀ ਚਲੇ ਆ ਰਹੇ ਵਤੀਰੇ ਦੇ ਜਾਰੀ ਰਹਿਣ ਵੱਲ ਵੀ ਇਸ਼ਾਰਾ ਕਰਦਾ ਹੈ ਅਤੇ ਸਾਡੇ ਖੁਦ ਨੂੰ ਵੱਡੇ ਸਭਿਆਚਾਰਵਾਦੀ ਵਿਖਾਉਣ ਵਾਲੇ ਨੇਤਾਵਾਂ ਦਾ ਪਾਜ ਵੀ ਉਖਾੜਦਾ ਹੈ।

ਪਰ ਵਿਦਿਆਰਥੀਆਂ ਦੇ ਇਕ ਝਗੜੇ ਦੇ ਮਾਮਲੇ 'ਚ ਇਕ ਕੇਂਦਰੀ ਵੱਕਾਰੀ ਯੂਨੀਵਰਸਿਟੀ 'ਚ ਕੇਂਦਰ ਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਜੋ ਭੂਮਿਕਾ ਅਦਾ ਕੀਤੀ ਹੈ, ਉਸ ਨੇ ਹੀ ਦੁਖਾਂਤ ਪੈਦਾ ਕੀਤਾ ਹੈ। ਸਮਝਦਾਰ ਢੰਗ ਨਾਲ ਚੱਲਦਿਆਂ ਯੂਨੀਵਰਸਿਟੀ ਪ੍ਰਸ਼ਾਸਨ ਦੁਆਰਾ ਜਲਦ ਨਿਪਟਾ ਲਿਆ ਜਾਣਾ ਸੀ ਪਰ ਹਕੂਮਤ ਦੇ ਖੁਮਾਰ ਤੇ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਦੇ ਧੌਂਸ ਭਰੇ ਵਤੀਰੇ ਨੇ ਇਕ ਹੋਣਹਾਰ ਦਲਿਤ ਰਿਸਰਚ ਸਕਾਲਰ ਦੀ ਮੌਤ ਦਾ ਨਤੀਜਾ ਕੱਢਿਆ ਹੈ, ਜੋ ਇਸ ਪਾਰਟੀ ਅਤੇ ਮੋਦੀ ਸਰਕਾਰ ਨੂੰ ਸਿਆਸੀ ਤੌਰ 'ਤੇ ਕਾਫੀ ਮਹਿੰਗਾ ਪਵੇਗਾ।

ਅੰਬੇਡਕਰ ਸਟੂਡੈਂਟਸ ਐਸੋਸੀਏਸ਼ਨ (ਏ. ਐਸ. ਏ.) ਦੇ ਵਿਦਿਆਰਥੀਆਂ ਦਾ ਭਾਰਤੀ ਜਨਤਾ ਪਾਰਟੀ ਦੀ ਵਿਦਿਆਰਥੀ ਸ਼ਾਖਾ, ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ. ਬੀ. ਵੀ. ਪੀ.) ਦੇ ਵਿਦਿਆਰਥੀਆਂ ਨਾਲ ਝਗੜਾ ਹੋਇਆ ਸੀ। ਹੈਦਰਾਬਾਦ ਯੂਨੀਵਰਸਿਟੀ ਨੇ ਪੜਤਾਲ ਬਾਅਦ ਏ. ਐਸ. ਏ. ਨਾਲ ਸਬੰਧਤ ਪੰਜ ਵਿਦਿਆਰਥੀਆਂ ਨੂੰ ਮੁਅੱਤਲ ਕਰ ਦਿੱਤਾ।

ਉਨ੍ਹਾਂ ਦੇ ਵਜ਼ੀਫੇ ਬੰਦ ਕਰ ਦਿੱਤੇ ਗਏ। ਉਨ੍ਹਾਂ ਨੂੰ ਹੋਸਟਲਾਂ, ਜਿੱਥੇ ਉਹਨਾਂ ਖਾਣਾ ਵੀ ਖਾਣਾ ਹੁੰਦਾ ਹੈ, ਪ੍ਰਸ਼ਾਸਨਿਕ ਇਮਾਰਤਾਂ ਅਤੇ ਦੂਸਰੀਆਂ ਸਾਂਝੀਆਂ ਥਾਵਾਂ 'ਚ ਜਾਣ 'ਤੇ ਪਾਬੰਦੀ ਲਗਾ ਦਿੱਤੀ ਗਈ। ਆਪਣੀ ਹਾਲਤ ਦੇ ਵਿਗੜਦੇ ਜਾਣ ਬਾਰੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਪ੍ਰਸ਼ਾਸਨ ਕੋਲ ਬੇਨਤੀ ਵੀ ਕੀਤੀ ਪਰ ਕਿਸੇ ਨੇ ਨਾ ਸੁਣੀ।


ਸੋਹੰ

SHRI GURU RAVIDASS SABHA (CA)
2150 Crestview Drive, Pittsburg CA 94565
Tel : (925) 439-2355

ਸਵਰਗਵਾਸੀ ਮਾਣਯੋਗ ਸ੍ਰੀ ਲਾਹੌਰੀ ਰਾਮ ਕਮਿਸ਼ਨਰ ਜੀ ਦੀ 7ਵੀਂ ਸਾਲਾਨਾ ਬਰਸੀ ਜਨਵਰੀ 31, 2016

ਸਵਰਗਵਾਸੀ ਮਾਣਯੋਗ ਸ੍ਰੀ ਲਾਹੌਰੀ ਰਾਮ ਕਮਿਸ਼ਨਰ ਜੀ ਦੀ ਸਾਲਾਨਾ ਬਰਸੀ 29, 30 ਅਤੇ 31 ਜਨਵਰੀ, 2016 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮਨਾਈ ਜਾ ਰਹੀ ਹੈ।



ਇਸ ਮੌਕੇ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ, ਸਤਿਕਾਰਿਤ ਬੁਲਾਰੇ ਅਤੇ ਕਮਿਊਨਿਟੀ ਲੀਡਰ ਸਵਰਗਵਾਸੀ ਮਾਣਯੋਗ ਸ੍ਰੀ ਲਾਹੌਰੀ ਰਾਮ ਕਮਿਸ਼ਨਰ ਜੀ ਦੇ ਜੀਵਨ ਸੰਘਰਸ਼ ਅਤੇ ਉਹਨਾਂ ਦੇ ਕੌਮ ਲਈ ਯੋਗਦਾਨ ਬਾਰੇ ਸੰਗਤ ਨੂੰ ਜਾਣਕਾਰੀ ਦੇਣਗੇ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) WWW.SriGuruRavidassTemple.com

ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ : ਫਰਵਰੀ 26 ਤੋਂ 28, 2016

ਸ੍ਰੀ ਗੁਰੂ ਰਵਿਦਾਸ ਸਭਾ ਕੈਲੇਫੋਰਨੀਆ, ਪਿਟਸਬਰਗ ਵੱਲੋਂ ਸਤਿਗੁਰੂ ਰਵਿਦਾਸ ਜੀ ਦਾ 639ਵਾਂ ਪ੍ਰਕਾਸ਼ ਦਿਹਾੜਾ 28 ਫਰਵਰੀ, 2016 ਨੂੰ ਗੁਰੂ ਘਰ ਵਿਖੇ ਮਨਾਇਆ ਜਾ ਰਿਹਾ ਹੈ।

ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
ਫਰਵਰੀ, 26, 2016 (ਸ਼ੁੱਕਰਵਾਰ) ਸਵੇਰੇ 9:30 ਵਜੇ
ਨਿਸ਼ਾਨ ਸਾਹਿਬ ਦੀ ਸੇਵਾ – ਫਰਵਰੀ 27, 2016 (ਸਨਿਚਰਵਾਰ)
ਭੋਗ ਸ੍ਰੀ ਅਖੰਡ ਪਾਠ ਸਾਹਿਬ – ਫਰਵਰੀ 28, 2016 (ਐਤਵਾਰ) 9:30 ਵਜੇ
ਕੀਰਤਨ ਦੀਵਾਨ – ਭੋਗ ਉਪਰੰਤ 2 ਵਜੇ ਦੁਪਹਿਰ ਤੱਕ

ਕਮੇਟੀ ਨੂੰ ਲੰਗਰ ਤਿਆਰ ਕਰਨ ਅਤੇ ਸੇਵਾ ਕਰਨ, ਗੁਰੂ ਘਰ ਨੂੰ ਸਾਫ ਸੁਥਰਾ ਰੱਖਣ, ਟਰੈਫਿਕ/ਪਾਰਕਿੰਗ, ਰਸੋਈ ਅਤੇ ਹੋਰ ਸੇਵਾ ਲਈ ਵਲੰਟੀਆਂ ਦੀ ਲੋੜ ਹੈ। ਜੋ ਕੋਈ ਇਸ ਸੇਵਾ ਦਾ ਚਾਹਵਾਨ ਹੋਵੇ, ਉਹ ਪ੍ਰਧਾਨ ਸੋਮ ਨਾਥ ਭਾਟੀਆ (408-499-0747) ਜਾਂ ਵਾਈਸ ਪ੍ਰਧਾਨ ਰਮੇਸ਼ ਸੁਮਨ (925-366-3618) ਜਾਂ ਜਨਰਲ ਸਕੱਤਰ ਦਿਲਬਾਗ ਸਿੰਘ (209-834-4611) ਨਾਲ ਸੰਪਰਕ ਕਰ ਸਕਦਾ ਹੈ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਨੂੰ ਇੰਮੀਗ੍ਰੇਸ਼ਨ ਦੇ ਮਸਲਿਆਂ ਤੇ ਲੋਕਾਂ ਦੀ ਮਦਦ ਲਈ ਇਕ ਇੰਮੀਗ੍ਰੇਸ਼ਨ ਅਟਾਰਨੀ ਅਤੇ ਸਿਹਤ ਨਾਲ ਸਬੰਧਤ ਸਵਾਲਾਂ ਦੇ ਜਵਾਬ ਲਈ ਡਾਕਟਰਾਂ ਦੇ ਗਰੁੱਪ ਦੀ ਲੋੜ ਹੈ। ਸਭਾ ਨੂੰ ਸਮਾਜ ਸੇਵੀ ਨਰਸਾਂ ਅਤੇ ਡਾਕਟਰਾਂ ਦੀ ਮਨੁੱਖਤਾ ਦੇ ਆਧਾਰ ਤੇ ਮਦਦ ਕਰਨ ਲਈ ਲੋੜ ਹੈ।

ਸੰਗਤ ਦੇ ਸੇਵਾਦਾਰ
ਚੇਅਰਮੈਨ
ਸ਼ਿੰਦਰ ਪਾਲ ਨਰਬਟ
ਪ੍ਰਧਾਨ
ਸੋਮ ਨਾਥ ਭਾਟੀਆ
ਜਨਰਲ ਸਕੱਤਰ
ਦਿਲਬਾਗ ਸਿੰਘ
ਖਜਾਨਚੀ
ਜਸਵੀਰ ਚਾਹਲ

ਸਟਾਲਾਂ, ਲੰਗਰ ਜਾਂ ਹੋਰ ਸੇਵਾ ਦੇ ਲਈ ਸੰਪਰਕ ਕਰੋ

ਜਨਰਲ ਸਕੱਤਰ
ਦਿਲਬਾਗ ਸਿੰਘ
(209-834-4611)

ਚੇਅਰਮੈਨ
ਸ਼ਿੰਦਰਪਾਲ ਨਰਬਟ
(925-683-0178

# ਇੱਥੇ ਦਲਿਤਾਂ ਨਾਲ ਹੁੰਦਾ ਹੈ ਤਾਲਿਬਾਨੀ ਸਲੂਕ

## ਪਾਣੀ ਪੀਣ ਨਹੀਂ ਦਿੰਦੇ, ਖੁਆਉਂਦੇ ਹਨ ਮਲਮੂਤਰ

**ਝਾਂਸੀ–** ਰੋਹਿਤ ਵੇਮੁਲਾ ਆਤਮ ਹੱਤਿਆ ਕਾਂਡ ਤੋਂ ਬਾਅਦ ਰਾਹੁਲ ਗਾਂਧੀ ਵੇਮੁਲਾ ਦੇ ਘਰ ਪਹੁੰਚ ਗਏ ਸਨ। ਹੁਣ ਉਹ ਬੁੰਦੇਲਖੰਡ ਜਾ ਰਹੇ ਹਨ। ਇੱਥੇ ਦਲਿਤਾਂ ਦੀ ਹਾਲਤ ਬਹੁਤ ਮਾੜੀ ਹੈ। ਪੂਰਾ ਖੇਤਰ ਸੋਕਾਗ੍ਰਸਤ ਐਲ–ਾਨਿਆ ਜਾ ਚੁੱਕਾ ਹੈ, ਜੋ ਦਲਿਤਾਂ ਨਾਲ ਹੋਣ ਵਾਲੇ ਅੱ–ਤਿਆਚਾਰ ਨੂੰ ਬਿਆਨ ਕਰਦੇ ਹਨ।

**20 ਜਨਵਰੀ 2016**

ਬਾਂਦਾ ਦੇ ਪਿੰਡ ਬਿਰੌਨਾ ਦੇ ਬਾਹਰ ਦਲਿਤਾਂ ਦੀ ਬਸਤੀ ਬਹਿਲਾ ਕਾ ਪੁਰਵਾ ਹੈ। ਇੱਥੇ ਇਕ ਸਕੂਲ ਅਤੇ ਨੇੜੇ ਸਰਕਾਰੀ ਹੈਂਡਪੰਪ ਹੈ। ਪਰ ਕੁਝ ਵਕਤ ਪਹਿਲਾਂ ਇਸ ਤੇ ਉਚੀਆਂ ਜਾਤੀਆਂ ਦੇ ਬਦਮਾਸ਼ ਲੋਕਾਂ ਨੇ ਜਿੰਦਰਾ ਲਗਾ ਦਿੱਤਾ, ਤਾਂ ਜੋ ਦਲਿਤ ਉਸ ਤੋਂ ਪਾਣੀ ਨਾ ਭਰ ਲੈਣ। ਕੁਝ ਇਹੀ ਹਾਲ ਨਰੈਨੀ ਦੇ ਗੁੜਾ ਕਲਾਂ ਪਿੰਡ ਦਾ ਹੈ।

**24 ਨਵੰਬਰ 2015**

ਹਮਰੀਪੁਰ ਦੇ ਬਿਲਗਾਉਂ ਦੇ ਨਿਵਾਸੀ ਦਲਿਤ ਛਿਮਾ ਅਹਿਰਵਾਰ (90) ਦੀ ਮੰਦਰ ਵਿਚ ਵੜਨ ਤੇ ਹੱਤਿਆ ਕਰ ਦਿੱਤੀ ਗਈ। ਛਿਮਾਨ ਤੀਰਥ ਯਾਤਰਾ ਕਰਨ ਜਾ ਰਿਹਾ ਸੀ। ਜਾਣ ਤੋਂ ਪਹਿਲਾਂ ਉਹ ਸਥਾਨਕ ਮੰਦਰ ਵਿਚ ਚਲਿਆ ਗਿਆ ਅਤੇ ਪਿੰਡ ਦੇ ਹੀ ਸੰਜੇ ਤਿਵਾੜੀ ਨੇ ਉਸਦੀ ਕੁਹਾੜੀ ਨਾਲ ਕੱਟ ਕੇ ਹੱਤਿਆ ਕਰ ਦਿੱਤੀ। ਬਾਅਦ ਵਿਚ ਉਸ ਜਗ੍ਹਾ ਉਸਦੀ ਲਾਸ਼ ਨੂੰ ਅੱਗ ਲਗਾ ਦਿੱਤੀ ਗਈ।

**8 ਜੂਨ 2015**

ਰਕਸਾ ਦੇ ਹੀ ਖੈਰਾ ਪਿੰਡ ਵਿਚ ਜਨਮ ਦਿਨ ਮਨਾਉਣ ਅਤੇ ਡੀ. ਜੇ. ਵਜਾਉਣ ਤੇ ਦਲਿਤਾਂ ਨੂੰ ਲਾਠੀ–ਡੰਡਿਆਂ ਨਾਲ ਕੁੱਟਿਆ ਗਿਆ। ਦਲਿਤ ਦੀ ਗਲਤੀ ਸਿਰਫ ਇੰਨੀ ਸੀ ਕਿ ਜਦੋਂ ਬਦਮਾਸ਼ਾਂ ਨੇ ਜਨਮ ਦਿਨ ਦੇ ਮੌਕੇ ਤੇ ਡੀ. ਜੇ. ਵਜਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਉਸਨੇ ਇਸਦਾ ਵਿਰੋਧ ਕੀਤਾ।

**1 ਜੂਨ 2015**

ਲਲਿਤਪੁਰ ਜ਼ਿਲ੍ਹੇ ਵਿਚ ਦਲਿਤ ਔਰਤ ਨੂੰ ਪਿੰਡ ਦੇ ਹੀ ਬਦਮਾਸ਼ਾਂ ਨੇ ਜਾਤੀਸੂਚਕ ਗਾਲੀਆਂ ਦਿੰਦੇ ਹੋਏ ਡੰਡਿਆਂ ਅਤੇ ਜੁੱਤੀਆਂ ਨਾਲ ਕੁੱਟਿਆ।

ਔਰਤ ਦਾ ਕਸੂਰ ਕੇਵਲ ਇੰਨਾ ਸੀ ਕਿ ਉਹ ਰਿਸ਼ਤੇਦਾਰਾਂ ਦੇ ਨਾਲ ਚਾਰਪਾਈ ਤੇ ਬੈਠੀ ਸੀ ਪਰ ਜਦੋਂ ਉਚ ਜਾਤੀ ਦੇ ਲੋਕ ਉਥੋਂ ਲੰਘੇ ਤਾਂ ਉਹ ਚਾਰਪਾਈ ਤੇ ਹੀ ਬੈਠੀ ਰਹੀ।

ਮੀਡੀਆ ਕੈਂਪੇਨ ਆਫ ਦਲਿਤ ਹਿਊਮਨ ਰਾਈਟਸਦੇ ਯੂ. ਪੀ. ਸੈਕਟਰੀ ਰਾਮ ਦੁਲਾਰ ਕਹਿੰਦੇ ਹਨ ਕਿ ਬੁੰਦੇਲਖੰਡ ਵਿਚ ਰੋਜ਼ ਦਲਿਤਾਂ ਦੇ ਨਾਲ ਅੱਤਿਆਚਾਰ ਦੇ ਔਸਤਨ 5 ਤੋਂ 6 ਮਾਮਲੇ ਸਾਹਮਣੇ ਆਉਂਦੇ ਹਨ। ਲਗਾਤਾਰ ਹੋ ਰਹੀਆਂ ਅਜਿਹੀਆਂ ਘਟਨਾਵਾਂ ਦੇ ਕਾਰਨ ਹੀ ਐਸ. ਸੀ./ ਐਸ. ਟੀ. ਕਮਿਸ਼ਨ ਨੇ ਇਲਾਕੇ ਨੂੰ ਦਲਿਤਾਂ ਦੇ ਲਈ ਸੰਵੇਦਨਸ਼ੀਲ ਐਲਾਨ ਕਰ ਦਿੱਤਾ।

# ਆਈ.ਆਈ.ਟੀ. ਦੇ ਵਿਦਿਆਰਥੀ ਨੇ ਕੀਤੀ ਕਿਡਨੀ ਵੇਚਣ ਦੀ ਕੋਸ਼ਿਸ਼

## ਦਲਿਤ ਹੋਣ ਦੇ ਕਾਰਨ ਨਹੀਂ ਮਿਲਿਆ ਖਰੀਦਦਾਰ

**ਜੈਪੁਰ–** ਹੈਦਰਾਬਾਦ ਦੇ ਦਲਿਤ ਸਕਾਲਰ ਰੋਹਿਤ ਵੇਮੁਲਾ ਦੀ ਆਤਮ ਹੱਤਿਆ ਤੋਂ ਬਾਅਦ ਮੁਲਕ ਵਿਚ ਛਿੜੀ ਜਾਤੀਵਾਦ ਦੀ ਬਹਿਸ ਵਿਚਕਾਰ ਇਕ ਹੋਰ ਖਬਰ ਆ ਰਹੀ ਹੈ ਆਈ. ਆਈ. ਟੀ.– ਬੀ. ਐਚ. ਯੂ. ਤੋਂ, ਜੋ ਸਾਰਿਆਂ ਨੂੰ ਸ਼ਰਮਸਾਰ ਕਰ ਦੇਵੇਗੀ। ਇੱਥੇ ਇਕ ਦਲਿਤ ਇੰਜੀਨੀਅਰ ਵਿਦਿਆਰਥੀ ਨੂੰ ਆਪਣੀ ਜ਼ਰੂਰਤ ਪੂਰੀ ਕਰਨ ਲਈ ਸਫਾਈ ਕਰਮਚਾਰੀ ਬਣਨਾ ਪਿਆ। ਸੈਕਿੰਡ ਈਅਰ ਮਾਈਨਿੰਗ ਦੇ ਵਿਦਿਆਰਥੀ ਮਹੇਸ਼ ਵਾਲਮੀਕ ਨੂੰ ਐਜੂਕੇਸ਼ਨ ਲੋਨ ਦੇਣ ਦੇ ਲਈ ਸਖਤ ਮਿਹਨਤ ਕਰਨੀ ਪਈ। ਜਦੋਂ ਉਸਨੇ ਕਰਜ਼ਾ ਦੇਣ ਲਈ ਆਪਣੀ ਕਿਡਨੀ ਵੇਚਣ ਦੀ ਪੇਸ਼ਕਸ਼ ਕੀਤੀ ਤਾਂ ਦਲਿਤ ਹੋਣ ਦੇ ਕਾਰਨ ਇਥ ਵੀ ਖਰੀਦਦਾਰ ਨਹੀਂ ਮਿਲਿਆ।

ਟਾਈਮਜ਼ ਆਫ ਇੰਡੀਆ ਵਿਚ ਛਪੀ ਖਬਰ ਮੁਤਾਬਕ ਵਾਲਮੀਕ ਨੇ ਦੱਸਿਆ ਕਿ ਉਸ ਉਤੇ ਬਹੁਤ ਦਬਾਅ ਹੈ। ਉਸਨੇ ਦੱਸਿਆ ਕਿ ਮੈਂ ਬੈਂਕ ਤੋਂ 2.7 ਲੱਖ ਰੁਪਏ ਐਜੂਕੇਸ਼ਨ ਲੋਨ ਲਿਆ ਪਰ ਮੇਰੀ ਲੰਮੀ ਬਿਮਾਰੀ ਦੇ ਕਾਰਨ ਕਾਫੀ ਪੈਸਾ ਇਲਾਜ ਵਿਚ ਖਰਚ ਹੋ ਗਿਆ, ਇਸ ਕਰਕੇ ਕਰਜਾ ਵਾਪਸ ਨਹੀਂ ਕਰ ਸਕਿਆ।

ਇਸ ਤੋਂ ਬਾਅਦ ਮਹੇਸ਼ ਨੇ ਪੈਸਿਆਂ ਦੇ ਇੰਤਜ਼ਾਮ ਕਰਨ ਲਈ ਕਈ ਵਿਕਲਪਾਂ ਦੀ ਭਾਲ ਕੀਤੀ, ਇੰਨਾ ਹੀ ਨਹੀਂ, ਮਹੇਸ਼ ਨੇ ਆਪਣੀ ਇਕ ਕਿਡਨੀ ਵੇਚਣ ਦੇ ਲਈ ਖਰੀਦਦਾਰ ਦੀ ਭਾਲ ਆਰੰਭ ਕੀਤੀ। ਬਾਅਦ ਵਿਚ ਦੋਸਤਾਂ ਤੋਂ ਪਤਾ ਲੱਗਿਆ ਕਿ ਕਿਡਨੀ ਦੇ ਕਾਲੇ ਬਾਜ਼ਾਰ ਵਿਚ ਸਭ ਤੋਂ ਪਹਿਲਾਂ ਵਿਅਕਤੀ ਦੀ ਜਾਤ ਪੁੱਛੀ ਜਾਂਦੀ ਹੈ। ਮਹੇਸ਼ ਨੇ ਕਿਹਾ, ਮੈਂ ਵਾਰਾਨਸੀ ਅਤੇ ਅਲਵਰ ਵਿਚ ਪੰਜ ਹਸਪਤਾਲਾਂ ਨਾਲ ਸੰਪਰਕ ਕੀਤਾ ਪਰ ਸਾਰਿਆਂ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਹ ਇਕ ਦਲਿਤ ਹੈ, ਥੱਕ ਹਾਰ ਕੇ ਮੈਨੂੰ ਆਪਣੀ ਪੜ੍ਹਾਈ ਅੱਧ ਵਿਚਕਾਰ ਛੱਡਣੀ ਪਈ। ਹੁਣ ਮੈਂ ਆਪਣੇ ਘਰ ਰਾਜਸਥਾਨ ਦੇ ਅਲਵਰ ਵਿਚ ਕੇਵਲ 4 ਹਜ਼ਾਰ ਰੁਪਏ ਦੀ ਸਫਾਈ ਕਰਮਚਾਰੀ ਦੀ ਨੌਕਰੀ ਕਰ ਰਿਹਾ ਹਾਂ।

19 ਸਾਲ ਦੇ ਮਹੇਸ਼ ਨੂੰ ਉਸਦੇ ਅਧਿਆਪਕ ਬ੍ਰਾਈਟ ਸਟੂਡੈਂਟ ਮੰਨਦੇ ਹਨ, ਨਿਰਾਸ਼ ਮਹੇਸ਼ ਆਪਣੇ ਦੋਸਤਾਂ ਨੂੰ ਅਕਸਰ ਆਤਮ ਹੱਤਿਆ ਕਰਨ ਦੀ ਗੱਲ ਕਰਦੇ ਹਨ, ਜਿਸ ਤੋਂ ਬਾਅਦ ਉਸਦੇ ਦੋਸਤਾਂ ਨੇ ਇਸ ਮਾਮਲੇ ਨੂੰ ਮੈਗਸੇ ਨਾਲ ਐਵਾਰਡ ਵਿਨਰ ਪ੍ਰੋਂ ਸੰਦੀਪ ਪਾਂਡੇ ਦੇ ਸਾਹਮਣੇ ਰੱਖਿਆ। ਪਾਂਡੇ ਨੇ ਇਸ ਮਾਮਲੇ ਨੂੰ ਬੀ. ਐਚ. ਯੂ. ਅਲੁਮਿਨੀ ਦੇ ਸਾਹਮਣੇ ਰੱਖਿਆ। ਆਖਿਰਕਾਰ ਮਹੇਸ਼ ਦਾ ਲੋਨ ਵਾਪਸ ਕਰ ਦਿੱਤਾ ਗਿਆ ਪਰ ਫਿਰ ਵੀ ਮਹੇਸ਼ ਕਲਾਸ ਜੁਆਇਨ ਨਹੀਂ ਕਰ ਪਾ ਰਿਹਾ ਹੈ, ਕਿਉਂਕਿ ਉਸਦੇ ਪਿਤਾ ਲਕਵਾਗ੍ਰਸਤ ਹਨ ਅਤੇ ਮਾਂ ਘਰਾਂ ਵਿਚ ਕੰਮ ਕਰਦੀ ਹੈ।

ਦਿਲਚਸਪ ਗੱਲ ਇਹ ਹੈ ਕਿ 10ਵੀਂ ਦੀ ਪ੍ਰੀਖਿਆ ਵਿਚ ਮਹੇਸ਼ 85 ਫੀਸਦੀ ਅੰਕਾਂ ਨਾਲ ਪਾਸ ਹੋਇਆ ਸੀ। ਜਦਕਿ 12ਵੀਂ ਵਿਚ ਪਾਰਟ ਟਾਈਮ ਸਫਾਈ ਕਰਮਚਾਰੀ ਦਾ ਕੰਮ ਕਰਨ ਤੋਂ ਬਾਅਦ ਵੀ ਉਸਨੇ 70 ਫੀਸਦੀ ਅੰਕ ਹਾਸਲ ਕੀਤੇ। ਇਸ ਤੋਂ ਬਾਅਦ ਉਸਨੇ ਆਈ. ਆਈ. ਟੀ. ਐਂਟਰੈਂਸ ਕੁਆਲੀਫਾਈ ਕਰਕੇ ਬੀ. ਐਚ. ਯੂ. ਵਿਚ ਦਾਖਲਾ ਲਿਆ। ਮਹੇਸ਼ ਕਹਿੰਦਾ ਹੈ ਕਿ ਪ੍ਰੋ. ਸੰਦੀਪ ਪਾਂਡੇ ਉਹਨਾਂ ਦੇ ਲਈ ਰੱਬ ਹੈ, ਉਹਨਾਂ ਦੀ ਮਦਦ ਨਾਲ ਉਸਨੇ ਸਾਰਾ ਕਰਜਾ ਵਾਪਸ ਕੀਤਾ ਅਤੇ ਹੁਣ

### ਦਲਿਤ ਵਿਦਿਆਰਥੀ ਖੁਦਕੁਸ਼ੀ ਮਾਮਲਾ

# ਹੈਦਰਾਬਾਦ ਯੂਨੀਵਰਸਿਟੀ ਵੱਲੋਂ 4 ਦਲਿਤ ਰਿਸਰਚ ਸਕਾਲਰਾਂ ਦੀ ਮੁਅੱਤਲੀ ਮਨਸੂਖ

**ਹੈਦਰਾਬਾਦ–** ਹੈਦਰਾਬਾਦ ਯੂਨੀਵਰਸਿਟੀ ਨੇ ਜਬਰਦਸਤ ਵਿਰੋਧੀ ਦੇ ਦਬਾਅ ਅੱਗੇ ਝੁਕਦਿਆਂ ਉਹਨਾਂ ਚਾਰ ਦਲਿਤ ਵਿਦਿਆਰਥੀਆਂ ਦੀ ਮੁਅੱਤਲੀ ਨੂੰ ਵਾਪਸ ਲੈ ਲਿਆ ਹੈ, ਜਿਹਨਾਂ ਨੂੰ 17 ਜਨਵਰੀ ਨੂੰ ਖੁਦਕੁਸ਼ੀ ਕਰ ਲੈਣ ਵਾਲੇ ਪੀ. ਐਚ. ਡੀ. ਦੇ ਵਿਦਿਆਰਥੀ ਰੋਹਿਤ ਵੇਮੁਲਾ ਦੇ ਨਾਲ ਮੁਅੱਤਲ ਕੀਤਾ ਗਿਆ ਸੀ।

ਇਸੇ ਦੌਰਾਨ ਨਾਟਕੀ ਘਟਨਾਕ੍ਰਮਾਂ ਨਾਲ ਭਰੇ ਦਿਨ ਵਿਚ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਭਾਈਚਾਰੇ ਦੇ ਯੂਨੀਵਰਸਿਟੀ ਦੇ 13 ਅਧਿਆਪਕਾਂ ਨੇ ਆਪਣੇ ਪ੍ਰਸ਼ਾਸਨਿਕ ਅਹੁਦਿਆਂ ਨੂੰ ਛੱਡਣ ਦਾ ਐਲਾਨ ਕੀਤਾ ਹੈ। ਇਹਨਾਂ ਅਧਿਆਪਕਾਂ ਨੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਦਾ ਸਮਰਥਨ ਕਰਦਿਆਂ ਆਪਣੇ ਅਸਤੀਫੇ ਦੀ ਧਮਕੀ ਦਿੱਤੀ ਸੀ। ਯੂਨੀਵਰਸਿਟੀ ਦੀ ਕਾਰਜਕਾਰੀ ਪ੍ਰੀਸ਼ਦ ਦੀ ਬੈਠਕ ਵਿਚ ਚਾਰਾਂ ਵਿਦਿਆਰਥੀਆਂ ਦੀ ਮੁਅੱਤਲੀ ਵਾਪਸ ਲੈਣ ਦਾ ਫੈਸਲਾ ਕੀਤਾ ਗਿਆ ਹੈ। ਰੋਹਿਤ ਦੀ ਖੁਦਕੁਸ਼ੀ ਦੇ ਮੁੱਦੇ ’ਤੇ ਰਾਜਨੀਤੀ ਗਰਮਾ ਗਈ। ਦੇਸ਼ ਭਰ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਚੱਲ ਰਹੇ ਪ੍ਰਦਰਸ਼ਨ ਨਾਲ ਸਮਰਥਨ ਪਾ ਕੇ ਪ੍ਰਦਰਸ਼ਨਕਾਰੀ ਵਿਦਿਆਰਥੀਆਂਨੇ ਇਨਸਾਫ ਦੀ ਖਾਤਰ ਆਪਣੀ ਮੁਹਿੰਮ ਤੇਜ਼ ਕਰਨ ਦਾ ਇਰਾਦਾ ਜ਼ਾਹਿਰ ਕੀਤਾ।

ਯੂਨੀਵਰਸਿਟੀ ਨੇ ਇਕ ਬਿਆਨ ਵਿਚ ਕਿਹਾ ਕਿ ਅਸਧਾਰਨ ਹਾਲਤਾਂ ਨੂੰ ਦੇਖਦੇ ਹੋਏ ਇਸ ਮੁੱਦੇ ’ਤੇ ਚਰਚਾ ਕਰਨ ਤੋਂ ਬਾਅਦ ਕੌਂਸਲ ਨੇ ਸਬੰਧਤ ਵਿਦਿਆਰਥੀਆਂ ਦੀ ਸਜ਼ਾ ਤੁਰੰਤ ਖਤਮ ਕਰਨ ਦਾ ਫੈਸਲਾ ਕੀਤਾ ਹੈ। ਪਿਛਲੇ ਸਾਲ ਸਤੰਬਰ ਵਿਚ ਯੂਨੀਵਰਸਿਟੀ ਨੇ ਰੋਹਿਤ ਸਮੇਤ 5 ਵਿਦਿਆਰਥੀਆਂ ਨੂੰ ਛੇ ਮਹੀਨੇ ਦੇ ਲਈ ਮੁਅੱਤਲ ਕਰ ਦਿੱਤਾ ਸੀ, ਉਹਨਾਂ ’ਤੇ ਹਮਲੇ ਦਾ ਦੋਸ਼ ਸੀ। ਇਨ੍ਹਾਂ ਵਿਦਿਆਰਥੀਆਂ ਦੀ ਮੁਅੱਤਲੀ ਬਾਅਦ ਵਿਚ ਵਾਪਸ ਲੈ  ਲਈ ਗਈ ਸੀ।

ਇਕ ਦਲਿਤ ਵਿਦਿਆਰਥੀ ਦੀ ਖੁਦਕੁਸ਼ੀ ਦੇ ਮੁੱਦੇ ’ਤੇ ਚਾਰੇ ਪਾਸਿਉਂ ਤੋਂ ਹਮਲਿਆਂ ਦਾ ਸਾਹਮਣਾ ਕਰ ਰਹੀ ਕੇਂਦਰੀ ਮੰਤਰੀ ਸਿਮਰਤੀ ਇਰਾਨੀ ਨੇ ਵਿਰੋਧੀਆਂ ’ਤੇ ਦੋਸ਼ ਲਗਾਇਆ ਕਿ ਉਹ ਦੇਸ਼ ਦੇ ਵਿਦਿਆਰਥੀਆਂ ਨੂੰ ਜਾਤੀ ਦੇ ਆਧਾਰ ’ਤੇ ਉਕਸਾ ਰਹੇ ਹਨ। ਇਸੇ ਤਰ੍ਹਾਂ ਹੈਦਰਾਬਾਦ ਯੂਨੀਵਰਸਿਟੀ ਵਿਚ ਸਿਆਸੀ ਪਾਰਟੀਆਂ ਦੇ ਨੇਤਾਵਾਂ ਦਾ ਦੌਰਾ ਜਾਰੀ ਰਿਹਾ। ਇਰਾਨੀ ਨੇ ਕਿਹਾ ਕਿ ਇਸ ਮਾਮਲੇ ਨੂੰ ਦਲਿਤ ਬਨਾਮ ਗੈਰ ਦਲਿਤ ਦਾ ਰੰਗ ਦੇਣ ਦੀ ਕੋਸ਼ਿਬ ਕੀਤੀ ਜਾ ਰਹੀ ਹੈ। ਉਹਨਾਂ ਆਪਣੇ ਅਸਤੀਫੇ ਦੀ ਮੰਗ ਨੂੰ ਵੀ ਰੱਦ ਕਰ ਦਿੱਤਾ। ਘਟਨਾ ਤੋਂ ਦੋ ਦਿਨ ਬਾਅਦ ਬੁੱਧਵਾਰ ਨੂੰ ਇਰਾਨੀ ਨੇ ਦਿੱਲੀ ਵਿਚ ਪ੍ਰੈਸ ਕਾਨਫਰੰਸ ਕਰਕੇ ਨੁਕਸਾਨ ਦੀ ਭਰਪਾਈ ਦੀ ਕੋਸ਼ਿਸ਼ ਕੀਤੀ ਸੀ। ਉਹਨਾਂ ਕਿਹਾ ਸੀ ਕਿ ਦੇਸ਼ ਭਰ ਦੇ ਵਿਦਿਆਰਥੀਆਂ ਨੂੰ ਭੜਕਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

# ਦਲਿਤ ਲੜਕੀ ਨੂੰ ਗ੍ਰਿਫਤਾਰ ਕਰਨ ਤੇ ਪੁਲਿਸ ਨੂੰ ਫਿਟਕਾਰ

**ਪਟਨਾ–** ਛਪਰਾ ਵਿਚ ਵੀਡੀਓ ਵਾਇਰਲ ਹੋਣ ਤੇ ਆਸ਼ਾ ਵਰਕਰ ਦੁਆਰਾ ਆਤਮ ਹੱਤਿਆ ਕਰਨ ਤੋਂ ਬਾਅਦ ਪ੍ਰੇਸ਼ਾਨੀ ਵਿਚ ਫਸੀ ਛਪਾਰ ਥਾਣੇ ਦੀ ਪੁਲਿਸ ਨੇ ਇਕ ਹੋਰ ਕਾਰਨਾਮਾ ਕਰ ਦਿੱਤਾ। ਇਕ ਦਲਿਤ ਲੜਕੀ ਨੂੰ ਆਪਣੇ ਮਾਤਾ–ਪਿਤਾ ਨਾਲ ਝਗੜਾ ਕਰਦੇ ਹੋਏ ਗ੍ਰਿਫਤਾਰ ਕਰ ਲਿਆ। ਅਦਾਲਤ ਵਿਚ ਲੜਕੀ ਨੂੰ ਪੇਸ਼ ਕਰਨ ਤੇ ਐਸ. ਡੀ. ਐਮ. ਸਦਰ ਨੇ ਛਪਾਰ ਥਾਣੇ ਦੇ ਦਰੋਗਾ ਨੂੰ ਰੱਜ ਕੇ ਫਿਟਕਾਰ ਲਗਾਈ ਅਤੇ ਸ਼ਾਂਤੀ ਭੰਗ ਦਾ ਮਾਮਲਾ ਨਾ ਬਣਨ ਦੀ ਗੱਲ ਕਹਿ ਕੇ ਲੜਕੀ ਨੂੰ ਵਾਪਸ ਕਰ ਦਿੱਤਾ। ਮਾਮਲਾ ਕੁਝ ਦਿਨ ਪਹਿਲਾਂ ਦਾ ਹੈ। ਛਪਾਰ ਖੇਤਰ ਦੇ ਇਥ ਪਿੰਡ ਦੀ ਦਲਿਤ ਲੜਕੀ ਦੂਜੇ ਪਿੰਡ ਦੇ ਗੁੱਜਰ ਬਿਰਾਦਰੀ ਦੇ ਲੜਕੇ ਨਾਲ ਪ੍ਰੇਮ ਦੇ ਚੱਕਰ ਕਾਰਨ ਉਸ ਨਾਲ ਜਾਣ ਦੀ ਤਿਆਰੀ ਵਿਚ ਸੀ। ਦੱਸਿਆ ਜਾਂਦਾ ਹੈ ਕਿ ਲੜਕਾ ਅਤੇ ਲੜਕੀ ਦੋਵੇਂ ਹੀ ਬਾਲਗ ਹਨ। ਲੜਕਾ ਅਤੇ ਲੜਕੀ ਦੇ ਨਾਲ ਜਾਣ ਦੀ ਖਬਰ ਪਰਿਵਾਰਾਂ ਨੂੰ ਪਤਾ ਲੱਗੀ ਅਤੇ ਇਸ ਦਰਮਿਆਨ ਪੁਲਿਸ ਵੀ ਪਹੁੰਚ ਗਈ। ਲੜਕੇ ਦੇ ਖਿਲਾਫ ਲੜਕੀ ਦੇ ਮਾਪਿਆਂ ਨੇ ਉਸਨੂੰ ਅਗਵਾ ਕਰਨ ਦੀ ਕੋਸ਼ਿਸ਼ ਦਾ ਕੇਸ ਦਰਜ ਕਰਵਾਉਣ ਦੀ ਰਿਪੋਰਟ ਲਿਖਵਾਈ। ਪੁਲਿਸ ਨੇ ਮਿਲੀਭੁਗਤ ਕਰਕੇ ਲੜਕੇ ਨੂੰ ਤਾਂ ਛੱਡ ਦਿੱਤਾ ਅਤੇ ਇਕੱਲੀ ਦਲਿਤ ਲੜਕੀ ਦਾ ਸ਼ਾਂਤੀ ਭੰਗ ਦੇ ਸ਼ੰਕਿਆਂ ਕਾਰਨ ਚਲਾਨ ਕਰ ਦਿੱਤਾ।

ਛਪਾਰ ਪੁਲਿਸ ਨੇ ਦਰਸਾਇਆ ਕਿ ਲੜਕੀ ਨੂੰ ਪੁਲਿਸ ਬਿਨਾਂ ਮੈਜਿਸਟ੍ਰੇਟ ਦੀ ਆਗਿਆ ਦੇ ਛੱਡ ਵੀ ਨਹੀਂ ਸਕਦੀ ਸੀ। ਸਰਕਾਰੀ ਅਧਿਕਾਰੀ ਨਾਲ ਰਾਏ ਕੀਤੀ ਅਤੇ ਬੇਇਜ਼ਤੀ ਤੋਂ ਬਚਣ ਲਈ ਲੜਕੀ ਤੇ ਪਰਚਾ ਦਰਜ ਕਰ ਦਿੱਤਾ। ਹਾਲਾਂਕਿ ਬਾਅਦ ਵਿਚ ਮੈਜਿਸਟ੍ਰੇਟ ਦੇ ਆਦੇਸ਼ ਬਿਨਾਂ ਪੁਲਿਸ ਨੇ ਲੜਕੀ ਨੂੰ ਮਾਪਿਆਂ ਦੇ ਹਵਾਲੇ ਕਰ ਦਿੱਤਾ।

# ਮੋਦੀ ਵਿਰੋਧੀ ਨਾਅਰੇਬਾਜੀ ਕਰਨ ਵਾਲੇ ਦਲਿਤ ਵਿਦਿਆਰਥੀ ਨੂੰ ਹੋਸਟਲ ਤੋਂ ਕੱਢਿਆ

**ਲਖਨਊ–** ਅੰਬੇਡਕਰ ਯੂਨੀਵਰਸਿਟੀ ਦੇ ਦੀਕਸ਼ਾਂਤ ਸਮਾਰੋਹ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ ਨਾਅਰੇਬਾਜ਼ੀ ਕਰਨ ਵਾਲੇ ਦਲਿਤ ਵਿਦਿਆਰਥੀ ਨੂੰ ਵੱਡੀ ਕੀਮਤ ਚੁਕਾਉਣੀ ਪਈ।  31 ਸਾਲਾ ਰਾਜ ਕਰਨ ਨਿਰਮਲ ਨੂੰ ਯੂਨੀਵਰਸਿਟੀ ਦੇ ਹੋਸਟਲ ਤੋਂ ਬਾਹਰ ਕਰ ਦਿੱਤਾ। ਵਰਣਨਯੋਗ ਹੈ ਕਿ ਹੈਦਰਾਬਾਦ ਯੂਨੀਵਰਸਿਟੀ ਵਿਚ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦੀ ਆਤਮ ਹੱਤਿਆ ਦੇ ਵਿਰੋਧਵਿਚ ਰਾਮ ਕਰਨ ਨਿਰਮਲ ਦੇ ਨਾਲ ਹੀ ਅਮਰਿੰਦਰ ਕੁਮਾਰ ਆਰੀਆ ਨੇ ਮੋਦੀ ਦੇ ਸਾਹਮਣੇ ਨਾਅਰੇਬਾਜ਼ੀ ਕੀਤੀ ਸੀ। ਉਦੋਂ ਸੁਰੱਖਿਆ ਕਰਮਚਾਰੀ ਇਹਨਾਂ ਵਿਦਿਆਰਥੀਆਂ ਦਾ ਮੂੰਹ ਬੰਦ ਕਰਦੇ ਹੋਏ ਬਾਹਰ ਲੈ ਗਏ ਸਨ।

ਹਾਲਾਂਕਿ ਦੋਵੇਂ ਵਿਦਿਆਰਥੀਆਂ ਨੂੰ ਕੁਝ ਦੇਰ ਬਾਅਦ ਪੁਲਿਸ ਨੇ ਰਿਹਾਅ ਕਰ ਦਿੱਤਾ ਪਰ ਨਿਰਮਲ ਉਸ ਵਕਤ ਹੈਰਾਨ ਰਹਿ ਗਏ ਜਦੋਂ ਉਸਨੂੰ ਪਤਾ ਲੱਗਿਆ ਕਿ ਭੀਮਰਾਓ ਅੰਬੇਡਕਰ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੇ ਉਸਨੂੰ ਯੂਨੀਵਰਸਿਟੀ ਹੋਸਟਲ ਤੋਂ ਬਾਹਰ ਕਰ ਦਿੱਤਾ ਹੈ। ਨਿਰਮਲ ਦਾ ਕਹਿਣਾ ਹੈ ਕਿ ਉਹਨਾਂ ਦੇ ਨਾਲ ਵੀ ਅਜਿਹਾ ਹੀ ਵਤੀਰਾ ਕੀਤਾ ਗਿਆ, ਜਿਵੇਂ ਆਤਮ ਹੱਤਿਆ ਤੋਂ ਪਹਿਲਾਂ ਰੋਹਿਤ ਦੇ ਨਾਲ ਕੀਤਾ ਜਾ ਰਿਹਾ ਸੀ।

# ਸੀ. ਬੀ. ਆਈ. ਨੇ ਦਲਿਤ ਬੱਚਿਆਂ ਨੂੰ ਸਾੜਨ ਦੇ ਦੋਸ਼ੀਆਂ ਦੀ ਝੂਠ ਪਕੜਨ ਦਾ ਟੈਸਟ ਕਰਵਾਇਆ

**ਕਰਨਾਲ–** ਹਰਿਆਣਾ ਦੇ ਸੁਨਪੇਡ ਵਿਚ ਦੋ ਦਲਿਤ ਬੱਚਿਆਂ ਨੂੰ ਕਥਿਤ ਤੌਰ ਤੇ ਜਿੰਦਾ ਸਾੜਨ ਦੀ ਘਟਨਾ ਦੀ ਜਾਂਚ ਕਰ ਰਹੀ ਸੀ. ਬੀ. ਆਈ. ਨੇ 11 ਦੋਸ਼ੀਆਂ ਦਾ ਝੂਠ ਪਕੜਨ ਦਾ ਟੈਸਟ (ਪੋਲੀਗ੍ਰਾਫ ਟੈਸਟ) ਕਰਵਾਇਆ ਹੈ। ਸੂਤਰਾਂ ਨੇ ਕਿਹਾ ਕਿ ਦੋਸ਼ੀਆਂ ਦੀ ਇਸ ਜਾਂਚ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਫਿਲਹਾਲ ਕੇਂਦਰੀ ਫੋਰੈਂਸਿਕ ਪ੍ਰਯੋਗਸ਼ਾਲਾ ਤੋਂ ਵੀ ਇਥ ਰਿਪੋਰਟ ਮਿਲਣੀ ਹੈ। ਸੂਤਰਾਂ ਨੇ ਕਿਹਾ ਕਿ ਜੇਕਰ ਪੋਲੀਗ੍ਰਾਫ ਟੈਸਟ ਸਪਸ਼ਟ ਆਉਂਦਾ ਹੈ ਤਾਂ ਫਿਰ ਏਜੰਸੀ ਬੱਚਿਆਂ ਦੇ ਪਿਤਾ ਦੀ ਇਹੀ ਜਾਂਚ ਕਰਵਾਏਗੀ ਤਾਂ ਜੋ ਘਟਨਾ ਦੀ ਸਹੀ ਤਸਵੀਰ ਦੇਬਾਰੇ ਪਤਾ ਲਗਾਇਆ ਜਾ ਸਕੇ।

ਸੀ. ਐਫ. ਐਸ. ਐਲ ਨੇ ਘਟਨਾ ਦਾ ਵਿਸਥਾਰਿਤ ਵਿਸ਼ਲੇਸ਼ਣ ਕੀਤਾ ਸੀ ਪਰ ਇਸ ਸੰਦਰਭ ਵਿਚ ਉਸਦੀ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ ਕਿ ਘਰ ਵਿਚ ਅੱਗ ਕਿਵੇਂਲੱਗੀ। ਇਹ ਘਟਨਾ ਪਿਛਲੇ ਸਾਲ 28 ਅਕਤੂਬਰ ਦੀ ਹੈ। ਦੋਸ਼ ਹੈ ਕਿ ਹਮਲਾਵਰਾਂ ਨੇ ਜਤਿੰਦਰ ਦੇ ਘਰ ਵਿਚ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ ਸੀ ਜਿਸ ਵਿਚ ਉਸਦੇ ਢਾਈ ਸਾਲ ਦੇ ਮੁੰਡੇ ਅਤੇ 11 ਮਹੀਨੇ ਦੀ ਲੜਕੀ ਦੀ ਮੌਤ ਹੋ ਗਈ ਸੀ। ਉਹਨਾਂ ਦੀ ਪਤਨੀ ਰੇਖਾ ਵੀ ਝੁਲਸ ਗਈ ਸੀ।

# ਬਲਾਤਕਾਰ ਦਾ ਵਿਰੋਧ ਕਰਨ ਦੇ ਦਲਿਤ ਔਰਤ ਉਤੇ ਸੁੱਟਿਆ ਤੇਜਾਬ

**ਭਾਗਲਪੁਰ–** ਬਿਹਾਰ ਵਿਚ ਬਲਾਤਕਾਰ ਦਾ ਵਿਰੋਧ ਕਰਨ ਤੇ ਇਕ ਦਲਿਤ ਔਰਤ ਉਪਰ ਤੇਜਾਬ ਸੁਟਣ ਦਾ ਮਾਮਲਾ ਸਾਹਮਣੇ ਆਇਆ ਹੈ। ਔਰਤ ਮੁਤਾਬਕ ਦੋਸ਼ੀਆਂ ਨੇ ਹੱਥ–ਪੈਰ ਬੰਨ੍ਹ ਕੇ ਉਸਦੀ ਕੁੱਟਮਾਰ ਕੀਤੀ। ਫਿਲਹਾਲ ਪੀੜਤ ਨੂੰ ਇਲਾਜ ਦੇ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਦੋਸ਼ੀਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਮਾਮਲਾ ਕਹਿਲਗਾਉਂ ਸਬਡਵੀਜ਼ਨ (ਭਾਗਲਪੁਰ) ਦੇ ਪਰਸ਼ੂਰਾਮਚਕ ਪਿੰਡ ਦਾ ਹੈ। ਔਰਤ ਨੇ ਦੱਸਿਆ ਕਿ ਵੀਰਵਾਰ ਨੂੰ ਦੋਸ਼ੀ ਸੁਬੋਧ ਉਸਦੇ ਘਰ ਪਹੁੰਚਿਆ ਅਤੇ ਉਸ ਨਾਲ ਜ਼ਿਆਦਤੀ ਕੀਤੀ। ਵਿਰੋਧ ਕਰਨ ਤੇ ਉਸ ਉਪਰ ਤੇਜਾਬ ਸੁੱਟ ਦਿੱਤਾ। ਕੁਝ ਦੇਰ ਬਾਦ ਹੋਰ ਦੋਸ਼ੀ ਵੀ ਔਰਤ ਦੇ ਘਰ ਪਹੁੰਚ ਗਏ ਅਤੇ ਪੀੜਤ ਨੂੰ ਖਿੱਚ ਕੇ ਆਪਣੇ ਘਰ ਲੈ ਆਏ। ਇੱਥੇ ਉਸਨੂੰ ਬੰਨ੍ਹ ਕੇ ਕੁੱਟਿਆ। ਪੀੜਤ ਮੁਤਾਬਕ ਉਸਨੇ ਕਿਸੇ ਤਰ੍ਹਾਂ ਆਪਣੀ ਜਾਨ ਬਚਾਈ। ਦੋਸ਼ੀਆਂ ਦੇ ਚੁੰਗਲ ਤੋਂ ਭੱਜਣ ਦੇ ਬਾਅਦ ਪੀੜਤ ਪੁਲਿਸ ਕੋਲ ਪਹੁੰਚੀ ਅਤੇ ਪਰਚਾ ਦਰਜ ਕੀਤਾ।





# ਵੇਮੂਲਾ ਆਤਮਹੱਤਿਆ- ਦਲਿਤ ਪ੍ਰੋਫੈਸਰਾਂ ਨੇ ਦਿੱਤੀ ਅਸਤੀਫੇ ਦੀ ਧਮਕੀ

**ਹੈਦਰਾਬਾਦ–** ਹੈਦਰਾਬਾਦ ਯੂਨੀਵਰਸਿਟੀ ਦੀ ਪੀ. ਐਚ. ਡੀ. ਵਿਦਿਆਰਥੀ ਰੋਹਿਤ ਵੇਮੁਲਾ ਦੀ ਖੁਦਕੁਸ਼ੀ ਦਾ ਮਾਮਲਾ ਹੋਰ ਗੰਭੀਰ ਹੁੰਦਾ ਜਾ ਰਿਹਾ ਹੈ। ਬੁੱਧਵਾਰ ਨੂੰ ਮਨੁੱਖੀ ਸਰੋਤ ਮੰਤਰੀ ਸਿਮਰਤੀ ਇਰਾਨੀ ਦੀ ਪ੍ਰੈਸ ਕਾਨਫਰੰਸ ਤੋਂ ਬਾਅਦ ਯੂਨੀਵਰਸਿਟੀ ਨੇ ਕੱਢ ਦਿੱਤਾ ਸੀ।

ਉਹਨਾਂ ਵਿਚੋਂ ਇਕ ਵਿਦਿਆਰਥੀ ਰੋਹਿਤ ਵੇਮੁਲਾ ਨੇ ਐਤਵਾਰ ਨੂੰ ਹਾਸਟਕ ਦੇ ਕਮਰੇ ਵਿਚ ਖੁਦਕੁਸ਼ੀ ਕਰ ਲਈ ਸੀ।ਹੈਦਰਾਬਾਦ ਯੂਨੀਵਰਸਿਟੀ ਦੀ ਐਸ. ਸੀ./ਐਸ. ਟੀ. ਅਧਿਆਪਕ  ਅਤੇ ਅਧਿਕਾਰੀ ਫੋਰਮ ਨੇ ਸਿਮਰਤੀ ਇਰਾਨੀ ਦੇ ਬਿਆਨ ਦੀ ਨਿੰਦਾ ਵੀ ਕੀਤੀ। ਉਹਨਾਂ ਨੇ ਇਰਾਨੀ ਤੇ ਇਸ ਮਾਮਲੇ ਵਿਚ ਮੁਲਕ ਨੂੰ ਗੁੰਮਰਾਹ ਕਰਨ ਦੇ ਵੀ ਦੋਸ਼ ਲਗਾਏ ਹਨ।

ਕੇਂਦਰੀ ਸਰਕਾਰ ਦੇ ਮੰਤਰੀ ਅਤੇ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਦੇ ਕੁਲਪਤੀ ਦੇ ਸ਼ੋਸ਼ਣ ਤੋਂ ਦੁਖੀ ਹੋ ਕੇ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦੁਆਰਾ ਆਤਮ ਹੱਤਿਆ ਦੇ ਵਿਰੋਧ  ਵਿਚ ਭਾਰਤੀ ਸਹਿਹੋਂਦ ਸੰਗਠਨ (ਲਕਸ਼ੈ) ਦੀ ਫਰੀਦਾਬਾਦ ਨੌਜਵਾਨ ਟੀਮ ਨੇ ਫਰੀਦਾਬਾਦ ਦੇ ਭੀਮ ਬਸਤੀ ਵਿਚ ਬੀਤੀ 22 ਜਨਵਰੀ ਨੂੰ ਇਕ ਕੈਂਡਲ ਮਾਰਚ ਕਰਕੇ  ਰੋਹਿਤ ਵੇਮੁਲਾ ਨੂੰ ਸ਼ਰਧਾਂਜਲੀ ਦਿੱਤੀ।

ਇਸ ਕੈਂਡਲ ਮਾਰਚ ਵਿਚ ਲਕਸ਼ੈ ਦੇ ਹਰਿਆਣਾ ਦੇ ਯੂਥ ਕਮਾਂਡਰ ਨੀਰਜ ਨਹਿਰਵਾਲ, ਜ਼ਿਲ੍ਹਾ ਇੰਚਾਰਜ ਮਹੇਂਦਰ ਕਰਦਮ, ਗੁੜਗਾਉਂ ਕਮਾਂਡਰ ਅਸ਼ੋਕ ਗੌਤਮ, ਜ਼ਿਲ੍ਹਾ ਕਮਾਂਡਰ ਪੁਨੀਤ ਗੌਤਮ, ਸਹਾਇਕ ਕਮਾਂਡਰ ਵਿਨੋਦ ਗੌਤਮ, ਜ਼ਿਲ੍ਹਾ ਕੋਆਰਡੀਨੇਟਰ ਸ਼ਸ਼ੀ ਕੁਮਾਰ ਅਤੇ ਕੁਮਾਰ ਗੌਤਮ ਨੇ ਭਾਗ ਲਿਆ।



## Late Commissioner Lahori Ram Ji

# May 10, 1944 – January 11, 2009

**"I have only slipped away into the next room, I am I and you are you. Whatever we were to each other that we still are. Call me by my old familiar name. Speak to me in the easy way, which you always used. Play, smile, think of me. All is well." ~ Henry Scott Holland**

It is with great pride and honor that the Ram Family invites all members of the community to commemorate the life and legacy of a paragon of the ideal human being. Commissioner Lahori Ram was the best at his worst and humble at his best. He served as the ultimate role model as a devoted husband, father, grandfather and as a member of society. He was a friend and confidant to all but an enemy to none. He left his footprints in the sand and we shall follow in those footprints. It is our duty to move forward in the path that he set and carry on the message that he firmly believed in: "United we stand and divided we fall."

It is said that even God needs good people in His Company but we shall always miss your presence. Nevertheless, your soul will remain with us forever. We will always love you dearly. May God bless your soul and give us the strength to move on.

Please join the Ram family in a religious service honoring the Seventh Memorial Ceremony of this great- departed soul.

## Program:

- **Commence Prayer Ceremony (Arambh Akhand Path Sahib):** Friday January 29, 2016 at 11:00 am.
- **Conclusion of Prayer -- Main Service (Bhog):** Sunday January 31, 2016 -- 10:00 am to 4:00 pm

### Venue:

**Shri Guru Ravidass Temple**
**2120-2150 Crestview Drive**
**Pittsburg, CA 94565**
**(925) 439-2355**

### For additional information, please call:

**Jack Ram (650) 455-9026**
**Paul Ram (650) 296-4208**




26 ਜਨਵਰੀ 2016 ਨੂੰ ਭਾਰਤ ਵੱਲੋਂ ਮਨਾਏ ਗਏ ਰਿਪਬਲਿਕ ਦਿਹਾੜੇ ਮੌਕੇ ਬਾਬਾ ਸਾਹਿਬ ਡਾ.ਭੀਮਰਾਓ ਰਾਮਜੀ ਅੰਬੇਡਕਰ ਜੀ ਦੀ ਕੱਢੀ ਗਈ ਝਾਕੀ ਦੀ ਇਕ ਝਲਕ

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮਰਾਓ ਰਾਮਜੀ ਅੰਬੇਡਕਰ ਜੀ ਦੀ ਅਣਥੱਕ ਮਿਹਨਤ ਸਦਕਾ ਤਿਆਰ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਦੇ 67ਵੇਂ ਦਿਹਾੜੇ (ਗਣਤੰਤਰ ਦਿਵਸ) ਦੀਆਂ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਦੇ ਸਮੂਹ ਪਰਿਵਾਰ ਵੱਲੋਂ ਸਮੂਹ ਭਾਰਤ ਵਾਸੀਆਂ ਨੂੰ ਲੱਖ-ਲੱਖ ਵਧਾਈਆਂ। ਸਦੀਆਂ ਤੋਂ ਜਾਤ-ਪਾਤ, ਊਚ-ਨੀਚ ਅਤੇ ਜਾਗੀਰਦਾਰੀ, ਰਜਵਾੜਾਸ਼ਾਹੀ ਵਿਵਸਥਾ ਵਿਚ ਫਸੇ ਭਾਰਤ ਨੂੰ ਇਕ ਮਜ਼ਬੂਤ ਅਤੇ ਮਹਾਨ ਲੋਕਰਾਜੀ ਮੁਲਕ ਬਣਾਉਣ ਲਈ ਭਾਰਤੀ ਸੰਵਿਧਾਨ ਨੇ ਅਹਿਮ ਭੂਮਿਕਾ ਨਿਭਾਈ ਹੈ। ਇਸ ਸੰਵਿਧਾਨ ਦੀ ਬਦੌਲਤ ਅੱਜ ਭਾਰਤ ਇਕ ਬਰਾਬਰੀ ਵਾਲੇ ਸਮਾਜ ਵਿਚ ਤਬਦੀਲ ਹੋਇਆ ਹੈ। ਅੱਜ ਇਸ ਸੰਵਿਧਾਨ ਦੀ ਬਦੌਲਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਬਣਿਆ ਹੈ। ਭਾਰਤ ਵਾਸੀਆਂ ਨੂੰ ਇਸ ਸੰਵਿਧਾਨ ਤੇ ਮਾਣ ਹੈ।



# ਸਵਰਗਵਾਸੀ ਕਮਿਸ਼ਨਰ ਲਾਹੌਰੀ ਰਾਮ ਜੀ ਦਾ ਪਰਿਵਾਰ



ਭਾਰਤ ਦੇ 67ਵੇਂ ਗਣਤੰਤਰ ਦਿਵਸ ਦੀਆਂ ਵੈਸਟ ਕੋਸਟ ਇੰਡੀਅਨ ਓਵਰਸੀਜ਼ ਕਾਂਗਰਸ ਵੱਲੋਂ ਸਮੂਹ ਭਾਰਤੀ ਵਾਸੀਆਂ ਨੂੰ ਲੱਖ-ਲੱਖ ਵਧਾਈਆਂ। ਇਕ ਮਜ਼ਬੂਤ ਲੋਕਤੰਤਰ ਅਤੇ ਜਨਤਾ ਦਾ ਰਾਜ ਲਿਆਉਣ ਲਈ ਭਾਰਤ ਦੇ ਸੰਵਿਧਾਨ ਨੇ ਜੋ ਅਹਿਮ ਰੋਲ ਅਦਾ ਕੀਤਾ, ਉਸ ਦਾ ਨਤੀਜਾ ਹੈ ਕਿ ਅੱਜ ਭਾਰਤ ਇਕ ਮਜ਼ਬੂਤ ਮੁਲਕ ਵਜੋਂ ਉਭਰ ਰਿਹਾ ਹੈ ਅਤੇ ਭਾਰਤੀ ਮੂਲ ਦੇ ਲੋਕ ਜੋ ਵਿਦੇਸ਼ਾਂ ਵਿਚ ਤਰ੍ਹਾਂ-ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਸਨ, ਅੱਜ ਇਕ ਲੋਕਰਾਜੀ ਮੁਲਕ ਦੇ ਨਾਗਰਿਕ ਹਨ।

ਜਾਰੀ ਕਰਤਾ

# ਪਾਲ ਸਹੋਤਾ

ਪ੍ਰਧਾਨ

ਵੈਸਟ ਕੋਸਟ ਇੰਡੀਅਨ ਓਵਰਸੀਜ਼ ਕਾਂਗਰਸ

559-269-6974



# ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਸ਼ਰਧਾਪੂਰਵਕ ਮਨਾਇਆ







**ਸੈਕਰਾਮੈਂਟੋ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੇ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਸ਼ਰਧਾ ਪੂਰਵਕ 24 ਜਨਵਰੀ ਦਿਨ ਐਤਵਾਰ ਨੂੰ ਮਨਾਇਆ ਗਿਆ।

ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਨਿਰਮਲ ਸਿੰਘ ਜੀ, ਭਾਈ ਜਸਪਾਲ ਸਿੰਘ ਜੀ ਅਤੇ ਭਾਈ ਦਲਜੀਤ ਸਿੰਘ ਜੀ ਨੇ ਬਹੁਤ ਰਸਭਿੰਨਾ ਸ਼ਬਦ ਗਾਇਨ ਕਰਕੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਲਾ ਦੀਆਂ ਵਿਸ਼ੇਸ਼ ਮੁੱਖ ਘਟਨਾਵਾਂ ਅਤੇ ਖਾਲਸਾ ਪੰਥ ਦੀ ਸਿਰਜਣਾ ਆਦਿ ਦਾ ਜ਼ਿਕਰ ਕਰਦਿਆਂ ਨਿਹਾਲ ਕੀਤਾ।

ਅੱਜ ਦੇ ਪ੍ਰੋਗਰਾਮ ਮੌਕੇ ਸਟੇਜ ਦੀ ਸੇਵਾ ਸ੍ਰੀ ਜੀਵਨ ਰੱਤੂ ਨੇ ਬਾਖ਼ੂਬੀ ਨਾਲ ਨਿਭਾਉਂਦਿਆਂ ਜਿੱਥੇ ਧਾਰਮਿਕ ਕਵਿਤਾਵਾਂ ਪੜ੍ਹੀਆਂ, ਉਥੇ ਉਹਨਾਂ ਸਮੂਹ ਗੁਰੂ ਪਿਆਰੀ ਸਾਧ ਸੰਗਤਾਂ ਦਾ ਕੋਟਿਨ ਕੋਟਿ ਧੰਨਵਾਦ ਕੀਤਾ, ਜਿਹਨਾਂ ਆਪਣੇ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਅੱਜ ਦੇ ਸ਼ੁਭ ਦਿਹਾੜੇ ਮੌਕੇ ਗੁਰੂ ਘਰ ਹਾਜ਼ਰੀਆਂ ਭਰੀਆਂ। ਉਹਨਾਂ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਦੇ ਇਕ ਰਿਸਰਚ ਸਕਾਲਰ ਵਿਦਿਆਰਥੀ ਰੋਹਿਤ ਵੇਮੁਲਾ ਵੱਲੋਂ ਯੂਨੀਵਰਸਿਟੀ ਵੱਲੋਂ ਕੀਤੇ ਗਏ ਮਾੜੇ ਵਿਵਹਾਰ ਕਾਰਨ ਆਤਮਦਾਹ ਕਰ ਲੈਣ ਨੂੰ ਬਹੁਤ ਮੰਦਭਾਗਾ ਕਰਾਰ ਦਿੰਦਿਆਂ ਯੂਨੀਵਰਸਿਟੀ ਦੇ ਪ੍ਰਬੰਧਕਾਂ ਅਤੇ ਸਰਕਾਰ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਉਸਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਦੀ ਮੰਗ ਕੀਤੀ ਅਤੇ ਇਹ ਵੀ ਕਿਹਾ ਕਿ ਭਵਿੱਖ 'ਚ ਕੋਈ ਵੀ ਘਟਨਾ, ਖਾਸ ਕਰਕੇ ਅਜਿਹੇ ਨੌਜਵਾਨ ਰਿਸਰਚ ਸਕਾਲਰ, ਭੈੜੇ ਵਿਵਹਾਰ ਤੋਂ ਦੁਖੀ ਹੋ ਕੇ ਆਪਣੀ ਜਾਨ ਨਾ ਗੁਆ ਦੇਵੇ, ਜਿਸ ਨਾਲ ਇਕ ਹੋਣਹਾਰ ਦਾ ਚਲਾ ਜਾਣਾ, ਦੂਸਰਾ ਪਰਿਵਾਰ ਲਈ ਦੁਖਦਾਈ ਹੋ ਜਾਣਾ ਤੇ ਦੇਸ਼ ਨੂੰ ਇਕ ਚੰਗੇ ਨਾਗਰਿਕ ਗੁਆ ਲੈਣਾ, ਕੋਈ ਚੰਗੀ ਗੱਲ ਨਹੀਂ।

ਇਸ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਅਤੇ ਗੁਰੂ ਦੇ ਅਤੁੱਟ ਕੜਾਹ ਪ੍ਰਸ਼ਾਦ ਤੇ ਲੰਗਰ ਵਰਤਾਏ ਗਏ।

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ








**ਪਿਟਸਬਰਗ (ਬਿਊਰੋ)–** ਸ੍ਰੀ ਗੁਰੁ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਚਾਰ ਸਾਲ ਪਹਿਲਾਂ ਸ੍ਰੀ ਰਮੇਸ਼ ਸੁੰਮਨ ਅਤੇ ਗਿਆਨ ਸੁੰਨ ਦੁਆਰਾ ਗਿਆਨੀ ਹਰਿੰਦਰ ਸਿੰਘ ਰਸੀਆ ਅਤੇ ਉਹਨਾਂ ਦੀ ਪਤਨੀ ਮਨਜੀਤ ਕੌਰ ਰਸੀਆ ਦੇ ਸਹਿਯੋਗ ਨਾਲ ਆਰੰਭ ਕੀਤੀ ਲੋਹੜੀ ਦੀ ਰਸਮ ਦੇ ਤਹਿਤ ਇਸ ਵਾਰ ਵੀ ਗੁਰੂ ਘਰ ਵਿਖੇ ਲੋਹੜੀ ਮਨਾਈ ਗਈ। ਇਸ ਮੌਕੇ 25 ਦੇ ਕਰੀਬ ਲੋਕਾਂ ਨੇ ਲੋਹੜੀ ਮਨਾਈ। ਇਸ ਪ੍ਰੋਗਰਾਮ ਵਿਚ ਇਸ ਵਾਰ 150 ਤੋਂ ਜ਼ਿਆਦਾ ਲੋਕੀ ਗੁਰੂ ਘਰ ਵਿਖੇ ਇਕੱਠੇ ਹੋਏ। ਇਸ ਦਰਮਿਆਨ ਸੰਗਤਾਂ ਦੇ ਲਈ ਸਾਗ ਅਤ ਮੱਕੀ ਦੀ ਰੋਟੀ ਦਾ ਲੰਗਰ ਤਿਆਰ ਕੀਤਾ ਗਿਆ। ਸੁਮਨੀ ਸਾਹਿਬ ਦੇ ਪਾਠ ਦੀ ਸਮਾਪਤੀ ਉਪਰੰਤ ਸੰਗਤਾਂ ਨੇ ਲੋਹੜੀ ਦੀਆਂ ਵਧਾਈਆਂ ਦਿੱਤੀਆਂ। ਮੂੰਗਫਲੀ ਅਤੇ ਰਿਓੜੀਆਂ ਵੰਡੀਆਂ ਗਈਆਂ। ਗਿਆਨੀ ਉਮਕਾਰ ਸਿੰਘ ਅਤ ਗਿਆਨੀ ਗੁਰਨਾਮ ਸਿੰਘ ਨੇ ਅਰਦਾਸ ਅਤੇ ਸੇਵਾ ਦੀ ਰਸਮ ਨਿਭਾਈ। ਨਵੇਂ ਵਿਆਹੇ ਜੋੜਿਆਂ ਅਤੇ ਨਵਜੰਮੇ ਬੱਚਿਆਂ ਦੇ ਮਾਪਿਆਂ ਨੂੰ ਲੋਹੜੀ ਦੀ ਵਧਾਈ ਦਿੱਤੀ ਗਈ।

# 'ਕਿੰਗਜ਼ ਸਪੋਰਟਸ ਕਲੱਬ' ਸੈਕਰਾਮੈਂਟੋ ਦਾ ਗੁਰੂ ਰਵਿਦਾਸ ਸਭਾ ਵੱਲੋਂ ਸਨਮਾਨ

**ਸੈਕਰਾਮੈਂਟੋ (ਬਿਊਰੋ)–** ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਹਰ ਸਾਲ ਮਾਰਚ ਦੇ ਦੂਸਰੇ ਐਤਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ। ਇਸ ਸ਼ੁਭ ਮਹਾਨ ਦਿਹਾੜੇ ਦੇ ਮੌਕੇ ਗੁਰੂ ਘਰ ਵੱਲੋਂ ਜਿੱਥੇ ਸੁੰਦਰ ਸੋਵੀਨਾਰ ਪ੍ਰਕਾਸ਼ਿਤ ਕੀਤਾ ਜਾਂਦਾ ਹੇ, ਕੈਲੰਡਰ ਛਾਪਿਆ ਜਾਂਦਾ ਹੈ, ਗੁਰਮੁਖ ਪਰਿਵਾਰਾਂ ਵੱਲੋਂ ਸ੍ਰੀ ਅਖੰਡ ਪਾਠ ਰਖਾਏ ਜਾਂਦੇ ਹਨ, ਜੋ ਲੜੀਵਾਰ ਚੱਲ ਰਹੇ ਹਨ ਤੇ 13 ਮਾਰਚ 2016 ਨੂੰ ਜਿੱਥੇ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਸਬੰਧਤ ਅਖੰਡ ਪਾਠ ਦੇ ਭੋਗ ਪਾਏ ਜਾਣਗੇ। ਕੀਰਤਨ ਦਰਬਾਰ ਸਜਾਏ ਜਾਣਗੇ, ਵੱਖ ਵੱਖ ਬੁਲਾਰੇ ਸਤਿਗੁਰੂ ਜੀ ਦੇ ਜੀਵਨ ਤੇ ਸਿੱਖਿਆਵਾਂ ਤੇ ਚਾਨਣਾ ਪਾਉਣਗੇ, ਉਥੇ ਹਰ ਸਾਲ ਦੀ ਤਰ੍ਹਾਂ ਵਿਸ਼ਾਲ ਨਗਰ ਕੀਰਤਨ ਵੀ ਕੱਢਿਆ ਜਾਂਦਾ ਹੈ, ਜਿਸ ਵਿਚ ਹਰ ਸਾਲ ਪਹਿਲਾਂ ਨਾਲੋਂ ਜ਼ਿਆਦਾ ਗਿਣਤੀ ਵਿਚ ਸੰਗਤਾਂ ਆਪਣੀਆਂ ਹਾਜ਼ਰੀਆਂ ਭਰ ਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਜੀਵਨ ਸਫਲਾ ਬਣਾਉਂਦੀਆਂ ਹਨ, ਉਥੇ ਵਿਸ਼ਵ ਭਰ 'ਚ ਸਤਗਿਰੂ ਰਵਿਦਾਸ ਜੀ ਦੇ ਗੁਰਪੁਰਬ ਦਿਹਾੜੇ ਦੇ ਸ਼ੁਭ ਅਵਸਰ ਤੇ ਸਾਰੀਆਂ ਅਖਬਾਰਾਂ, ਰੇਡੀਓ, ਟੀ. ਵੀ., ਫੇਸਬੁੱਕ, ਟਵਿਟਰ, ਵਟਸਅਪ, ਯੂ-ਟਿਊਬ ਆਦਿ ਅਨੇਕਾਂ ਸਾਧਨਾਂ ਰਾਹੀਂ ਇਲਾਹੀ ਬਾਣੀ ਦਾ ਸੰਦੇਸ਼ ਪਹੁੰਚਾਇਆ ਜਾਂਦਾ ਹੈ।




ਆਪਾਂ ਸਭ ਰਲ-ਮਿਲ ਕੇ ਇਸ ਵਾਰ ਫਿਰ ਤਨੋਂ-ਮਨੋਂ-ਧਨੋਂ ਆਪਣੀ ਸੇਵਾਵਾਂ ਨਿਭਾਅ ਕੇ ਜੀਵਨ ਸਫਲਾ ਕਰੀਏ।

ਇਸੇ ਲੜੀ ਦੇ ਤਹਿਤ ਵੱਖ-ਵੱਖ ਪਰਿਵਾਰਾਂ, ਸੰਸਥਾਵਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਰਖਾਏ ਜਾ ਰਹੇ ਹਨ। ਬੀਤੇ ਐਤਵਾਰ 17 ਜਨਵਰੀ ਨੂੰ ਕੈਲੇਫੋਰਨੀਆ ਦੀ ਮਸ਼ਹੂਰ ਸਪੋਰਟਸ ਕਲੱਬ "ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟ" ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦਿਹਾੜੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਰਖਾਏ ਗਏ ਤੇ 17 ਜਨਵਰੀ ਦਿਨ ਐਤਵਾਰ ਨੂੰ ਭੋਗ ਪਾਏ ਜਾਣ ਤੋਂ ਪਹਿਲਾਂ ਕੀਰਤਨ ਦਰਬਾਰ ਸਜਾਏ ਗਏ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਨਿਰਮਲ ਸਿੰਘ ਜੀ, ਭਾਈ ਜਸਪਾਲ ਸਿੰਘ ਜੀ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਇਲਾਹੀ ਬਾਣੀ ਦੇ ਸਿਮਰਨ ਕਰਨ ਲਈ ਪ੍ਰੇਰਿਆ।

ਇਸ ਮੌਕੇ 'ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ' ਦੇ ਇਕ ਮੈਂਬਰ ਨੂੰ ਕਲੱਬ ਲਈ ਸਿਰੋਪਾਓ ਨਾਲ ਸਨਮਾਨ ਕੀਤਾ।

ਸਟੇਜ ਦੀ ਸੇਵਾ ਜੀਵਨ ਰੱਤੂ ਨੇ ਨਿਭਾਉਂਦਿਆਂ ਆਪਣੇ ਵੱਖ ਵੱਖ ਬੁਲਾਰਿਆਂ ਨੂੰ ਦੋ ਸ਼ਬਦ ਰੱਖਣ ਦਾ ਵੀ ਸੱਦਾ ਦਿੱਤਾ। ਇਸ ਉਪਰੰਤ ਗੁਰੂ ਦੇ ਅਤੁੱਟ ਕੜਾਹ ਪ੍ਰਸ਼ਾਦ ਲੰਗਰ ਵਰਤਾਏ ਗਏ।

# ਐਜੂਕੇਸ਼ਨ ਪ੍ਰਤੀ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਸਰਕਾਰੀ ਸਕੂਲਾਂ 'ਚ ਵੱਧ ਤੋਂ ਵੱਧ ਪ੍ਰੋਜੈਕਟ ਕੀਤੇ ਜਾਣ - ਬੀਸਲਾ

## ਜੋ ਇਨਸਾਨ ਦੂਸਰਿਆਂ ਦੇ ਭਲੇ ਲਈ ਸੋਚਦਾ ਹੈ,ਪ੍ਰਮਾਤਮਾ ਉਸ 'ਤੇ ਮਿਹਰਬਾਨ ਹੁੰਦਾ ਹੈ - ਜੱਸੀ ਬੰਗਾ

**ਫਗਵਾੜਾ (ਬੀ ਕੇ ਰੱਤੂ )-** ਸਮਾਜ ਸੇਵਾ ਨੂੰ ਸਮਰਪਿਤ ਸਮਾਜ ਸੇਵੀ ਸੰਸਥਾ ਸਰਬ ਨੌਜਵਾਨ ਸਭਾ ( ਰਜਿ.) ਫਗਵਾੜਾ ਵਲੋਂ ਕੜਾਕੇ ਦੀ ਪੈ ਰਹੀ ਠੰਡ ਤੋਂ ਲੋੜਵੰਦ ਸਕੂਲੀ ਬੱਚਿਆਂ ਨੂੰ ਬਚਾਉਣ ਲਈ ਗਰਮ ਕੋਟੀਆਂ, ਦਸਤਾਨੇ ਤੇ ਟੋਪੀਆਂ ਵੰਡ ਸਮਾਗਮ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ 'ਚ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਬਿਸ਼ਨਪੁਰ ਤੇ ਫ਼ਤਿਹਗੜ੍ਹ ਵਿਖੇ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਐਡੀਸ਼ਨਲ ਐਸ.ਈ. ਤੇ ਐਕਸੀਅਨ ਸ਼੍ਰੀ ਪਵਨ ਕੁਮਾਰ ਬੀਸਲਾ ਨੇ ਸ਼ਿਰਕਤ ਕੀਤੀ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਪ੍ਰਵਾਸੀ ਭਾਰਤੀ ਤੇ ਸੱਭਿਆਚਾਰਕ ਪ੍ਰਮੋਟਰ ਜੱਸੀ ਬੰਗਾ ਯੂ.ਐਸ.ਏ. ਸ਼ਾਮਿਲ ਹੋ ਕੇ ਸਕੂਲ ਦੇ ਹੋਣਹਾਰ ਤੇ ਲੋੜਵੰਦ ਬੱਚਿਆਂ ਨੂੰ ਗਰਮ ਕੋਟੀਆਂ, ਦਸਤਾਨੇ ਤੇ ਟੋਪੀਆਂ ਆਪਣੇ ਕਰ ਕਮਲਾਂ ਨਾਲ ਭੇਟ ਕੀਤੀਆਂ। ਇਸ ਮੌਕੇ ਐਡੀ. ਐਸ.ਈ. ਪਾਵਰਕਾਮ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਪ੍ਰਾਇਮਰੀ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਇਹੋ ਜਿਹੇ ਉਪਰਾਲੇ ਵੱਧ ਤੋਂ ਵੱਧ ਕਰਨੇ ਚਾਹੀਦੇ ਹਨ, ਤਾਂ ਜੋ ਪ੍ਰਾਇਮਰੀ ਸਕੂਲ ਦੇ ਬੱਚੇ ਵੀ ਆਪਣੇ ਆਪ ਨੂੰ ਕਿਸੇ ਤੋਂ ਘੱਟ ਨਾ ਸਮਝਣ। ਉਨ੍ਹਾਂ ਕਿਹਾ ਕਿ ਐਜੂਕੇਸ਼ਨ ਪ੍ਰਤੀ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਪ੍ਰਾਇਮਰੀ ਸਕੂਲਾਂ 'ਚ ਸਮਾਜ ਸੇਵਾ ਦੇ ਪ੍ਰੋਜੈਕਟ ਵੱਧ ਤੋਂ ਵੱਧ ਕਰਨ ਲਈ ਸਾਨੂੰ ਰਲ ਮਿਲ ਕੇ ਹੰਭਲਾ ਮਾਰਨਾ ਚਾਹੀਦਾ ਹੈ। ਬੀਸਲਾ ਨੇ ਸਭਾ ਦੀ ਸਮੁੱਚੀ ਟੀਮ ਦੀ ਪ੍ਰਸ਼ੰਸ਼ਾ ਕਰਦਿਆਂ ਕਿਹਾ ਕਿ ਸਰਬ ਨੌਜਵਾਨ ਸਭਾ ਸਮਾਜ ਸੇਵਾ ਦੇ ਖੇਤਰ 'ਚ ਅਹਿਮ ਰੋਲ ਅਦਾ ਕਰ ਰਹੀ ਹੈ ਜਿਸਦੀ ਜਿੰਨ੍ਹੀ ਪ੍ਰਸੰਸ਼ਾ ਕੀਤੀ ਜਾਵੇ ਥੋੜ੍ਹੀ ਹੈ। ਜੱਸੀ ਬੰਗਾ ਨੇ ਕਿਹਾ ਕਿ ਸਭਾ ਵਲੋਂ ਲੋਕ ਭਲਾਈ ਦੇ ਕੀਤੇ ਜਾ ਰਹੇ ਕਾਰਜਾਂ 'ਚ ਸ਼ਾਮਿਲ ਹੋ ਕੇ ਮਨ ਨੂੰ ਬਹੁਤ ਹੀ ਸਕੂਨ ਮਿਲਦਾ ਹੈ। ਬੰਗਾ ਨੇ ਕਿਹਾ ਕਿ ਸਭਾ ਵਲੋਂ ਆਏ ਦਿਨ ਲੋੜਵੰਦਾਂ ਤੇ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਕਰਕੇ ਸਭਾ ਦੀ ਸਮੁੱਚੀ ਟੀਮ ਨੂੰ ਸਲਾਮ ਕਰਦਾ ਹਾਂ। ਉਨ੍ਹਾਂ ਕਿਹਾ ਕਿ ਆਪਣੇ ਲਈ ਤਾਂ ਸਾਰੇ ਕਰਦੇ ਹਨ, ਪਰ ਜੋ ਦੂਸਰਿਆਂ ਲਈ ਕਰਦਾ ਹੈ ਉਸ 'ਤੇ ਪ੍ਰਮਾਤਮਾ ਮਿਹਰਬਾਨ ਹੁੰਦਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਸਭਾ ਵਲੋਂ ਕੀਤੇ ਜਾ ਰਹੇ ਕਾਰਜਾਂ 'ਚ ਆਪਣੇ ਤੇ ਆਪਣੇ ਪਰਿਵਾਰ ਵਲੋਂ ਪੂਰਨ ਸਹਿਯੋਗ ਦਿੰਦੇ ਰਹਿਣਗੇ ਤਾਂ ਜੋ ਵੱਧ ਤੋਂ ਵੱਧ ਲੋੜਵੰਦਾਂ ਦੀ ਮੱਦਦ ਕੀਤੀ ਜਾ ਸਕੇ। ਇਸ ਮੌਕੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਤੇ ਸਰਪੰਚ ਫ਼ਤਿਹਗੜ੍ਹ ਬਲਜਿੰਦਰ ਸਿੰਘ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਆਖਦਿਆਂ ਸਾਰਿਆਂ ਦਾ ਧੰਨਵਾਦ ਕੀਤਾ। ਇਸ ਸਕੂਲ ਦੇ ਹੈੱਡ ਮਾਸਟਰ ਕੁਲਵਿੰਦਰ ਰਾਏ ਨੇ ਇਸ ਨੇਕ ਤੇ ਉੱਤਮ ਉਪਰਾਲੇ ਲਈ ਸਮੂਹ ਸਟਾਫ਼ ਵਲੋਂ ਸਭਾ ਦੇ ਅਹੁਦੇਦਾਰਾਂ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਦਿਲਬਾਗ ਬੰਗਾ ਜਰਮਨ, ਹਰਵਿੰਦਰ ਸੈਣੀ, ਰਮੇਸ਼ ਅਰੋੜਾ, ਓਮ ਪ੍ਰਕਾਸ਼ ਸਰਪੰਚ ਵਜੀਦੋਵਾਲ, ਹਰੀਸ਼ ਵਿਰਦੀ ਸਰਪੰਚ ਬਿਸ਼ਨਪੁਰ, ਵਿਜੈ ਕੁਮਾਰ ਸਰਪੰਚ ਢੱਕ ਪੰਡੋਰੀ, ਕਰਮਜੀਤ ਸਿੰਘ, ਡਾ. ਨਰੇਸ਼ ਕੁਮਾਰ, ਦਮਨਜੀਤ ਸਿੰਘ, ਪ੍ਰਮਜੀਤ ਮੱਲ, ਹੈਡ ਗ੍ਰੰਥੀ ਕੁਲਦੀਪ ਟੋਡਰਪੁਰੀ, ਪੂਰਨ ਸਿੰਘ ਪੰਚ, ਗੁਰਮੀਤ ਕੌਰ ਪੰਚ, ਸੁਰਜੀਤ ਸਿੰਘ ਪੰਚ, ਕੁਲਬੀਰ ਸਿੰਘ ਪੰਚ, ਸ਼ਲਿੰਦਰ ਸਿੰਘ ਸਾਬਕਾ ਪੰਚ, ਪਰਗਨ ਸਿੰਘ ਸਾਬਕਾ ਪੰਚ, ਜੋਗਾ ਸਿੰਗ ਸਾਬਕਾ ਪੰਚ, ਰੇਸ਼ਮ ਸਿੰਘ, ਜੀਤਾ, ਨੀਟਾ, ਚਰਨਪ੍ਰੀਤ ਸਿੰਘ, ਬੇਅੰਤ ਸਿੰਘ, ਮਨਜੀਤ ਵਰਮਾ ਆਦਿ ਹਾਜ਼ਰ ਸਨ। ਸਭਾ ਵਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।



# ਇੱਕ ਦਲਿਤ ਸਕਾਲਰ ਦੀ ਮੌਤ, ਸਮਾਜ ਦੇ ਲਈ ਸ਼ਰਮਨਾਕ ਘਟਨਾ

**ਪ੍ਰਸ਼ਪਿੰਦਰ ਸਿੰਘ**

ਰੋਹਿਤ ਵੇਮੁਲਾ ਦੀ ਖੁਦਕਸ਼ੀ ਅਧੁਨਿਕ ਭਾਰਤੀ ਸਮਾਜ ਦੇ ਮੱਥੇ ਤੇ ਲਗਿਆ ਇੱਕ ਕਲੰਕ ਹੈ। ਸਾਡੇ ਦਰਸ਼ਨ ਸ਼ਾਸ਼ਤਰ ਖੁਦਕਸ਼ੀ ਨੂੰ ਬੁਜ਼ਦਿਲੀ ਕਹਿੰਦੇ ਹਨ। ਪਰ ਉਸ ਸਮਾਜ ਨੂੰ ਕੀ ਕਿਹਾ ਜਾਏ ਜੋ ਵਿਅਕਤੀ ਨੂੰ ਮੌਤ ਦੇ ਮੂੰਹ ਵਿਚ ਜਾਣ ਲਈ ਮਜ਼ਬੂਰ ਕਰ ਦਿੰਦਾ ਹੈ? ਕਿੰਨੀ ਸ਼ਰਮ ਦੀ ਗੱਲ ਹੈ ਕਿ ਦੁਨੀਆਂ ਦੀ ਤੀਸ਼ਰੀ ਮਹਾਂਸ਼ਕਤੀ ਬਨਣ ਦੇ ਸੁਪਨੇ ਲੈ ਰਿਹਾ ਦੇਸ਼ ਅਤੇ 65 ਸਾਲ ਪਹਿਲਾਂ ਦੁਨੀਆਂ ਦੇ ਸਭ ਤੋਂ ਲੋਕ ਪੱਖੀ ਸਵਿੰਧਾਨ ਨੂੰ ਅਪਨਾਉਣ ਵਾਲਾ, ਜਿਸ ਨੇ ਵਿਸ਼ਵ ਵਿਚ ਪਹਿਲੀ ਵਾਰ ਸਰਵਜਨਕ ਮੱਤ ਅਧਿਕਾਰ ਦਿੱਤਾ ਸੀ, ਅਜੇ ਵੀ ਜਾਤਪਾਤ ਦੇ ਬੰਧਨਾਂ ਵਿਚੋਂ ਬਾਹਰ ਨਹੀਂ ਆ ਸਕਿਆ। ਅਸੀਂ ਦਲਿਤਾਂ ਨੂੰ ਮੱਤ ਅਧਿਕਾਰ ਤਾਂ ਦੇ ਦਿੱਤਾ ਪਰ ਸਮਾਜ ਵਿਚ ਸਮਾਨਤਾ ਦਾ ਹੱਕ ਅਜੇ ਤਕ ਨਹੀਂ ਦੇ ਸਕੇ।

ਰੋਹਿਤ ਦਾ ਪਿਤਾ ਕਿਸੇ ਨਿਜ਼ੀ ਬੈਂਕ ਵਿਚ ਸੁਰਖਿਆ ਗਾਰਡ ਹੈ ਅਤੇ ਮਾਂ ਨੇ ਮਸ਼ੀਨ ਤੇ ਪਕੜੇ ਸੀਂ ਸੀਂ ਕੇ ਪੁੱਤ ਨੂੰ ਇਥੋਂ ਤਕ ਪਹੁੰਚਾਇਆ ਸੀ, (ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਵਿਚ ਵਿਗਿਆਨ ਵਿਸ਼ੇ ਦਾ ਰਿਸਰਚ ਸਕਾਲਰ ਸੀ)। ਆਰਕਸ਼ਣ ਨੀਤੀ ਦੇ ਵਿਰੋਧੀ ਇਹ ਦਾਅਵਾ ਵੀ ਨਹੀਂ ਕਰ ਸਕਦੇ ਕਿ ਰੋਹਿਥ ਕਰੀਮੀ ਲੇਅਰ ਨਾਲ ਸਬੰਧ ਰਖਦਾ ਸੀ। ਉਸ ਨੇ ਆਪਣੇ ਹੋਰ ਸਾਥੀਆਂ ਨਾਲ ਮਿਲ ਕੇ ਜਾਤਪਾਤ ਦੇ ਨਾਂ ਤੇ ਕੀਤੇ ਜਾਂਦੇ ਸ਼ੋਸ਼ਨ, ਪੱਖਪਾਤ ਦੇ ਖਿਲਾਫ਼ ਸੰਘਰਸ਼ ਸ਼ੁਰੂ ਕੀਤਾ ਸੀ। ਉਨ੍ਹਾਂ ਅੰਬੇਡਕਾਰ ਸਟੂਡੈਂਟਸ ਅਸੋਸ਼ੀਏਸ਼ਨ ਦਾ ਗਠਿਨ ਕੀਤਾ ਸੀ। ਇਹ ਉਸ ਦਾ ਜ਼ੁਰਮ ਸੀ। ਇਹ ਜਥੇਬੰਦੀ ਆਈ ਆਈ ਟੀ ਮਦਰਾਸ ਵਿਚ ਬਨੀ ਅੰਬੇਡਕਾਰ ਪਰਿਆਰ ਸਟੱਡੀ ਸਰਕਲ ਵਾਂਗ ਹੀ ਸੀ ਜੋ ਕੁਝ ਚਿਰ ਪਹਿਲਾਂ ਬਹੁਤ ਚਰਚਾ ਵਿਚ ਰਹੀ ਸੀ। ਇਸ ਜਥੇਬੰਦੀ ਨੇ ਬੀਫ਼ ਬੈਨ, ਮੁਜ਼ਫ਼ਰਨਗਰ ਦੰਗਿਆਂ, ਭਾਰਤੀ ਦੰਡਾਵਲੀ ਵਿਚ ਮੌਤ ਦੀ ਸਜ਼ਾ, ਯਾਕੂਬ ਮੇਨਨ ਨੂੰ ਫ਼ਾਹੇ ਲਾਉਣ ਵਿਰੁਧ ਰੋਸ ਪ੍ਰਗਟ ਕੀਤਾ ਸੀ। ਇਸ ਨੇ ਨੁਕਲ ਸਿੰਘ ਸਾਹਨੀ ਦੀ ਫ਼ਿਲਮ "ਮੁਜ਼ਫ਼ਰਨਗਰ ਬਾਕੀ ਹੈ" ਦਾ ਸ਼ੋਅ ਯੂਨੀਵਰਸਿਟੀ ਵਿਚ ਕਰਵਾਉਣ ਦੀ ਹਮਾਇਤ ਕੀਤੀ ਸੀ । ਇਨ੍ਹਾਂ ਕਾਰਨਾਂ ਸਦਕਾ ਇਸ ਦਾ ਸੰਘ ਪਰਿਵਾਰ ਦੀ ਸ਼ਾਖਾ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਨਾਲ ਤਕਰਾਰ ਹੋ ਗਿਆ। ਪ੍ਰੀਸ਼ਦ ਦੇ ਕਹਿਣ ਤੇ ਕੇਂਦਰੀ ਸਰਕਾਰ ਵਿਚ ਕਿਰਤ ਮੰਤਰੀ ਦੱਤਾਰਾਓ ਨੇ ਮਨੁੱਖੀ ਸਰੋਤਾਂ ਦੇ ਵਿਭਾਗ ਨੂੰ ਖੱਤ ਲਿਖਿਆ ਅਤੇ ਇਨ੍ਹਾਂ "ਦੇਸ਼ ਵਿਰੋਧੀ, ਅੱਤਵਾਦੀ" ਅਨਸਰਾਂ ਦੇ ਖਿਲਾਫ਼ ਕਾਰਵਾਈ ਕਰਨ ਲਈ ਕਿਹਾ। ਮੰਤਰੀ ਸਮਰਿਤੀ ਇਰਾਨੀ ਦੇ ਵਿਭਾਗ ਨੇ ਯੂਨੀਵਰਸਿਟੀ ਨੂੰ ਕਈ ਖੱਤ ਲਿਖੇ। ਯੁਨੀਵਿਰਸਿਟੀ ਪ੍ਰਸ਼ਾਸ਼ਨ ਨੇ ਰੋਹਿਤ ਸਮੇਤ ਪੰਜ ਵਿਦਿਆਰਥੀਆਂ ਨੂੰ ਮੁਅਤਲ ਕਰ ਦਿੱਤਾ ਜੋ ਸਭ ਦਲਿਤ ਸਨ। ਹੁਕਮਨਾਮੇ ਅਨੁਸਾਰ ਉਹ ਪੜ੍ਹਾਈ ਤਾਂ ਕਰ ਸਕਦੇ ਸਨ ਪਰ ਹੋਸਟਲ, ਪ੍ਰਸ਼ਾਸ਼ਨ ਵਿਭਾਗ ਅਤੇ ਯੂਨੀਵਰਸਿਟੀ ਦੀਆਂ ਹੋਰ ਸਾਂਝੀਆਂ ਥਾਵਾਂ ਤੇ ਨਹੀਂ ਜਾ ਸਕਦੇ ਸਨ। ਇੱਕ ਤਰ੍ਹਾਂ ਨਾਲ ਨੀਚ ਜਾਤ ਨਾਲ ਸਬੰਧਤ ਇਨ੍ਹਾਂ ਵਿਦਿਆਰਥੀਆਂ ਦਾ ਸਮਾਜਿਕ ਬਾਹਿਸ਼ਕਾਰ ਕਰ ਦਿੱਤਾ ਗਿਆ । ਉਹ ਵੀ ਦੇਸ਼ ਦੀ ਇੱਕ ਨਾਮਵਰ ਯੂਨੀਵਰਸਿਟੀ ਦੇ ਵਿਦਵਾਨਾਂ ਵਲੋਂ। ਅੰਬੇਡਕਾਰ ਸਟੂਡੈਂਟਸ ਅਸੋਸ਼ੀਏਸ਼ਨ ਨੇ ਵੀ ਸੀ ਦੇ ਦਫ਼ਤਰ ਦੇ ਬਾਹਰ ਤੰਬੂ ਲਾ ਕੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਰੋਹਿਤ ਸ਼ਾਇਦ ਜਿੰਦਗੀ ਦੇ ਸੰਘਰਸ਼ ਦੇ ਤਨਾਅ ਨੂੰ ਨਾ ਸਹਾਰ ਸਕਿਆ, ਐਤਵਾਰ ਵਾਲੇ ਦਿਨ ਆਪਣੇ ਦੋਸਤ ਦੇ ਕਮਰੇ ਵਿਚ ਜਾ ਕੇ ਪੱਖੇ ਨਾਲ ਲਟਕ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਖੁਦਕਸ਼ੀ ਦੇ ਕਾਰਨਾਮੇ ਨੂੰ ਜਾਇਜ਼ ਨਾਜਾਇਜ਼ ਕਰਾਰ ਦੇ ਕੇ ਇਸ ਦਾ ਮਕਸਦ ਜਾਂ ਅਰਥ ਤਲਾਸ਼ਨਾ ਬਹੁਤ ਮੁਸ਼ਕਲ ਕਾਰਜ਼ ਹੈ।

ਪਰ ਰੋਹਿਥ ਵੇਮੁਲ ਦੀ ਖੁਦਕਸ਼ੀ ਸਾਰੇ ਦੇਸ਼ ਲਈ ਬੜੀ ਸ਼ਰਮਨਾਕ ਘਟਨਾ ਹੈ। ਸਾਨੂੰ ਅਤੇ ਸੱਤਾ ਤੇ ਬੈਠੇ ਲੋਕਾਂ ਨੂੰ ਜ਼ਮੀਨੀ ਹਕੀਕਤ ਤੋਂ ਜਾਣੂ ਕਰਵਾਉਂਦੀ ਹੈ ਕਿ ਅਸੀਂ ਅਜੇ ਤਕ ਜਾਤਪਾਤ ਦੇ ਸਰਾਪ ਨੂੰ ਖਤਮ ਨਹੀਂ ਕਰ ਪਾਏ। "ਨੀਚ ਜਾਤੀ" ਦੇ ਲੋਕਾਂ ਨੂੰ ਅਜੇ ਵੀ ਸ਼ੂਦਰ ਸਮਝ ਕੇ ਧਿੱਤਕਾਰਿਆ ਜਾਂਦਾ ਹੈ।

ਆਈ ਆਈ ਟੀ ਮਦਰਾਸ ਦੀ ਸਥਾਪਨਾ ਤੇ ਬਹੁਤ ਬਵਾਲ ਖੜ੍ਹਾ ਹੋਇਆ ਸੀ ਹਾਲਾਂ ਕਿ ਦਲਿਤ ਵਿਦਿਆਰਥੀਆਂ ਵਲੋਂ ਇਹ ਜਥੇਬੰਦੀ ਜਨਤਾ ਵਿਚ ਸਮਾਜਕ ਮਸਲਿਆਂ ਤੇ ਸੰਵਾਦ ਕਰਨ, ਲੋਕਾਂ ਵਿਚ ਵਿਗਿਆਨਕ ਸੋਚਣੀ ਪ੍ਰਫੁਲੱਤ ਕਰਨ ਲਈ ਬਨਾਈ ਗਈ ਹੈ। 2007 ਵਿਚ ਗਠਿਤ ਥੋਰਟ ਕਮੇਟੀ ਨੇ ਦੇਸ਼ ਦੀ ਸਭ ਤੋਂ ਪ੍ਰਮੁੱਖ ਮੈਡੀਕਲ ਸੰਸਥਾ "ਏਮਜ਼" ਬਾਰੇ ਆਪਣੀ ਰਿਪੋਰਟ ਦਿੱਤੀ ਸੀ: ਅਨੁਸੂਚਿਤ ਜਾਤੀ ਅਤੇ ਅਨੁਸੂਚਤ ਕਬੀਲੇ ਦੇ ਵਿਦਿਆਰਥੀਆਂ ਨਾਲ ਅਮਾਨਵੀ ਸਲੂਕ ਕੀਤਾ ਜਾਂਦਾ ਹੈ, ਜਬਰਦਸਤੀ ਘਟੀਆ ਹੋਸਟਲਾਂ ਵਿਚ ਘੁਸੇੜਿਆ ਜਾਂਦਾ ਹੈ, ਅਧਿਆਪਕ ਪੱਖਪਾਤ ਕਰਦੇ ਹਨ ਅਤੇ ਸਭਿਆਚਾਰਕ ਤੇ ਖੇਡ ਸਰਗਰਮੀਆਂ ਵਿਚ ਵੀ ਹਿੱਸਾ ਨਹੀਂ ਲੈਣ ਦਿੱਤਾ ਜਾਂਦਾ। ਹਕੀਕਤ ਹੈ ਕਿ ਜਦ ਵੀ ਪਿਛੜੇ ਵਰਗ ਦਾ ਵਿਦਿਆਰਥੀ ਦੇਸ਼ ਦੀ ਕਿਸੇ ਸ਼ਰੇਸ਼ਠ ਸੰਸਥਾ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸ ਨੂੰ ਦੁਸ਼ਮਨੀ ਭਰਿਆ ਮਾਹੌਲ ਦੇਖ ਕੇ ਸਹਿਮ ਜਾਂਦਾ ਹੈ। ਇਹੀ ਕਾਰਨ ਹੈ ਕਿ ਅਜਿਹੇ ਜਾਤੀ ਨਫ਼ਰਤ ਅਤੇ ਸਮਾਜਕ ਬਾਈਕਾਟ ਵਾਲੇ ਵਾਤਾਵਰਣ ਵਿਚ ਸੰਘਰਸ਼ ਜਾਰੀ ਰਖਣ ਦੀ ਬਜਾਏ ਪਿਛਲੇ ਚਾਰ ਸਾਲਾਂ ਦਰਮਿਆਨ 18 ਦਲਿਤ ਵਿਦਿਆਰਥੀਆਂ ਨੇ ਮੌਤ ਦਾ ਫ਼ੰਦਾ ਗਲ ਵਿਚ ਪਾਉਣ ਨੂੰ ਪਹਿਲ ਦਿੱਤੀ ਹੈ। ਵਿਦਿਅਕ ਅਦਾਰਿਆਂ ਦੀਆਂ ਦੀਵਾਰਾਂ ਵਿਚ ਜਦ "ਸਵਰਣ ਜਾਤੀ ਦੇ ਲੋਕ ਬੌਧਿਕਤਾ ਪਖੋਂ ਸ਼ਰੇਸ਼ਠ ਹਨ" ਦਾ ਪੁਰਾਤਨ ਸਿਧਾਂਤ ਦੁਹਰਾਇਆ ਜਾਂਦਾ ਹੈ ਤਾਂ ਮਾਸੂਮ ਜਿੰਦੜੀਆਂ ਨੂੰ ਮਾਰਨ ਲਈ ਜ਼ਹਿਰ ਆਪਣੇ ਆਪ ਹੀ ਓਤਪਨ ਹੋ ਜਾਂਦਾ ਹੈ।

ਇਸ ਸਾਰੇ ਮਾਹੌਲ ਦਾ ਰਾਜਸੀ ਪਹਿਲੂ ਵੀ ਸਮਝ ਲੈਣਾ ਚਾਹੀਦਾ ਹੈ। ਕੋਈ ਦੋ ਰਾਏ ਨਹੀਂ ਹਨ ਕਿ ਭਾਰਤੀ ਜਨਤਾ ਪਾਰਟੀ ਰਾਸ਼ਟਰੀ ਸਵਾਇਮ ਸੇਵਕ ਸੰਘ ਦੀ ਰਾਜਸੀ ਸ਼ਾਖਾ ਹੈ ਅਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਵਿਦਿਆਰਥੀਆਂ ਵਿਚ ਕੰਮ ਕਰਨ ਵਾਲੀ ਜਥੇਬੰਦੀ ਹੈ। ਆਈ ਆਈ ਟੀ ਮਦਰਾਸ ਅਤੇ ਹੈਦਰਾਬਾਦ ਯੂਨੀਵਰਸਿਟੀ ਵਿਚ ਹੋਏ ਝਗੜੇ ਅਸਲ ਵਿਚ ਸੱਜੇ ਪੱਖੀ ਹਿੰਦੂਤਵ ਵਿਚਾਰਧਾਰਾ ਅਤੇ ਦਲਿਤ, ਬਹੂਜਨ ਵਿਚਾਰਧਾਰਾ ਦਰਮਿਆਨ ਹੋਏ ਝਗੜੇ ਹਨ। ਭਾਰਤੀ ਜਨਤਾ ਪਾਰਟੀ ਨੇ ਰਾਜਨੀਤਕ ਮੁਫ਼ਾਦ ਦੀ ਖਾਤਰ ਦਲਿਤ ਸਿਆਸੀ ਪਾਰਟੀਆਂ ਨਾਲ ਚੋਣ ਸਮਝੋਤੇ ਕੀਤੇ ਹਨ। ਕੇਂਦਰੀ ਸਰਕਾਰ ਵਿਚ ਰਾਮ ਵਿਲਾਸ ਪਾਸਵਾਨ ਸਮੇਤ ਦਲਿਤ ਪਾਰਟੀਆਂ ਸ਼ਾਮਲ ਹਨ। ਪਰ ਇਹ ਵਕਤੀ, ਜਾਤੀ ਸਵਾਰਥ ਦੇ ਲਈ ਕੀਤੇ ਸਮਝੋਤੇ ਦੋਹਾਂ ਵਿਚਾਰਧਾਰਾਵਾਂ ਵਿਚਲੀ ਦਰਾੜ ਨੂੰ ਲਕੋ ਨਹੀਂ ਸਕਦੇ । ਸਮਾਜ ਦੇ ਹਰ ਪਧੱਰ ਤੇ ਸੰਘ ਪਰਿਵਾਰ, ਭਾਜਪਾ, ਵਿਦਿਆਰਥੀ ਪ੍ਰੀਸ਼ਦ ਵਾਲੇ ਜਾਤਾਂ, ਧਾਰਮਿਕ ਫ਼ਿਰਕਿਆਂ ਅਤੇ ਮਰਦ ਔਰਤ ਦਰਮਿਆਨ ਬਰਾਬਰੀ ਦੇ ਵਿਰੋਧੀ ਹਨ। ਸੰਘ ਦੀ ਵਿਚਾਰਧਾਰਾ "ਅਧਿਕਾਰ ਅਤੇ ਬਾਹਿਸ਼ਕਾਰ" ਦੇ ਪੁਰਾਣੇ ਸਿਧਾਂਤ ਤੇ ਅਧਾਰਤ ਵਿਚਾਰਧਾਰਾ ਹੈ ਜੋ ਸਮਾਜ ਨੂੰ ਜਾਤ, ਧਰਮ ਅਤੇ ਲਿੰਗ ਦੇ ਆਧਾਰ ਤੇ ਵੰਡਦੀ ਹੈ।

ਸੋ ਅਜੇ ਵੀ ਮਹਾਨ ਜ਼ਮਹੂਰੀ, ਗਣਤੰਤਰ, ਧਰਮ ਨਿਰਪੱਖ ਭਾਰਤ ਦੀਆਂ ਅਕਾਦਮਿਕ ਸੰਸਥਾਵਾਂ ਵਿਚ ਦਰੋਣਚਾਰੀਆ ਅਕਲਵਿਆ ਦਾ ਅੰਗੂਠਾ ਕਟਣ ਨੂੰ ਤਿਆਰ ਬੈਠੇ ਹਨ। ਲੇਖ ਦਾ ਅੰਤ ਅਸੀਂ ਰੋਹਿਥ ਦੇ ਸੰਘਰਸ਼ ਦੇ ਸਾਥੀ , ਕਵੀ ਤੇ ਲੇਖਿਕਾ ਮੀਨਾ ਕੰਦਾਸਵਾਮੀ ਦੇ ਸ਼ਬਦਾਂ ਨਾਲ ਕਰਦੇ ਹਾਂ:
ਰੋਹਿਤ, ਤੂੰ ਕਾਰਲ ਸਾਗਨ ਵਰਗਾ ਵਿਗਿਆਨ ਦਾ ਲੇਖਕ ਬਨਣ ਦਾ ਸੁਪਨਾ ਵਿਚੇ ਛੱਡ ਕੇ ਚਲਿਆ ਗਿਆਂ ਹੈ। ਸਾਡਾ ਹਰ ਸ਼ਬਦ ਹੁਣ ਤੇਰੀ ਮੌਤ ਦਾ ਬੋਝ ਲਈ ਬੈਠਾ ਹੈ; ਹਰ ਹੰਝੂ ਵਿਚ ਤੇਰਾ ਅਧੂਰਾ ਸੁਪਨਾ ਤੈਰ ਰਿਹਾ ਹੈ। ਅਸੀਂ ਤਾਰਿਆਂ ਦੀ ਰਾਖ (ਰੋਹਿਤ ਦੇ ਆਖਰੀ ਖੱਤ ਵਿਚ ਵਰਤੇ ਸ਼ਬਦ ) ਦਾ ਬਾਰੂਦ ਬਣਾ ਕੇ ਵਰਨ , ਜਾਤ ਵਾਲੀ ਇਸ ਵਿਵਸਥਾ ਨੂੰ ਉਡਾ ਦਿਆਂਗੇ।

ਦੇਸ ਦੇ ਹਰ ਸਕੂਲ, ਹਰ ਕਾਲਜ਼, ਹਰ ਯੂਨੀਵਰਸਿਟੀ ਵਿਚ, ਸਾਡੇ ਹਰ ਨਾਅਰੇ ਵਿਚ ਤੇਰੇ ਸੰਘਰਸ਼ ਦੀ ਰੂਹ ਹੋਵੇਗੀ।

ਹਰ ਭੈੜੀ, ਗੰਦੀ ਜਾਤ ਵਾਲੀ ਤਾਕਤ ਨੂੰ ਗਿਆਨ ਕਰਵਾ ਦਿਉ ਕਿ ਸੂਦਰ, ਆਦਿਵਾਸੀ, ਬਹੂਜਨ ਅਤੇ ਨਾਰੀ ਆਪਣੇ ਸੁਪਨੇ ਸਾਕਾਰ ਕਰਨ ਦੇ ਲਈ ਵਿਦਿਅਕ ਅਦਾਰਿਆਂ ਵਿਚ ਆ ਗਏ ਹਨ । ਉਨ੍ਹਾਂ ਨੂੰ ਦਸ ਦਿਉ ਕਿ ਵੈਦਕ ਯੁੱਗ ਬਹੁਤ ਪਹਿਲਾਂ ਦਾ ਮੁੱਕ ਚੁਕਿਆ ਹੈ, ਜਦ ਧਾਰਮਿਕ ਸ਼ਲੋਕ ਸੁਣਣ ਵਾਲੇ ਸ਼ੂਦਰ ਦੇ ਕੰਨ ਵਿਚ ਗਰਮ ਸਿੱਕਾ ਪਾ ਦਿੱਤਾ ਜਾਂਦਾ ਸੀ, ਸ਼ਲੋਕ ਬੋਲਣ ਵਾਲੇ ਸ਼ੂਦਰ ਦੀ ਜਬਾਨ ਕੱਟ ਦਿੱਤੀ ਜਾਂਦੀ ਸੀ। ਉਨ੍ਹਾਂ ਨੂੰ ਦਸ ਦਿਉ ਕਿ ਅਸੀਂ ਸਿਖਣ ਲਈ, ਗਿਆਨ ਪ੍ਰਾਪਤ ਕਰਨ ਦੇ ਲਈ ਆਏ ਹਾਂ, ਮਰਨ ਦੇ ਲਈ ਨਹੀਂ।

**(ਦਾ ਹਿੰਦੂ ਵਿਚ ਛਪੇ ਲੇਖ ਵਿਚੋਂ)**

ਤਸਵੀਰਾਂ: ਪ੍ਰੇਮ ਚੁੰਬਰ
(ਦੇਸ਼ ਦੁਆਬਾ, ਅੰਬੇਦਕਰ ਟਾਈਮਜ਼)











22 ਜਨਵਰੀ 2016 ਨੂੰ ਸੈਨਫਰਾਂਸਿਸਕੋ ਵਿਖੇ ਸਥਿਤ ਭਾਰਤੀ ਅੰਬੈਸੀ ਦੇ ਮੂਹਰੇ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਦੇ ਸਕਾਲਰ ਰੋਹਿਤ ਵੇਮੂਲਾ ਨੂੰ ਆਤਮ ਹੱਤਿਆ ਲਈ ਮਜਬੂਰ ਕਰਨ ਵਿਰੁੱਧ ਜ਼ੋਰਦਾਰ ਪ੍ਰਦਰਸ਼ਨ ਹੋਏ।

ਹਿੰਦੀ ਕਹਾਣੀ

ਸੂਰਜ ਬੜਤੀਆ

# ਕਬੀਰਨ



ਮਨੋਹਰ ਲਾਲ
ਪੰਜਾਬੀ ਯੂਨੀਵਰਸਿਟੀ ਪਟਿਆਲਾ
91-99141-91857

**(ਦੂਜੀ ਅਤੇ ਆਖਰੀ ਕਿਸਤ)**

ਤੇ ਦੋਨਾਂ ਵੱਲ ਧਿਆਨ ਨਾਲ ਵੇਖਦਿਆਂ ਹੋਇਆਂ ਕਿਹਾ- "ਮਾਂ ਕੀ ਤੁਸੀਂ ਉਸ ਨੂੰ ਜਾਣਦੇ ਹੋ?" ਮਾਂ ਨੇ ਪਿਤਾ ਵੱਲ ਵੇਖਿਆ, ਪਿਤਾ ਜੀ ਉੱਠ ਕੇ ਬਾਹਰ ਚਲੇ ਗਏ। ਪਿਤਾ ਦੁਪਹਿਰ ਨੂੰ ਘਰ ਤੋਂ ਗਏ ਸੀ ਤੇ ਦੇਰ ਰਾਤ ਹੋਏ ਵੀ ਵਾਪਸ ਨਾ ਪਰਤੇ। ਮਾਂ ਨੂੰ ਵੀ ਚਿੰਤਾਂ ਹੋਣ ਲੱਗੀ। ਮਾਂ ਨੇ ਸੁਮੇਧ ਨੂੰ ਕਿਹਾ ਕਿ ਉਹ ਪਿਤਾ ਜੀ ਨੂੰ ਲੱਭ ਕੇ ਲੈ ਕੇ ਆਉਣ। ਸਮੇਧ ਪਿਤਾ ਨੂੰ ਲੱਭਣ ਜਾ ਹੀ ਰਿਹਾ ਸੀ ਕਿ ਪਿਤਾ ਜੀ ਲੜਖੜ੍ਹਾਉਂਦੇ ਹੋਏ ਘਰ ਵਾਪਸ ਹੀ ਆ ਰਹੇ ਸਨ। ਪਿਤਾ ਨੇ ਬਹੁਤ ਸ਼ਰਾਬ ਪੀ ਰੱਖੀ ਸੀ "ਅੱਜ ਮਨ ਬਹੁਤ ਉਦਾਸ ਸੀ ਪੁੱਤਰ, ਇਸ ਕਰਕੇ ਪੀ ਲਈ, ਤੂੰ ਬੁਰਾ ਨਾ ਮਨਾਉਣਾ, ਅੱਗੇ ਤੋਂ ਨਹੀਂ ਪੀਵਾਂਗਾ।" ਥੱਕੇ, ਟੁੱਟੇ ਹੋਏ ਸ਼ਬਦ ਸੀ ਜੋ ਪਿਤਾ ਜੀ ਕਿਸੇ ਤਰ੍ਹਾਂ ਮੂੰਹ 'ਚੋਂ ਕੱਢ ਰਹੇ ਸਨ। ਮਾਂ ਦੀਆਂ ਅੱਖਾਂ 'ਚੋਂ ਹੰਝੂਆਂ ਦਾ ਦਰਿਆ ਵਹਿ ਰਿਹਾ ਸੀ। ਉਹ ਦਰਿਆ ਜੋ ਕਈਂ ਸਾਲਾਂ ਤੋਂ ਰੁਕਿਆ ਹੋਇਆ ਸੀ, ਅੱਜ ਬੰਨ੍ਹ ਤੋੜ ਕੇ ਸੈਲਾਬ ਬਣ ਗਿਆ ਸੀ। ਸੁਮੇਧ ਸਮਝ ਗਿਆ ਸੀ ਕਿ ਕੋਈ ਗੱਲ-ਬਾਤ ਜਰੂਰ ਹੈ। ਉਸ ਦਾ ਮਨ ਵੀ ਦੁਖੀ ਹੋ ਗਿਆ, ਤੇ ਘਰ ਤੋਂ ਬਾਹਰ ਆ ਗਿਆ।

ਭਾਵੁਕ ਫ਼ਿਜ਼ਾ ਤੇ ਕਾਲੀ ਰਾਤ ਤੋਂ ਬਾਅਦ ਸਵੇਰ ਹੋਈ ਸੀ। ਚਾਹ ਪੀ ਕੇ ਉਹ ਮਾਂ ਦੇ ਕੋਲ ਬਹਿ ਗਿਆ। ਉਮਾਂ ਦੱਸ ਕੀ ਗੱਲ ਹੈ ? ਅੱਜ ਸਭ ਕੁਝ ਦੱਸ। ਜੇਕਰ ਆਪਣੇ ਹੀ ਆਪਣਿਆਂ ਤੋਂ ਕੋਈ ਓਹਲਾ ਰੱਖਣ ਤਾਂ ਫਿਰ ਬਿਗਾਨਿਆਂ ਦਾ ਕੀ ?" ਮਾਂ ਨੇ ਸੁਮੇਧ ਵੱਲ ਵੇਖਿਆ, ਕੁਝ ਸੋਚਿਆ ਤੇ ਫਿਰ...। "ਪੁੱਤਰ, ਗੱਲ ਤੇਰੇ ਪੈਦਾ ਹੋਣ ਤੋਂ ਚਾਰ ਸਾਲ ਪਹਿਲਾਂ ਦੀ ਹੈ। ਮੈਨੂੰ ਬੱਚਾ ਹੋਇਆ ਸੀ, ਤੇ ਮੈਂ ਬੇਹੋਸ਼ ਸੀ। ਹੋਸ਼ ਆਇਆ ਤਾਂ, ਆਪਣੇ ਕੋਲ ਬੱਚਾ ਨਾ ਦੇਖ ਕੇ ਮੈਂ ਕੋਲ ਬੈਠੀ ਤੇਰੀ ਦਾਦੀ ਵੱਲ ਵੇਖਿਆ। ਦਾਦੀ ਦੇ ਚਿਹਰੇ ਤੇ ਉਦਸੀ ਅਤੇ ਤਨਾਓ ਸੀ। ਦਾਦੀ ਨੇ ਕਿਹਾ ਸੀ ਕਿ ਬੱਚਾ ਮਰਿਆ ਹੋਇਆ ਹੈ। ਕੋਲ ਹੀ ਬੈਠੀ ਅਧੇੜ ਉਮਰ ਦੀ ਦਾਈ ਜੋ ਮੂੰਹ ਲਟਕਾਈ ਹੋਏ ਮੇਰੇ ਸਿਰ ਨੂੰ ਪਲੋਸ ਰਹੀ ਸੀ। ਮੇਰੇ ਮੂੰਹ 'ਚੋਂ ਸਿਸਕੀਆਂ ਸੁਣ ਦਾਈ ਮੈਨੂੰ ਸਮਝਾਉਣ ਲੱਗੀ-ਬੇਟਾ ਭਗਵਾਨ ਦੀ ਜੋ ਮਰਜ਼ੀ, ਉਸਦੇ ਅੱਗੇ ਸਾਡਾ ਕੀ ਜੋਰ? ਸਾਡੇ ਤਾਂ ਨਪੁਤੇ ਕਰਮ ਅਜਿਹੇ ਨੇ। ਉਸ ਨੇ ਹੀ ਦਿੱਤਾ ਸੀ ਤੇ ਹੁਣ ਆਪਣੇ ਹੀ ਕੋਲ ਬੁਲ੍ਹਾ ਲਿਆ।

ਭਾਰੀ ਮਨ ਤੇ ਹੰਝੂਆਂ ਨਾਲ ਭਰੇ ਚਿਹਰੇ ਨਾਲ ਮਾਂ ਨੇ ਦਾਈ ਤੇ ਦਾਦੀ ਨੂੰ ਕਿਹਾ, ਪਰ ਮੈਂ ਤਾਂ ਬੱਚੇ ਦੀ ਕਿਲਕਾਰੀ ਸੁਣੀ ਸੀ। ਦਾਈ ਨੇ ਕਿਹਾ, ਨਹੀਂ ਤੂੰ ਤਾਂ ਪੂਰੀ ਤਰ੍ਹਾਂ ਬੇਹੋਸ਼ ਸੀ, ਤੈਨੂੰ ਕੀ ਹੋਸ਼, ਤੂੰ ਤਾਂ ਬੇਹੋਸ਼ੀ 'ਚ ਬੜਬੜਾ ਰਹੀ ਸੀ। ਮੈਂ ਤਰਲੇ ਪਾਏ ਕਿ ਮੈਨੂੰ ਉਸ ਦਾ ਚਿਹਰਾ ਤਾਂ ਦਿਖਾ ਦਿੰਦੇ। ਫਿਰ ਦਾਦੀ ਬੁੜਬੜਾਉਂਦੇ ਹੋਏ ਬਾਹਰ ਚਲੀ ਗਈ।" ਇੰਨਾ ਕਹਿ ਕੇ ਮਾਂ ਚੁੱਪ ਹੋ ਗਈ। ਸੁਮੇਧ ਨੇ ਮਾਂ ਦਾ ਹੱਥ ਆਪਣੇ ਹੱਥਾਂ 'ਚ ਲੈ ਕੇ ਉਸ ਦੇ ਕੋਲ ਸਰਕਦੇ ਹੋਏ ਕਿਹਾ-ਉ ਦੱਸ ਮਾਂ ਫਿਰ ਕੀ ਹੋਇਆ?"

ਮਾਂ ਨੇ ਫਿਰ ਦੱਸਣਾ ਸ਼ੁਰੂ ਕੀਤਾ- "ਮੈਂ ਦਾਈ ਕੋਲ ਤਰਲੇ ਪਾਏ। ਮਾਂ ਨੇ ਪੁੱਛਿਆ ਦੱਸ ਮੈਨੂੰ, ਲੜਕੀ ਸੀ ਜਾਂ ਲੜਕਾ? 'ਲੜਕੀ ਸੀ'। 'ਕਿਵੇਂ ਦੀ ਸੀ ?' ਦਾਈ ਭਾਰੀ ਮਨ ਨਾਲ ਇਹ ਸ਼ਬਦ ਕਹਿੰਦੀ ਹੋਈ ਬਾਹਰ ਚਲੀ ਗਈ, ਕਿ ਉਹ ਤਾਂ ਬਿਲਕੁਲ ਚੰਨ ਵਰਗੀ ਸੀ, ਦੁੱਧ ਵਰਗਾ ਰੰਗ ਸੀ ਬਿਲਕੁਲ ਤੇਰੇ ਵਰਗਾ? ਉਹ ਤਾਂ ਅੰਗਰੇਜ਼ਨ ਸੀ, ਅੰਗਰੇਜ਼ਨ ਜੇਕਰ ਜਿਉਂਦੀ ਰਹਿੰਦੀ ਤਾਂ।

ਉਪਰ ਮੇਰਾ ਮਨ ਨਹੀਂ ਮੰਨਦਾ ਸੀ ਕਿ ਬੱਚੀ ਮਰੀ ਹੋਈ ਪੈਦਾ ਹੋਈ ਹੈ, ਪਰਿਵਾਰ 'ਚ ਪਹਿਲੀ ਸੰਤਾਨ ਸੀ, ਸਭ ਦੇ ਸੁਪਨੇ, ਖ਼ੁਸ਼ੀਆਂ, ਉਮੀਦਾਂ ਉਸ ਦੇ ਨਾਲ ਹੀ ਤਾਂ ਜੁੜੀਆਂ ਸਨ। ਮੈਂ ਤਾਂ ਮਾਂ ਸੀ, ਮੇਰੀ ਬੱਚੀ, ਨੌਂ ਮਹੀਨੇ ਪੇਟ 'ਚ ਰੱਖਿਆ ਸੀ। ਸਭ ਕੁਝ ਸਹਿ ਲੈਂਦੀ। ਮੈਂ ਤੇਰੇ ਪਿਤਾ ਤੋਂ ਵੀ ਪੁੱਛਿਆ, ਸੌਂਹਆਂ ਵੀ ਦਿੱਤੀਆਂ ਕਿਹਾ ਕਿ ਮੈਂ ਮਰ ਜਾਵਾਂਗੀ, ਫਿਰ ਜਾ ਕੇ ਉਹਨਾਂ ਨੇ ਮੈਨੂੰ ਸਹੀ ਗੱਲ ਦੱਸੀ।

ਬਿਲਕਦੇ ਹੋਏ ਮਾਂ ਨੇ ਦੱਸਿਆ ਕਿ ਉਤੇਰੇ ਪਿਤਾ ਨੇ ਦੱਸਿਆ ਸੀ ਕਿ ਬੱਚੀ ਤਾਂ ਜਿਉਂਦੀ ਸੀ ਪਰ ਉਹ ਲੜਕੀ ਸੀ ਜਾਂ ਲੜਕਾ ਪਤਾ ਨਹੀਂ ਚਲਦਾ ਸੀ। ਮੈਂ ਤਾਂ ਉਸ ਨੂੰ ਰੱਖਣਾ ਚਾਹੁੰਦਾ ਸੀ ਪਰ ਮਾਂ (ਦਾਦੀ) ਅਜਿਹਾ ਨਹੀਂ ਚਾਹੁੰਦੀ ਸੀ। ਮੈਂ ਕਿਹਾ ਵੀ ਸੀ। ਕੋਈ ਗੱਲ ਨਹੀਂ ਅਸੀਂ ਪਾਲ਼ ਲਵਾਂਗੇ, ਕਿਸੇ ਨੂੰ ਕੀ ਪਤਾ ਲੱਗੇਗਾ। ਪਰ ਮਾਂ ਇੱਜਤ, ਮਾਨ-ਸਨਮਾਨ ਦੀ ਗੱਲ ਕਰਨ ਲੱਗੀ। ਦਿਲ 'ਤੇ ਪੱਥਰ ਰੱਖ ਕੇ ਮੈਂ ਉਸ ਨੂੰ ਅਨਾਥ ਆਸ਼ਰਮ ਭੇਜ ਦਿੱਤਾ। ਮਾਂ ਤਾਂ ਕਹਿੰਦੀ ਸੀ ਕਿ ਉਸ ਨੂੰ ਮਾਰ ਦਿਓ, ਉਸ ਨੇ ਮਾਰਨ ਲਈ ਦਾਈ ਨੂੰ ਜ਼ਹਿਰ ਵੀ ਦਿੱਤਾ ਸੀ, ਪਰ ਮੈਂ ਬਿਲਕੁਲ ਨਾਂਹ ਕਰ ਦਿੱਤੀ। ਚੰਨ ਵਰਗੀ ਸੋਹਣੀ ਸੀ। ਕਹਿ ਕੇ ਤੇਰੇ ਪਿਤਾ ਰੋਣ ਲੱਗ ਪਏ।"

ਸੁਮੇਧ ਨੇ ਮਾਂ ਨੂੰ ਹੋਂਸਲਾ ਦਿੰਦੇ ਹੋਏ ਪੁਛਿਆ "ਫਿਰ ਕੀ ਹੋਇਆ ਮਾਂ?"

"ਤੇਰੇ ਪਿਤਾ ਨੇ ਉਸ ਦਾ ਨਾਮ ਕਬੀਰਨ ਰੱਖਿਆ ਸੀ। ਉਹ ਉਸਨੂੰ ਰੋਜ਼ਾਨਾ ਮਿਲਣ ਜਾਂਦੇ, ਮੈਂ ਵੀ ਜਾਂਦੀ ਸੀ। ਬੇਹਦ ਸੋਹਣੀ ਤੇ ਪਿਆਰੀ। ਉਹ ਸਿਰਫ ਦਸਵੀਂ ਤੱਕ ਹੀ ਪੜ੍ਹ ਸਕੀ ਸੀ ਪਰ ਅਨਾਥ ਆਸ਼ਰਮ 'ਚ ਇਹ ਗੱਲ ਜਿਆਦਾ ਸਮੇਂ ਤੱਕ ਲੁਕੀ ਨਾ ਰਹਿ ਸਕੀ ਤੇ ਹਿਜੜਿਆਂ ਦਾ ਇਕ ਸਮੂਹ ਉਸ ਨੂੰ ਆਪਣੇ ਨਾਲ ਲੈ ਕੇ ਚਲਾ ਗਿਆ। ਮੈਂ ਤੇ ਤੇਰੇ ਪਿਤਾ ਜੀ ਨੇ ਬਹੁਤ ਕੋਸ਼ਿਸ਼ ਕੀਤੀ, ਪਰ ਕੀ ਕਰਦੇ। ਉਸ ਨੂੰ ਹਿਜੜਿਆਂ ਦੇ ਇਕ ਸਮੂਹ ਤੋਂ ਦੂਜੇ ਸਮੂਹ 'ਚ ਵੇਚਿਆ ਜਾਂਦਾ ਤਾਂ ਕਿ ਉਸ ਦੀ ਪਹਿਚਾਣ ਲੁਕੀ ਰਹੇ।"

ਸੁਮੇਧ ਨੇ ਬੜੀ ਹੀ ਬੇਚੈਨੀ ਨਾਲ ਪੁਛਿਆ "ਕਿਵੇਂ ਦੀ ਪਹਿਚਾਣ ਮਾਂ?"

"ਬੇਟਾ, ਸਾਡੀ ਛੋਟੀ ਜਾਤ, ਜਾਤ ਤਾਂ ਜਾਤ ਹੈ ਬੇਟਾ, ਉਹ ਭਾਂਵੇ ਇਨਸਾਨਾਂ 'ਚ ਰਹੇ ਭਾਂਵੇ ਹਿਜੜਿਆਂ 'ਚ ਫ਼ਰਕ ਤਾਂ ਪੈਂਦਾ ਹੀ ਹੈ।"

"ਪਰ ਮਾਂ ਹਿਜੜੇ ਵੀ ਤਾਂ ਇਨਸਾਨ ਨੇ।"

"ਕੌਣ ਮੰਨਦਾ ਹੈ ਬੇਟਾ ਇਸਨੂੰ...। ਤੂੰ ਪੜ੍ਹ-ਲਿਖ ਲਿਆ ਤਾਂ ਹੀ ਇਸ ਤਰ੍ਹਾਂ ਕਹਿੰਦਾ ਹੈ, ਨਹੀਂ ਤਾਂ, ਅਸੀਂ ਆਪਣੀ ਕਬੀਰਨ ਨੂੰ ਘਰ ਤੋਂ ਬਾਹਰ ਕਿਉਂ ਕੱਢਦੇ। ਇਸ ਤੋਂ ਚੰਗਾ ਹੁੰਦਾ ਅਸੀਂ ਉਸ ਨੂੰ ਜਨਮ ਸਮੇਂ ਹੀ ਮਾਰ ਦਿੰਦੇ। ਵੇਚਾਰੀ ਮਾਤਾ-ਪਿਤਾ, ਭਾਈ ਦੇ ਹੁੰਦੇ ਹੋਏ ਵੀ ਦਰ-ਦਰ ਦੀਆਂ ਠੋਕਰਾਂ ਤਾਂ ਨਾਂ ਖਾਂਦੀ।" ਕਹਿ ਕੇ ਮਾਂ ਜੋਰ-ਜੋਰ ਦੀ ਰੋਣ ਲੱਗ ਪਈ। ਸੁਮੇਧ ਵੀ ਆਪਣਾ ਰੋਣਾ ਬੰਦ ਨਹੀਂ ਕਰ ਸਕਿਆ ਸੀ। ਉਹ ਉੱਠ ਕੇ ਕਮਰੇ 'ਚੋਂ ਬਾਹਰ ਆ ਗਿਆ ਅਤੇ ਇਸ ਕਰੂਰ ਸਮਾਜ 'ਤੇ....?

ਸੁਮੇਧ ਨੇ ਮਨ ਹੀ ਮਨ ਤੈਅ ਕੀਤਾ ਕਿ "ਮੈਂ ਆਪਣੀ ਭੈਣ, ਕਬੀਰਨ ਨੂੰ ਵਾਪਸ ਘਰ ਲੈ ਕੇ ਆਵਾਂਗਾ," ਉਹ ਯੂਨੀਵਰਸਿਟੀ ਪਹੁੰਚਿਆ,ਪਰ ਉਸ ਦਾ ਪੜ੍ਹਾਉਂਣ ਨੂੰ ਦਿਲ ਨਾ ਕੀਤਾ। ਉਸਨੇ ਕਈ ਵਾਰ ਹਿਜੜਿਆਂ ਦੇ ਸਮੂਹ 'ਚ ਕਬੀਰਨ ਨੂੰ ਲੱਭਣ ਦੀ ਕੋਸ਼ਿਸ਼ ਵੀ ਕੀਤੀ, ਪਰ ਉਹ ਉਸਨੂੰ ਕਿਤੇ ਦਿਖਾਈ ਨਾ ਦਿੱਤੀ। ਉਹ ਉਸ ਨੂੰ ਹਰ ਟ੍ਰੇਨ 'ਚ ਵੀ ਲੱਭਦਾ, ਪਰ ਉਹ ਨਾ ਦਿਖਾਈ ਦਿੰਦੀ।

ਲਗਾਤਾਰ ਦੋ ਸਾਲ ਤੱਕ ਉਸਨੂੰ ਲੱਭਦਾ ਰਿਹਾ। ਇਕ ਦਿਨ ਹਫ਼ਤੇ ਦੇ ਅੰਤ 'ਚ ਉਹ ਘਰ ਆਉਣ ਲਈ ਟ੍ਰੇਨ 'ਚ ਬੈਠਿਆ। ਉਹ ਇਕ ਦਮ ਚੌਂਕ ਪਿਆ, ਤੇ ਸੁੱਖ ਦਾ ਸਾਂਹ ਲਿਆ, ਜਦੋਂ ਉਸ ਨੂੰ ਉਹੀ ਸੁਰੀਲੀ ਅਵਾਜ਼ ਸੁਣਾਈ ਦਿਤੀ। 'ਬਨਾ ਕੇ ਕਿਉਂ ਬਿਗਾੜਾ ਰੇ, ਨਸੀਬਾ ਉਪਰ ਵਾਲੇ, ਓ ਉਪਰ ਵਾਲੇ।'

ਉਹ ਆਪਣੇ-ਆਪ 'ਤੇ ਕਾਬੂ ਨਾ ਕਰ ਸਕਿਆ ਤੇ ਉਠ ਕੇ ਆਉਂਦੀ ਹੋਈ ਆਵਾਜ਼ ਦੀ ਦਿਸ਼ਾ 'ਚ ਚੱਲ ਪਿਆ। ਉਹ ਕਬੀਰਨ ਹੀ ਸੀ। ਉਹ ਕਬੀਰਨ ਦੇ ਕੋਲ ਪਹੁੰਚਿਆ। ਕਬੀਰਨ ਉਸ ਨੂੰ ਆਪਣੇ ਕੋਲ ਖੜ੍ਹਾ ਦੇਖ ਕੇ ਗਾਉਂਦੇ-ਗਾਉਂਦੇ ਰੁੱਕ ਗਈ। ਡੱਬੇ 'ਚ ਬੈਠੇ ਹੋਏ ਹੋਰ ਲੋਕ ਵੀ ਉਸ ਵੱਲ ਵੇਖਣ ਲੱਗ ਪਏ। ਸੁਮੇਧ ਨੇ ਆਪਣੀਆਂ ਭਾਵਨਾਵਾਂ ਨੂੰ ਇਕੱਠਿਆਂ ਕਰਕੇ ਕਿਹਾ ਉਦੀਦੀ ਮੈਂ ਤੇਰੇ ਨਾਲ ਗੱਲ ਕਰਨੀ ਚਾਹੁੰਦਾ ਹਾਂ।" 'ਦੀਦੀ' ਸੁਣਕੇ ਡੱਬੇ 'ਚ ਬੈਠੇ ਹੋਏ ਲੋਕ ਹੈਰਾਨ ਅਤੇ ਬੇਹੁਦੇ-ਪਨ ਨਾਲ ਸੁਮੇਧ ਵੱਲ ਵੇਖਣ ਲੱਗ ਪਏ। ਕਬੀਰਨ ਨੇ ਵੀ ਭਾਵੁਕ ਹੋ ਕੇ ਸੁਮੇਧ ਵੱਲ ਵੇਖਿਆ।

"ਤੁਸੀਂ ਆਪਣੀ ਸੀਟ 'ਤੇ ਜਾਓ ਬਾਬੂ ਜੀ, ਮੈਂ ਹੁਣੇ ਆਉਂਦੀ ਹਾਂ।"

ਉਪਰ ਦੀਦੀ ਤੂੰ ਹੁਣੇ ਮੇਰੇ ਨਾਲ ਚੱਲ।"

ਭੱਦੇ-ਪਨ ਨਾਲ ਜੋਰ ਦੀ ਹੱਸਦੇ ਹੋਏ ਕਿਤੋਂ ਆਵਾਜ਼ ਆਈ। "ਕਿਓਂ ਭਾਈ ਸਾਹਿਬ' ਪਹਿਲਾਂ ਗਾਣਾ ਤਾਂ ਸੁਣਾ ਲੈਣ ਦਿਓ ਫਿਰ ਲੈ ਜਾਣਾ।"

ਸੰਯਮ ਰੱਖਦੇ ਹੋਏ ਸੁਮੇਧ ਆਪਣੀ ਸੀਟ 'ਤੇ ਜਾ ਕੇ ਬਹਿ ਗਿਆ। ਓਦੋਂ ਤੱਕ ਉਸਦੇ ਸਮੂਹ ਦੇ ਹੋਰ ਹਿਜੜੇ ਵੀ ਉਸਦੇ ਕੋਲ ਆ ਗਏ ਸੀ। ਉਹ ਵੀ ਬੇਸ਼ਰਮ ਲੋਕਾਂ ਦਾ ਮਨੋਰੰਜ਼ਨ ਕਰਨ ਲੱਗ ਪਏ। ਕੁਝ ਦੇਰ ਬਾਆਦ ਕਬੀਰਨ ਸੁਮੇਧ ਦੇ ਕੋਲ ਆ ਕੇ ਬੋਲੀ-ਉਕਹੋ ਬਾਬੂ ਜੀ ਕੀ ਗੱਲ ਹੈ? ਘਰ 'ਚ ਸਭ ਠੀਕ ਤਾਂ ਨੇ ?"

ਭਾਵੁਕ ਬੇਚੈਨੀ ਅਤੇ ਹੰਝੂਆਂ ਨੂੰ ਕਿਸੇ ਤਰ੍ਹਾਂ ਜ਼ਜ਼ਬ ਕਰਦੇ ਹੋਏ ਸੁਮੇਧ ਨੇ ਕਿਹਾ "ਦੀਦੀ ਮੈਂ ਤੁਹਾਡੇ ਨਾਲ ਇੱਕਲੇ 'ਚ ਗੱਲ ਕਰਨੀ ਚਾਹੁੰਦਾ ਹਾਂ। ਮਾਂ ਨੇ ਮੈਨੂੰ ਸਭ ਕੁਝ ਦੱਸ ਦਿਤਾ ਹੈ।" ਕਬੀਰਨ ਨੇ ਸੁਮੇਧ ਨੂੰ ਥੋੜਾ ਤਲਖ਼ੀ ਨਾਲ ਕਿਹਾ ਉਪਰ ਬਾਬੂ ਜੀ ਮੈਂ ਤੁਹਾਨੂੰ ਨਹੀਂ ਮਿਲਣਾ ਚਾਹੁੰਦੀ। ਅਤੇ ਸਾਡੇ ਲੋਕਾਂ ਕੋਲ ਬੇਕਾਰ ਅਤੇ ਪਿਛੇ ਛੁੱਟ ਗਏ ਰਿਸ਼ਤੇ ਨਿਭਾਉਣ ਦੀ ਵਿਹਲ ਨਹੀਂ ਹੈ।"

ਸੁਮੇਧ ਨੇ ਤਰਲੇ ਨਾਲ ਕਿਹਾ- "ਵਿਹਲ ਨਹੀਂ ਹੈ ਜਾਂ ਹੁਣ ਮਿਲਣ ਦੀ ਹਸਰਤ ਹੀ ਨਹੀਂ ਬਚੀ ਹੈ।" ਸੁਮੇਧ ਨੇ ਫਿਰ ਕਿਹਾ- "ਦੀਦੀ ਇਹ ਮੇਰਾ ਫੋਨ ਨੰ. ਹੈ, ਜੇਕਰ ਤੈਨੂੰ ਕਦੀ ਵਿਹਲ ਮਿਲੇ ਤਾਂ ਫੋਨ ਕਰ ਲਵੀਂ...। ਦੀਦੀ ਮੈਂ ਤੈਨੂੰ ਘਰ ਵਾਪਸ ਲੈਣ ਆਇਆ ਹਾਂ।" ਟ੍ਰੇਨ ਦੇ ਡੱਬੇ ਦਾ ਇਹ ਦ੍ਰਿਸ਼ ਅਲੱਗ ਹੀ ਤਰ੍ਹਾਂ ਦਾ ਸੀ। ਸਮੂਹ ਦੇ ਹੋਰ ਹਿਜੜਿਆਂ ਨੇ ਵੀ ਇਹ ਸਭ ਕੁਝ ਸੁਣਿਆਂ, ਦੇਖਿਆ। ਓਹ ਹੌਂਕੇ ਲੈਂਦੀ ਹੋਈ ਕਬੀਰਨ ਨੂੰ ਆਪਣੇ ਨਾਲ ਲੈ ਕੇ ਚਲੇ ਗਏ। ਉਸਨੂੰ ਅਹਿਸਾਸ ਹੋਇਆ, ਕਿ ਸਮੇਂ ਨੇ ਰਿਸ਼ਤਿਆਂ ਦੇ ਦਰਿਆ ਨੂੰ ਸੁਕਾ ਦਿੱਤਾ ਹੈ, ਤੇ ਉਸ ਦੇ ਸਾਹਮਣੇ ਸਿਰਫ ਇਕ ਵੱਡਾ ਮਾਰੂਥਲ ਹੈ।

ਸੁਮੇਧ ਦਾ ਆਪਣੇ ਮਾਤਾ-ਪਿਤਾ ਦੇ ਕੋਲ ਜਾਣ ਨੂੰ ਦਿਲ ਨਾ ਕੀਤਾ। ਭਾਰੀ ਮਨ ਨਾਲ ਉਹ ਯੂਨੀਵਰਸਿਟੀ 'ਚ ਮਿਲੇ ਕਵਾਟਰ 'ਚ ਹੀ ਆ ਗਿਆ। ਸ਼ਾਮ ਨੂੰ ਖਾਣਾ ਬਣਾਉਣ ਆਈ ਰਾਧਾ ਤੋਂ ਵੀ ਉਸ ਨੇ ਕੁਝ ਨਹੀਂ ਬਣਵਾਇਆ। ਦੁੱਧ ਪੀ ਕੇ ਉਹ ਸੋਣ ਦੀ ਕੋਸ਼ਿਸ਼ ਕਰਨ ਲੱਗਾ। ਉਸਦਾ ਮਨ ਦੁੱਖੀ ਅਤੇ ਬੇਚੈਨ ਸੀ। ਅਸੀਂ ਕਿੰਨੇ ਘਟੀਆ ਅਤੇ ਅਸਭਿਅਕ ਸਮਾਜ 'ਚ ਰਹਿ ਰਹੇ ਹਾਂ। ਜਾਤ-ਪਾਤ 'ਚ ਤਾਂ ਇਥੇ ਵੈਰ-ਵਿਰੋਧ ਹੈ ਹੀ, ਇਕ ਹਿਜੜੇ ਨੂੰ ਵੀ ਆਪਣੇ 'ਚ ਸ਼ਾਮਿਲ ਨਹੀਂ ਕਰ ਸਕਿਆ। ਉਸਨੂੰ ਮਾਤਾ-ਪਿਤਾ 'ਤੇ ਗੁੱਸਾ ਵੀ ਆਉਂਦਾ ਤੇ ਉਹਨਾਂ ਦੀ ਮਜ਼ਬੂਰੀ 'ਤੇ ਤਰਸ ਵੀ। ਸਵੇਰੇ ਉਠਦਿਆਂ ਸਿਰ ਭਾਰੀ-ਭਾਰੀ ਮਹਿਸੂਸ ਕੀਤਾ। ਉਸਦਾ ਕਿਤੇ ਬਾਹਰ ਜਾਣ ਨੂੰ ਜੀਅ ਨਹੀਂ ਕਰ ਰਿਹਾ ਸੀ, ਤੇ ਫਿਰ ਤੋਂ ਕਬੀਰਨ ਨੂੰ ਮਿਲਣ ਦੀ ਤਾਂਘ ਪੈਦਾ ਹੋਈ। ਉਹ ਉਸਦੀ ਭੈਣ ਹੈ। ਉਸਨੂੰ ਵੀ ਤਾਂ ਏਸ ਅਮਾਨਵੀ ਸਮਾਜ ਤੋਂ ਅਜਾਦ ਹੋਣਾ ਹੋਵੇਗਾ। ਉਸਦੀ ਭੈਣ ਵਰਗੀਆਂ ਪਤਾ ਨਹੀਂ ਕਿੰਨੀਆਂ ਹੀ ਹੋਰ ਕਬੀਰਨਾਂ? ਬੰਦਸ਼ਾਂ ਵਾਲੇ ਜਾਤ-ਧਰਮ-ਪਿਤਰਸੱਤਾ 'ਚ ਕੈਦ ਹਨ। ਪਰ ਹਿਜੜੇ ਸਮੁਦਾਇ ਦੇ ਲਈ ਅਜਿਹੀ ਹੈਵਾਨੀਅਤ ਅਤੇ ਬੇਦਖ਼ਲੀ ਕਿਹੜੀ ਸੱਤਾ ਦੀ ਬਦੌਲਤ ਹੈ? ਇਹਨਾਂ ਦੀ ਅਵਾਜ਼, ਅਸਮਿਤਾ, ਮਾਣ-ਇੱਜਤ ਨੂੰ ਲੈ ਕੇ ਕਿਤੇ ਵੀ ਕੋਈ ਅੰਦੋਲਨ ਨਹੀਂ? ਆਪਣਾਪਨ ਨਹੀਂ? ਨਾ ਇਹ ਮਰਦ ਹਨ ਤੇ ਨਾ ਹੀ ਔਰਤ। ਪਰ ਆਖ਼ਿਰਕਾਰ ਇਨਸਾਨ ਤਾਂ ਨੇ ਉਹ ਵੀ ਜਿਉਂਦੇ-ਜਾਗਦੇ। ਇਹਨਾਂ ਦੀ ਵਿਸ਼ੇਸ਼ ਅਸਮਿਤਾ ਦੀ ਗੱਲ ਤਾਂ ਸਾਨੂੰ ਹੀ ਕਰਨੀ ਹੋਵੇਗੀ, ਇਹ ਦਲਿਤਾਂ 'ਚੋਂ ਵੀ ਦਲਿਤ, ਅਛੂਤਾਂ 'ਚੋਂ ਵੀ ਅਛੂਤ, ਅਨਾਥਾਂ 'ਚੋਂ ਵੀ ਅਨਾਥ ਹਨ। ਉਸ ਦੀ ਬੇਚੈਨੀ ਵੱਧ ਰਹੀ ਸੀ। ਫ਼ੋਨ ਦੀ ਘੰਟੀ ਨੇ ਉਸ ਨੂੰ ਵਿਚਾਰਾਂ ਦੇ ਦੁੱਖਾਂ ਤੋਂ ਬਾਹਰ ਕੱਢਿਆ।

"ਬਾਬੂ ਜੀ ਮੈਂ ਕਬੀਰਨ ਬੋਲ ਰਹੀ ਹਾਂ। ਤੁਸੀਂ ਮਿਲਣਾ ਚਾਹੁੰਦੇ ਸੀ ਨਾ, ਦੱਸੋ ਕਿਥੇ ਮਿਲੋਂਗੇ?" ਸੁਮੇਧ ਅਵਾਜ਼ ਸੁਣ ਕੇ ਘਬਰਾ ਗਿਆ। 'ਦੀਦੀ'। ਸ਼ਬਦ ਬੜੀ ਹੀ ਬੇਸਬਰੀ ਨਾਲ ਔਖੇ ਹੋ ਕੇ ਬਾਹਰ ਆਏ ਸਨ। ਉਦੀਦੀ ਇਥੇ ਹੀ ਆ ਜਾਓ ਯੂਨੀਵਰਸਿਟੀ 'ਚ।" ਉਸ ਨੇ ਕਾਲ੍ਹੀ ਨਾਲ ਕਬੀਰਨ ਨੂੰ ਆਪਣੇ ਕਵਾਟਰ ਦਾ ਰਾਹ ਦੱਸਿਆ।

"ਮੈਂ ਤਾਂ ਓਥੇਂ ਆ ਜਾਵਾਂਗੀ ਬਾਬੂ ਜੀ, ਪਰ ਤੁਹਾਨੂੰ ਲੋਕ ਕੀ ਕਹਿਣਗੇ? ਇਕ ਹਿਜੜੇ ਨੂੰ ਘਰ ਬੁਲਾਓਂਗੇ ਜਿਸਨੂੰ ਮਾਤਾ-ਪਿਤਾ ਘਰ 'ਚ ਨਹੀਂ ਰੱਖ ਸਕੇ ਉਸਨੂੰ ਤੁਸੀਂ ਘਰ 'ਚ?"

"ਨਹੀਂ ਦੀਦੀ ਤੁਸੀਂ ਘਰ 'ਚ ਹੀ ਆ ਜਾਓ।" ਇਹ ਕਹਿ ਕੇ ਸੁਮੇਧ ਰੋ ਪਿਆ।

ਕਬੀਰਨ ਦੇ ਫ਼ੋਨ ਤੋਂ ਬਾਅਦ ਸੁਮੇਧ ਕਦੀ ਕਮਰੇ 'ਚ ਤੇ ਕਦੀ ਬਾਹਰ ਗਲੀ 'ਚ ਬੇਚੈਨੀ ਨਾਲ ਟਹਿਲਦਾ ਰਿਹਾ। ਇਕੋ ਸਮੇਂ ਉਸਦੇ ਮਨ 'ਚ ਕਈ ਪ੍ਰਕਾਰ ਦੇ ਵਿਚਾਰ ਆਉਂਦੇ ਤੇ ਚਲੇ ਜਾਂਦੇ। ਭਾਵਨਾਂਵਾਂ ਦਾ ਵਾ-ਵਰੋਲਾ ਉੱਠਦਾ ਅਤੇ ਉਸਨੂੰ ਕਿਤੇ ਪੜ੍ਹੀ ਹੋਈ ਕਬੀਰ ਦੀ ਕੋਈ ਲਾਈਨ ਯਾਦ ਆਈ- ਅਵਧੂ ਭੂਲੈ ਕੋ ਘਰ ਲਾਵੈ। ਸੋ ਨਰ ਹਮਕੋ ਭਾਵੈ। ਉਸ ਨੇ ਸੋਚਿਆ, ਕੀ ਅਜਿਹਾ ਹੋ ਜਾਵੇਗਾ? ਸਮਾਜ ਕੀ ਕਹੇਗਾ। ਮਾਤਾ-ਪਿਤਾ ਉਸਨੂੰ ਰੱਖ ਸਕਣਗੇ....। ਰਿਸ਼ਤੇਦਾਰ, ਸਮਾਜ? ਉਸਨੇ ਇਕੋ ਝਟਕੇ ਨਾਲ ਸਵਾਲਾਂ ਨੂੰ ਮਸਲ ਦਿੱਤਾ। ਨਹੀਂ ...। ਉਹ ਮੇਰੀ ਦੀਦੀ ਹੈ...। ਵਿਛੜੀ ਹੋਈ, ਬੇਦਖ਼ਲ ਕੀਤੀ ਹੋਈ। ਉਸਨੇ ਤੜਪ ਕੇ ਫ਼ੈਸਲਾਂ ਲਿਆ, ਮੈਂ ਰੱਖਾਂਗਾ ਉਸਨੂੰ।

ਗਲ੍ਹੀ 'ਚ ਟਹਿਲਦੇ ਹੋਏ ਉਸਨੇ ਦੂਰ ਤੋਂ ਹੀ ਕਬੀਰਨ ਨੂੰ ਵੇਖ ਲਿਆ ਸੀ। ਲੰਮਾ ਕੱਦ ਗ਼ੈਰ ਵਰਣ। ਦੀਦੀ ਕਿੰਨੀ ਸੋਹਣੀ ਲੱਗ ਰਹੀ ਸੀ। ਨੇੜੇ ਆ ਕੇ ਉਸਨੂੰ ਲੱਗਿਆ ਕਿ ਜਿਵੇਂ ਧੁੱਪ ਕਬੀਰਨ ਦੀਆਂ ਅੱਖਾਂ 'ਚ ਉਤਰ ਆਈ ਹੋਵੇ। ਚਿਹਰੇ 'ਤੇ ਬਹੁਤ ਨੂਰ ਸੀ। ਚਾਲ 'ਚ ਅਲੜਤਾ ਲਈ ਆਤਮ-ਵਿਸਵਾਸ਼ ਸੀ....। ਸੁਮੇਧ ਨੇ ਸੋਚਿਆ 'ਕੀ ਮੀਰਾ ਬਾਈ ਅਜਿਹੀ ਹੀ ਰਹੀ ਹੋਵੇਗੀ? ਉਸਨੇ ਦੇਖਿਆ ਕਿ ਅੱਜ ਕਬੀਰਨ ਨੇ ਬਿਲਕੁਲ ਹੀ ਵੱਖਰੇ ਸਲੀਕੇ ਦਾ ਲਿਬਾਸ ਪਹਿਨਿਆਂ ਹੋਇਆ ਸੀ। ਜੇਕਰ ਕਿਸੇ ਨੂੰ ਨਾ ਦੱਸਿਆ ਜਾਵੇ ਕਿ ਉਹ...?

ਸੁਮੇਧ ਨੇ ਕਿਹਾ "ਨਮਸਤੇ ਦੀਦੀ।"

"ਨਮਸਤੇ ਬਾਬੂ ਜੀ।" ਬਿਨਾਂ ਅਪਣੇਪਨ ਦੇ ਨਿਮਰ ਤਲਖ਼ੀ ਨਾਲ ਕਬੀਰਨ ਨੇ ਜਵਾਬ ਦਿੱਤਾ। ਦੋਨਾਂ ਦੇ ਵਿਚਕਾਰ ਖ਼ਾਮੋਸ਼ੀ ਛਾ ਗਈ। ਸੁਮੇਧ ਬਿਨਾਂ ਕੁਝ ਬੋਲੇ ਉਸਦੇ ਨਾਲ ਚਲਦੇ-ਚਲਦੇ ਆਪਣੇ ਕਵਾਟਰ ਤੱਕ ਪਹੁੰਚ ਗਿਆ। "ਪਾਣੀ ਪੀਵੇਂਗੀ ਦੀਦੀ?" ਕਬੀਰਨ ਕੁਝ ਨਹੀਂ ਬੋਲੀ। ਉਸਨੇ ਅੱਖਾਂ ਚੁੱਕ ਕੇ ਸੁਮੇਧ ਵੱਲ ਵੇਖਿਆ। ਕਬੀਰਨ ਦੀਆਂ ਅੱਖਾਂ 'ਚ ਗਹਿਰਾ ਤੇਜ ਸੀ, ਅਨੇਕਾਂ ਹੀ ਸਵਾਲ ਸਨ। ਸੁਮੇਧ ਉਸ ਦਾ ਸਾਹਮਣਾ ਨਹੀਂ ਕਰ ਸਕਿਆ ਤੇ ਪਾਣੀ ਲੈਣ ਲਈ ਕਿਚਨ 'ਚ ਚਲਾ ਗਿਆ। ਕਬੀਰਨ ਨੇ ਘਰ 'ਚ ਇਧਰ-ਉਧਰ ਵੇਖਿਆ। ਕਿਤਾਬਾਂ, ਕੰਧਾਂ 'ਤੇ ਲੱਗੀਆਂ ਕੁਝ ਫੋਟੋਆਂ ਤੇ ਚਾਰ ਕੁਰਸੀਆਂ, ਸੁਮੇਧ ਦਾ ਇਕੱਲੇ ਰਹਿਣ ਦਾ ਅਹਿਸਾਸ ਕਰਵਾ ਰਹੀਆਂ ਸਨ। ਸੁਮੇਧ ਵਾਪਸ ਡ੍ਰਾਇੰਗ ਰੂਮ 'ਚ ਆ ਗਿਆ। ਉਸਨੇ ਕਬੀਰਨ ਨੂੰ ਪਾਣੀ ਦਾ ਗਿਲਾਸ ਦਿੱਤਾ।

"ਬਾਬੂ ਜੀ ਕੀ ਤੁਸੀਂ ਹਾਲੇ ਤੱਕ ਵਿਆਹ ਨਹੀਂ ਕਰਵਾਇਆ।"

ਸੁਮੇਧ ਬੇਚੈਨੀ ਨਾਲ ਬੋਲਿਆ "ਨਹੀਂ ਦੀਦੀ। ਕਰਵਾਇਆ ਨਹੀਂ।" "ਦੀਦੀ ਤੂੰ ਮੈਨੂੰ ਬਾਬੂ ਜੀ ਨਾ ਕਿਹਾ ਕਰ, ਮੈਂ ਤੇਰਾ ਛੋਟਾ ਭਰਾ ਹਾਂ। ਪਲੀਜ਼ ਦੀਦੀ, ਤੂੰ ਮੈਨੂੰ ਸੁਮੇਧ ਹੀ ਕਿਹਾ ਕਰ।" ਇੰਨਾ ਕਹਿ ਕੇ ਸੁਮੇਧ ਰੋ ਪਿਆ ਤੇ ਉੱਠ ਕੇ ਦੂਜੇ ਕਮਰੇ 'ਚ ਚਲਾ ਗਿਆ। ਥੋੜੀ ਚਿਰ ਬਾਅਦ ਵਾਪਸ ਆਇਆ ਤੇ ਹੁਣ ਉਹ ਬਿਲਕੁਲ ਸਹਿਜ ਸੀ। "ਹਾਂ ਦੀਦੀ, ਤੂੰ ਹੀ ਦੱਸ ਆਪਣੇ ਬਾਰੇ 'ਚ ਕੁਝ। ਮੈਂ ਤਾਂ ਤੇਰੇ ਬਾਰੇ 'ਚ ਕੁਝ ਨਹੀਂ ਜਾਣਦਾ ਸੀ। ਉਹ ਤਾਂ ਬਸ ਉਸ ਦਿਨ ਜਬਰਦਸਤੀ ਹੀ ਮਾਤਾ-ਪਿਤਾ ਤੋਂ ਪੁੱਛ ਲਿਆ ਸੀ। ਤੈਨੂੰ ਪਤਾ ਹੈ ਦੀਦੀ, ਮਾਤਾ-ਪਿਤਾ ਤੈਨੂੰ ਬਹੁਤ ਮਿਸ ਕਰਦੇ ਹਨ। ਉਸ ਦਿਨ ਜਦੋਂ ਮੈਂ ਮਾਤਾ-ਪਿਤਾ ਜੀ ਤੋਂ ਤੇਰੇ ਬਾਰੇ ਪੁਛਿਆ ਤਾਂ ਪਿਤਾ ਨੇ ਬਹੁਤ ਦਿਨਾਂ ਬਾਅਦ ਬਹੁਤ ਸ਼ਰਾਬ ਪੀਤੀ ਤੇ ਖ਼ੂਬ ਰੋਏ ਵੀ ਸੀ।" ਇਹ ਦੱਸਦੇ ਹੋਏ ਸੁਮੇਧ ਦੀਆਂ ਅੱਖਾਂ ਭਰ ਆਈਆਂ। ਫਿਰ ਤੋਂ ਦੋਨਾਂ ਨੂੰ ਖ਼ਾਮੋਸ਼ੀ ਖਿਝਾਉਣ ਲੱਗੀ। ਖ਼ਾਮੋਸ਼ੀ ਨੂੰ ਵੀ ਸੁਮੇਧ ਦੇ ਹੀ ਸ਼ਬਦਾਂ ਨੇ ਖ਼ਤਮ ਕੀਤਾ ਸੀ।

"ਦੀਦੀ ਚਾਹ ਪੀਵੇਂਗੀ।"

"ਹਾਂ, ਪੀ ਲਵਾਂਗੀ, ਪਰ ਤੈਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ ਤਾਂ ਮੈਂ ਬਣਾ ਦੇਵਾਂ।" ਕਬੀਰਨ 'ਬਾਬੂ ਜੀ' ਤੇ 'ਆਪ' ਤੋਂ 'ਤੂੰ' ਸ਼ਬਦ ਤੇ ਆ ਗਈ। ਸੁਮੇਧ ਨੂੰ ਅਪਣਾਪਨ ਜਿਹਾ ਲੱਗਿਆ। ਕਬੀਰਨ ਚਾਹ ਬਣਾ ਕੇ ਡ੍ਰਾਇੰਗ ਰੂਮ 'ਚ ਆ ਕੇ ਬਹਿ ਗਈ। "ਅੱਛਾ ਦੀਦੀ ਹੁਣ ਤੂੰ ਦੱਸ। ਪਿਤਾ ਨੇ ਦੱਸਿਆ ਸੀ ਕਿ ਤੂੰ ਦਸਵੀਂ ਤੱਕ ਹੀ ਪੜ੍ਹੀ ਸੀ ਤੇ ਪੜ੍ਹਨ 'ਚ ਇੰਟੈਲੀਜੈਂਟ ਵੀ ਬਹੁਤ ਸੀ।" ਸੁਮੇਧ ਨੇ ਬਹੁਤ ਸਾਰੀਆਂ ਗੱਲਾਂ ਇਕੋ ਵਾਰੀ 'ਚ ਹੀ ਕਹਿ ਦਿੱਤੀਆਂ।

"ਬਾਬੂ ਜੀ ਮੇਰੇ ਕੋਲ ਕਹਿਣ ਨੂੰ ਤਾਂ ਕੁਝ ਹੈ ਹੀ ਨਹੀਂ। ਹੁਣ ਸਾਡਾ ਪਰਿਵਾਰ, ਰਿਸ਼ਤੇ-ਨਾਤੇ, ਸਭ ਕੁਝ ਇਹ ਸਮੁਦਾਇ ਹੀ ਤਾਂ ਹੈ। ਇਸੇ 'ਚ ਹੀ ਅਸੀਂ ਆਪਣਾ ਸਾਰਾ ਜੀਵਨ ਗੁਜ਼ਾਰ ਲੈਂਦੇ ਹਾਂ। ਭਾਈ-ਭੈਣ, ਮਾਂ-ਬਾਪ ਸਭ ਇਹੀ ਹੁੰਦੇ ਹਨ। ਪਰ ਮੈਂ ਇਹ ਪੁਰੇ ਵਿਸ਼ਵਾਸ ਨਾਲ ਕਹਿ ਸਕਦੀ ਹਾਂ ਕਿ ਸਾਡੀ ਦੁਨੀਆਂ, ਤੁਹਾਡੀ ਦੁਨੀਆਂ ਨਾਲੋਂ ਕਿਤੇ ਜਿਆਦਾ ਚੰਗੀ ਹੈ। ਕਿਸੇ ਨੂੰ ਧੋਖਾ ਨਹੀਂ ਦਿੰਦੇ, ਠੁਕਰਾਉਂਦੇ ਨਹੀਂ। ਮਿਹਨਤ ਕਰਦੇ ਹਾਂ, ਗਾਉਂਦੇ-ਵਜਾਉਂਦੇ ਹਾਂ, ਉਸਦੇ ਬਦਲੇ ਹੀ ਕੁਝ ਲੈਂਦੇ ਹਾਂ। ਕਬੀਰਨ ਇਹ ਕਹਿੰਦੇ-ਕਹਿੰਦੇ ਤਲਖ਼ ਹੋ ਗਈ ਕਿ-ਉਬਾਬੂ ਜੀ, ਸਾਡਾ ਸਮਾਜ... ਤੁਹਾਡੀ ਇਸ ਬੇ-ਰਹਿਮ ਦੁਨੀਆਂ ਤੋਂ ਬਿਲਕੁਲ ਹੀ ਵੱਖਰਾ ਹੈ।"

ਸੁਮੇਧ ਟਿਕਟਕੀ ਲਾ ਕੇ ਕਬੀਰਨ ਨੂੰ ਵੇਖਦਾ ਹੀ ਰਹਿ ਗਿਆ ਸੀ।

ਮੇਰਾ ਕੀ ਕਸੂਰ ਸੀ, ਜੋ ਪਿਤਾ ਨੇ ਮੈਨੂੰ ਘਰ ਤੋਂ ਹੀ ਕੱਢ ਦਿੱਤਾ? ਅੱਜ ਮੈਂ ਦਰ-ਦਰ ਦੀਆਂ ਠੋਕਰਾਂ ਖਾ ਰਹੀ ਹਾਂ ਤਾਂ ਕਿਉਂ? ਪਰਿਵਾਰ ਨੂੰ ਦੋਸ਼ੀ ਮੰਨਾ? ਸ਼ਮਾਜ ਨੂੰ? ਕਿਸਨੂੰ? ਪਤਾ ਹੈ ਬਾਬੂ ਜੀ, ਸਾਡੇ ਹਿਜੜਿਆਂ 'ਚ ਵੀ ਔਰਤ ਅਤੇ ਮਰਦ ਹਿਜੜੇ ਹੁੰਦੇ ਹਨ। ਮੈਂ ਤਾਂ ਔਰਤ ਹਿਜੜਾਂ ਹਾਂ, ਜਦੋਂ ਮੈਂ ਅਨਾਥ-ਆਸ਼ਰਮ 'ਚ ਰਹਿੰਦੀ ਸੀ ਤਾਂ ਓਥੇ ਤੁਹਾਡੀ ਹੀ ਦੁਨੀਆਂ ਦੇ ਮਰਦ ਨੇ ਮੇਰੇ ਨਾਲ ਪਹਿਲੀ ਵਾਰ ਬਲਾਤਕਾਰ ਕੀਤਾ ਸੀ। ਪਰ ਮੈਂ ਕਿਸ ਨੂੰ ਦੱਸਦੀ ਕਿ ਮੇਰੇ ਨਾਲ। ਕੌਣ ਵਿਸ਼ਵਾਸ ਕਰਦਾ ਕਿ ਹਿਜੜੇ ਨਾਲ ਬਲਾਤਕਾਰ ਹੋਇਆ। ਕਿਤੇ, ਕਿਸੇ ਕਾਨੂੰਨ 'ਚ ਲਿਖਿਆ ਹੈ ਕਿ ਹਿਜੜੇ ਦੇ ਨਾਲ ਬਲਾਤਕਾਰ ਦੀ ਸਜ਼ਾ ਕੀ ਹੈ? ਤੁਹਡਾ ਸਮਾਜ ਨਾ ਤਾਂ ਸਾਨੂੰ ਔਰਤ ਮੰਨਦਾ ਹੈ ਤੇ ਨਾ ਹੀ ਮਰਦ। ਪਰ ਕਿਉਂ? ਤੁਸੀਂ ਮੈਨੂੰ ਇਸ ਬਲਾਤਕਾਰੀ ਦੁਨੀਆਂ 'ਚ ਵਾਪਸ ਲੈ ਕੇ ਜਾਣਾ ਚਾਹੁੰਦੇ ਹੋ।"

ਸੁਮੇਧ ਇਹ ਸੁਣ ਕੇ ਸੰਨ ਰਹਿ ਗਿਆ। ਉਸਨੂੰ ਕਬੀਰਨ ਬਹੁਤ ਹੀ ਗਿਆਨੀ ਲੱਗੀ ਸੀ। ਜਿਵੇਂ ਕਿ ਉਹ ਨੱਚਦੇ-ਗਾਉਂਦੇ, ਘੁੰਮਦੇ-ਫਿਰਦੇ ਗਿਆਨ ਹੀ ਇੱਕਠਾ ਕਰ ਰਹੀ ਹੋਵੇ। ਕਬੀਰ ਵਾਂਗ ਅਨੁਭਵਆਤਮਕ ਗਿਆਨ। ਉਸ ਅਨੁਭਵ ਨੂੰ ਪੀ ਕੇ ਉਹ ਸੱਚਮੁਚ ਹੀ ਕਬੀਰਨ ਹੋ ਗਈ ਸੀ। ਪਰ ਉਹ ਅਨਾਥਾਂ ਦੀ ਅਨਾਥ ਹੀ ਸੀ।

"ਬਾਬੂ ਜੀ ਅਸੀਂ ਤਾਂ ਬੰਦਸ਼ਾਂ ਵਾਲੇ ਹਾਂ। ਕਦੀ ਨਾ ਕਦੀ ਤਾਂ ਤੁਹਾਡੇ ਲੋਕਾਂ ਦੇ ਬਣਾਏ ਹੋਏ ਇਹਨਾਂ ਕਿਲਿਆਂ ਅਤੇ ਮੱਠਾਂ ਨੂੰ ਢਾਹ ਹੀ ਦੇਵਾਂਗੇ।" ਉਸਦਾ ਚਿਹਰਾ ਗਰਿਹਾ ਲਾਲ ਤੇ ਲਹਿਜ਼ਾ ਤਲਖ਼ ਹੋ ਗਿਆ।

"ਹੁਣ ਤੁਸੀਂ ਸਮਝ ਹੀ ਗਏ ਹੋਵੋਂਗੇ। ਤੁਸੀਂ ਮੇਰੇ ਆਪਣੇ ਹੋ ਅਤੇ ਆਪਣਿਆਂ ਨਾਲ ਲੜ੍ਹਨਾ ਜੋਖ਼ਮ ਭਰਿਆ ਅਡਵੈਂਚਰ ਹੁੰਦਾ ਹੈ। ਪਰ ਸਾਨੂੰ ਹਮੇਸ਼ਾਂ ਇਹ ਯਾਦ ਰੱਖਣਾ ਚਾਹੀਦਾ ਹੈ ਕਿ-'ਡਿਗਨਿਟੀ ਇਜ਼ ਮੋਰ ਇੰਪੋਟੈਂਟ।' ਅਤੇ ਸਾਡੀ ਤਾਂ ਕੋਈ ਅਸਮਿਤਾ ਵੀ ਨਹੀਂ ਹੈ। ਤੁਹਾਡੀ ਦੁਨੀਆਂ, ਸਮਾਜ, ਪਰਿਵਾਰ ਅਤੇ ਘਰ 'ਚ ਮੈਂ ਕਿਹੜੀ ਹੈਸੀਅਤ ਨਾਲ ਜਾਵਾਂਗੀ।"

ਕਬੀਰਨ ਥੋੜਾ ਜਿਹਾ ਰੁਕ ਕੇ ਬੋਲੀ-"ਮੈਂ ਤੁਹਾਡੇ ਨਾਲ ਚੱਲ ਨਹੀਂ ਸਕਦੀ। ਮੈਂ ਹੀ ਤੁਹਾਡੇ ਸਮਾਜ 'ਚ ਕਿਉਂ ਜਾਵਾਂ ? ਤੁਸੀਂ ਕਿਉਂ ਨਹੀਂ ਆਉਂਦੇ ਸਾਡੇ ਸਮਾਜ 'ਚ, ਸਾਨੂੰ ਅਜ਼ਾਦ ਕਰਾਉਂਣ ਲਈ? ਕਿੰਨੀਆਂ ਹੀ ਕਬੀਰਨਾ ਹਨ, ਜਿਹੜੀਆਂ ਘਰਾਂ 'ਚੋਂ, ਸਮਾਜ 'ਚੋਂ ਬੇਦਖ਼ਲ ਹੋ ਕੇ ਠੋਕਰਾਂ ਖਾਂ ਰਹੀਆਂ ਹਨ।" ਇਹ ਕਹਿੰਦੇ-ਕਹਿੰਦੇ ਕਬੀਰਨ ਪਹਿਲੀ ਵਾਰ ਭਾਵੁਕ ਹੋ ਕੇ ਰੋਈ ਸੀ।

"ਦੀਦੀ ਪਲੀਜ਼, ਵਾਪਸ ਆ ਜਾਓ ਨਾ ਘਰ।"

ਭਾਵੁਕਤਾ 'ਚ ਹੀ ਕਬੀਰਨ ਕਹਿੰਦੀ ਗਈ-ਉਨਹੀਂ ਵੀਰ, ਮੇਰਾ ਵਾਪਸ ਆਉਂਣਾ ਸੋਖਾ ਨਹੀਂ ਹੋਵੇਗਾ। ਪਰ ਮੈਂ ਤੁਹਾਡੇ ਤੋਂ ਕੁਝ ਮੰਗਦੀ ਹਾਂ। ਜੇਕਰ ਤੁਸੀ ਚਾਹੰਦੇ ਹੋ ਕੇ ਕਦੀ ਵੀ ਕੋਈ ਕਬੀਰਨ ਘਰ ਤੋਂ ਬੇਦਖ਼ਲ ਨਾ ਹੋਵੇ ਤਾਂ ਸਮਾਜ ਦੀ ਮਾਨਸਿਕਤਾ ਨੂੰ ਬਦਲਣ ਦੇ ਯਤਨ ਕਰੋ, ਕੋਸ਼ਿਸ਼ ਕਰੋ। ਅਸੀਂ ਲੋਕ ਤੁਹਡੇ ਵਰਗੇ ਔਰਤ ਜਾਂ ਮਰਦ ਨਹੀਂ ਹਾਂ ਤਾਂ ਕੀ ਹੋਇਆ? ਅਸੀਂ ਵੀ ਇਨਸਾਨ ਹਾਂ, ਸਾਡੇ 'ਚ ਵੀ ਜਾਨ ਹੈ, ਸੁਪਨੇ ਹਨ।

ਤੁਹਾਡੀ ਦੁਨੀਆਂ ਸਾਨੂੰ ਆਪਣੇ ਬਰਾਬਰ ਨਹੀਂ ਮੰਨਦੀ। ਜਦੋਂ ਤੁਸੀਂ ਲੋਕ, ਤੁਹਾਡੀ ਦੁਨੀਆਂ ਹੀ ਬਰਾਬਰ ਨਹੀਂ ਹੈ। ਤੁਸੀਂ ਲੋਕ ਮਾਨਸਿਕ ਤੌਰ 'ਤੇ ਬਿਮਾਰ ਹੋ। ਕਦੀ ਜਾਤ 'ਚ, ਕਦੀ ਧਰਮ 'ਚ, ਕਦੀ ਔਰਤ-ਮਰਦ 'ਚ ਭੇਦ-ਭਾਵ ਕਰਦੇ ਰਹਿੰਦੇ ਹੋ। ਬਿਮਾਰ ਸਮਾਜ ਹੈ ਤੁਹਾਡਾ। ਇਸ ਬਿਮਾਰੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੋ। ਬਸ ਸਾਡੇ ਨਾਲ ਇਨਸਾਨਾਂ ਵਰਗਾ ਵਿਵਹਾਰ ਕਰੋ। ਹਮੇਸ਼ਾਂ ਯਾਦ ਰੱਖੋ ਸੁਮੇਧ 'ਡਿਗਨਿਟੀ ਇਜ਼ ਮੋਰ ਇੰਪੋਟੈਂਟ।' ਤੇ ਸਾਨੂੰ ਤਾਂ ਪਹਿਲਾਂ ਆਪਣੀ-ਆਪਣੀ ਆਈਡੈਂਟੀਟੀ ਹੀ ਬਣਾਉਂਣੀ ਹੈ, ਇਨਸਾਨੀ ਪਹਿਚਾਣ।" ਇਹ ਕਹਿੰਦੇ-ਕਹਿੰਦੇ ਕਬੀਰਨ ਉੱਠੀ ਅਤੇ ਦਰਵਾਜਾ ਖੋਲ੍ਹ ਕੇ ਲੰਮੀ ਕਾਲੀ ਸੜਕ 'ਤੇ ਚਲਦੀ ਗਈ। ਸੁਮੇਧ ਨੇ ਉਸ ਨੂੰ ਪਿਛੇ ਤੋਂ ਬਲਾਉਂਣ ਦੀ ਕੋਸ਼ਿਸ਼ ਕੀਤੀ, ਪਰ ਉਸਦੀ ਅਵਾਜ਼ ਅੰਦਰ ਹੀ ਦੱਬ ਗਈ ਅਤੇ ਕੰਨਾਂ 'ਚ ਸ਼ਬਦ ਗੂੰਜ਼ਣ ਲੱਗੇ-'ਡਿਗਨਿਟੀ ਇਜ਼ ਮੋਰ ਇੰਪੋਟੈਂਟ।'

# ਭਾਰਤੀ ਸੰਵਿਧਾਨ ਦੀ ਰਚਨਾ-ਬਾਬਾ ਸਾਹਿਬ ਅੰਬੇਡਕਰ ਦੀ ਅਦੁੱਤੀ ਭੂਮਿਕਾ



**ਕੇ. ਸੀ. ਸੁਲੇਖ**
0172-4623503

26 ਜਨਵਰੀ ਨੂੰ ਦੇਸ਼ ਆਪਣਾ 66 ਵਾਂ ਗਣਰਾਜ ਦਿਵਸ ਮਨਾ ਰਿਹਾ ਹੈ। ਇਸੇ ਦਿਨ 1950 ਵਿੱਚ ਅੰਗਰੇਜ਼ ਦੀ ਚਲੀ ਆ ਰਹੀ ਕਾਨੂੰਨ ਪ੍ਰਣਾਲੀ ਦੀ ਥਾਂਹ ਆਜ਼ਾਦੀ ਉਪਰਾਂਤ ਦੇਸ਼ ਦਾ ਆਪਣਾ ਬਣਾਇਆ ਸੰਵਿਧਾਨ ਲਾਗੂ ਹੋਇਆ ਸੀ। ਜਿਹਾ ਕਿ ਹਰ ਕੋਈ ਜਾਣਦਾ ਹੈ ਕਿ ਸੰਵਿਧਾਨ ਸਭਾ ਦੁਆਰਾ ਤਿਆਰ ਕੀਤਾ ਸੰਵਿਧਾਨ ਬਾਬਾ ਸਾਹਿਬ ਅੰਬੇਡਕਰ ਦੇ ਅੰਤਿਮ ਭਾਸ਼ਣ (25 ਨਵੰਬਰ 1949) ਤੋਂ ਅਗਲੇ ਦਿਨ 26 ਨਵੰਬਰ ਨੂੰ ਪਾਸ ਕਰ ਦਿੱਤਾ ਗਿਆ ਸੀ। ਜਿਸ ਮਿਹਨਤ,ਵਿੱਦਵਤਾ ਅਤੇ ਪ੍ਰਤੀਬੱਧ ਲਗਨ ਨਾਲ ਬਾਬਾ ਸਾਹਿਬ ਨੇ ਮਸੌਦਾ ਕਮੇਟੀ ਦੇ ਚੇਅਰਮੈਨ ਦੀ ਹੈਸੀਅਤ ਵਿੱਚ ਸੰਵਿਧਾਨ ਦੀ ਰਚਨਾ ਕੀਤੀ ਉਸੇ ਦੇ ਨਾਲ ਹੀ ਉਹਨਾਂ ਦਾ ਨਾਮ ਸੰਵਿਧਾਨ ਨਾਲ ਜੁੜ੍ਹ ਗਿਆ ਅਤੇ ਹਮੇਸ਼ਾਂ ਹਮੇਸ਼ਾਂ ਲ ਈ ਅਮਰ ਹੋ ਗਿਆ। 26-27 ਨਵੰਬਰ ਨੂੰ ਪਾਰਲੀਆਮੈਂਟ ਦੇ ਵਿਸ਼ੇਸ਼ ਇਜਲਾਸ ਵਿੱਚ ਬਾਬਾ ਸਾਹਿਬ ਦੇ ਸੰਵਿਧਾਨ ਨਿਰਮਾਣ ਪ੍ਰਤੀ ਨਿਭਾਈ ਗਈ ਭੂਮਿਕਾ ਅਤੇ ਦਿੱਤੇ ਗਏ ਯੋਗਦਾਨ ਬਾਰੇ ਸਭ ਪਾਰਟੀਆਂ/ਨੇਤਾਵਾਂ ਵਲੋਂ ਉਹਨਾਂ ਦੀ ਬੁੱਧੀਮਾਨਤਾ,ਵਿੱਦਵਤਾ ਅਤੇ ਮਹਾਨਤਾ ਦੀ ਜੋ ਚਰਚਾ ਹੋਈ,ਉਸ ਨਾਲ ਉਹਨਾਂ ਲੋਕਾਂ ਦੀਆਂ ਵੀ ਅੱਖਾਂ ਖੁੱਲ ਗਈਆਂ ਜੋ ਉਹਨਾਂ ਨੂੰ ਹਮੇਸ਼ਾ ਟੇਢੀ ਅੱਖ ਨਾਲ ਦੇਖਦੇ ਰਹੇ। ਉਹ ਅਰੁਣ ਸ਼ੌਰੀ ਵੀ ਇਸ ਸਾਰੀ ਚਰਚਾ ਨੂੰ ਸੁਣਦਾ ਅਤੇ ਦੇਖਦਾ ਰਿਹਾ ਹੋਵੇਗਾ ਜਿਸ ਨੇ 1997 ਵਿੱਚ ਇੱਕ ਸ਼ੈਤਾਨੀ ਕਿਤਾਬ worshipping false gods (ਝੂਠੇ ਦੇਵਤਿਆਂ ਦੀ ਪੂਜਾ) ਲਿਖ ਕੇ ਬਾਬਾ ਸਾਹਿਬ ਦੀ ਪ੍ਰਤਿਸ਼ਠਾਂ ਨੂੰ ਦੇਸ਼ ਵਾਸੀਆਂ ਦੀਆਂ ਨਜ਼ਰਾਂ ਵਿੱਚ ਗਿਰਾਉਣ ਦੀ ਕੋਸ਼ਿਸ਼ ਕੀਤੀ ਸੀ। ਜੋ ਉਸ ਕਿਤਾਬ ਦੀ ਦੇਸ਼ ਭਰ ਵਿੱਚ ਪਾਰਲੀਮੈਂਟ ਦੇ ਅੰਦਰ ਅਤੇ ਬਾਹਰ ਭੰਡੀ ਹੋਈ ਅਤੇ ਭਰੀ ਸਭਾਵਾਂ ਵਿਚ ਉਸ ਦੀ ਮੂੰਹ ਕਾਲਾ ਕਰਕੇ ਬੇ-ਇੱਜ਼ਤੀ ਕੀਤੀ ਗਈ ਉਹ ਇੱਕ ਵੱਖਰਾ ਵਿਸ਼ਾ ਹੈ, ਲੇਖਕ ਨੇ ਪੁਸਤਕ "ਸ਼ੌਰੀ ਬੇਨਕਾਬ" (ਅੰਬੇਡਕਰ ਭਵਨ ਟਰੱਸਟ ਜਾਲੰਧਰ-1997) ਲਿਖਕੇ ਸ਼ੋਰੀ ਦੀਆਂ ਝੂਠ ਕੁਫਰ ਆਧਾਰਤ ਗ਼ਲਤ ਬਿਆਨੀਆਂ ਦਾ ਉਸੇ ਸ਼ੈਲੀ ਵਿੱਚ ਮੂੰਹ ਤੋੜ ਜਵਾਬ ਦਿੱਤਾ ਸੀ। ਉਹ ਕਿਤਾਬ ਪਾਠਕਾਂ ਨੇ ਬੜੀ ਦਿਲਚਸਪੀ ਨਾਲ ਪੜ੍ਹੀ। ਕਈਆਂ ਨੇ ਆਪਣੀ ਪ੍ਰਤੀਕ੍ਰਿਆ ਵਜੋਂ ਲਿਖਿਆ ਕਿ ਕਿਤਾਬ ਨੂੰ ਪੂਰੀ ਪੜ੍ਹੇ ਬਗ਼ੈਰ ਉਸ ਨੂੰ ਛੱਡਣ ਦਾ ਜੀਅ ਨਹੀਂ ਕਰਦਾ। ਉਸ ਕਿਤਾਬ ਦਾ ਸੰਵਿਧਾਨ ਸੰਬੰਧੀ ਲਿਖਿਆ ਅਧਿਆਇ ਪਾਠਕਾਂ ਅੱਗੇ ਪੇਸ਼ ਹੈ।

ਬਾਕੀ ਵਿਸ਼ਿਆਂ ਵਾਂਗ ਸ਼ੌਰੀ ਨੇ ਡਾ.ਅੰਬੇਡਕਰ ਦੇ ਸੰਵਿਧਾਨ ਨਿਰਮਾਣ ਵਿਚ ਪਾਏ ਇਤਿਹਾਸਕ ਯੋਗਦਾਨ ਨੂੰ ਤੁੱਛ ਸਾਬਤ ਕਰਨ ਵਿੱਚ ਆਪਣੀ ਕਲਮ ਦੀ ਪੂਰੀ ਸ਼ਕਤੀ ਲਗਾ ਦਿੱਤੀ। ਸਭ ਤੋਂ ਵੱਧ ਉਸ ਨੂੰ ਇਸ ਗੱਲ ਦੀ ਤਕਲੀਫ ਹੋਈ ਕਿ ਲੋਕ ਉਹਨਾਂ ਨੂੰ ਸੰਵਿਧਾਨ ਨਿਰਮਾਤਾ ਜਾਂ ਭਾਰਤੀ ਸੰਵਿਧਾਨ ਦੇ ਪਿਤਾਮਾ ਕਿਉਂ ਕਹਿ ਰਹੇ ਹਨ। ਇਸ ਸੰਬੰਧ ਵਿੱਚ ਉਸ ਨੇ ਪਾਰਲੀਮੈਂਟ ਵਿੱਚ ਹੋਈਆ ਬਹਿਸਾਂ ਦੇ ਹਵਾਲੇ ਦੇ ਕੇ ਇਹ ਪ੍ਰਭਾਵਾ ਦੇਣ ਦਾ ਯਤਨ ਕੀਤਾ ਕਿ ਸੰਵਿਧਾਨ ਦਾ ਖਰੜਾ ਕਮੇਟੀ ਦੇ ਸਲਾਹਕਾਰ ਸਰ ਬੀ.ਐਨ.ਰਾਓ ਨੇ ਤਿਆਰ ਕੀਤਾ। ਚੀਫ ਡ੍ਰਾਫਟਮੈਨ ਐਸ.ਐਨ.ਮੁਖ਼ਰਜੀ ਨੇ ਇਸ ਨੂੰ ਪੱਧਰਾ ਕੀਤਾ। ਟੀ. ਟੀ. ਕ੍ਰਿਸ਼ਨਾਮਾਚਾਰੀ, ਕੇ. ਐਮ. ਮੁਨਸ਼ੀ, ਅਲਾਦੀ ਕ੍ਰਿਸ਼ਨਾ ਸਵਾਮੀ ਆਇਰ ਆਦਿ ਮੈਂਬਰਾਂ ਨੇ ਵੱਖ ਵੱਖ ਧਰਾਵਾਂ ਨੂੰ ਸੋਧ ਕੇ ਸੰਵਿਧਾਨ ਤਿਆਰੀ ਵਿੱਚ ਸਹਾਇਤਾ ਦਿੱਤੀ। ਨਹਿਰੂ ਪਟੇਲ ਆਦਿ ਦੀ ਅਗਵਾਈ ਵਿੱਚ ਬਣੀਆਂ ਕਮੇਟੀਆਂ ਨੇ ਆਪਣੀਆਂ ਮਿੱਥੀਆਂ ਨੀਤੀਆਂ ਅਤੇ ਮਨੋਰਥਾਂ ਅਨੁਸਾਰ ਸੰਵਿਧਾਨ ਦੀਆਂ ਧਰਾਵਾਂ ਨੂੰ ਸੇਧ ਦਿੱਤੀ, ਫੇਰ ਸੰਵਿਧਾਨ ਤਿਆਰ ਕਰਨ ਲਈ ਇਕੱਲੇ ਅੰਬੇਡਕਰ ਨੂੰ ਕਿਉਂ ਸਨਮਾਨ ਦਿਤਾ ਜਾ ਰਿਹਾ ਹੈ? ਇਸ ਵਿੱਚ ਮਜ਼ੇ ਦੀ ਗੱਲ ਇਹ ਹੈ ਕਿ ਇੱਕ ਨਿਰਪੱਖ ਪਾਰਖੂ ਹੋਣ ਦੀ ਥਾਂ ਉਸ ਨੇ ਆਪਣੀ ਮਿਥੀ ਯੋਜਨਾ ਅਨੁਸਾਰ ਬਹਿਸਾਂ ਦੇ ਉਹ ਟੁਕੜੇ ਕੱਢ ਕੇ ਪੇਸ਼ ਕੀਤੇ ਜਿਥੇ ਡਾ.ਅੰਬੇਡਕਰ ਦਾ ਸਹੀ ਯੋਗਦਾਨ ਜਾਂ। ਭੂਮਿਕਾ ਨਾ ਦਿਸ ਸਕੇ। ਇੱਕ ਇੱਕ ਗੱਲ ਨੂੰ ਬਾਰ-ਬਾਰ ਦੁਹਰਾਣਾ ਸ਼ੌਰੀ ਦੀ ਲਿਖਣ ਸ਼ੈਲੀ ਦਾ ਪ੍ਰਮੁੱਖ ਰੂਪ ਹੈ ਜਿਸ ਨੂੰ ਪੜ੍ਹ ਪੜ੍ਹ ਕੇ ਆਦਮੀ ਬੋਰ ਹੋ ਜਾਂਦਾ ਹੈ ਤੇ ਕਿਤਾਬ ਨੂੰ ਪਰ੍ਹਾਂ ਸੁੱਟਣਾ ਚਾਹੁੰਦਾ ਹੈ। ਇਹ ਗੱਲ ਇੱਕ ਨੇ ਨਹੀਂ ਸਭ ਟਿੱਪਣੀਕਾਰਾਂ ਨੇ ਕਹੀ ਹੈ। ਇਡੀਆਂ ਟੂਡੇ(ਜੂਨ 10, 1997) ਦੇ ਅਨੁਸਾਰ "ਜਿਹੜੀ ਗੱਲ 500 ਸ਼ਬਦਾਂ ਵਿਚ ਕਹੀ ਜਾ ਸਕਦੀ ਸੀ ਸ਼ੌਰੀ ਨੇ ਉਸ ਨੂੰ 1000 ਸ਼ਬਦਾਂ ਵਿੱਚ ਕਹਿਣ ਦੀ ਜਿੱਦ ਕੀਤੀ ਹੈ।" ਇਸ ਤਰ੍ਹਾਂ ਉਸ ਦੀਆਂ ਦਲੀਲਾਂ ਜਾਂ ਨੁਕਤਿਆਂ ਦਾ ਤੁਰਕੀ ਬ ਤੁਰਕੀ ਜਵਾਬ ਦੇਣਾ ਅਕਾਣ(ਬੋਰ ਕਰਨ) ਵਾਲੀ ਗੱਲ ਹੋਵੇਗੀ। ਪਾਠਕਾਂ ਅੱਗੇ ਕੁਝ ਨੁਕਤੇ ਕੁਝ ਤੱਥ ਰੱਖਣਾ ਹੀ ਕਾਫੀ ਹੋਵੇਗਾ।

ਸੰਵਿਧਾਨ ਦੇਸ਼ ਦਾ ਸਰਵ ਸ਼੍ਰੇਸ਼ਟ ਅਤੇ ਸਰਵ ਉੱਚ ਦਸਤਾਵੇਜ਼ ਹੈ ਜਿਸ ਦੇ ਵਿੱਚ ਉਹ ਸਾਰੇ ਬੁਨਿਆਦੀ ਅਸੂਲ,ਸਿਧਾਂਤ ਅਤੇ ਨਿਰਦੇਸ਼ਿਕ ਨੀਤੀਆ ਦਰਜ ਹੁੰਦੀਆਂ ਹਨ ਜਿਹਨਾਂ ਦੇ ਆਧਾਰ ਤੇ ਅਤੇ ਰੌਸ਼ਨੀ ਵਿੱਚ ਦੇਸ਼ ਦੀ ਸਰਕਾਰ ਚਲਾਈ ਜਾਂਦੀ ਹੈ ਤਾਂ ਜੋ ਦੇਸ਼ ਦੇ ਲੋਕ ਹਰ ਪਹਿਲੂ ਤੋਂ ਉੱਨਤੀ ਵਿਕਾਸ ਅਤੇ ਖੁਸ਼ਹਾਲੀ ਪ੍ਰਾਪਤ ਕਰਕੇ ਅਮਨ ਸ਼ਾਂਤੀ ਦਾ ਜੀਵਨ ਮਾਣ ਸਕਣ। ਜਿੰਨਾ ਵੱਡਾ ਦੇਸ਼ ਉਨੀਆਂ ਹੀ ਵੱਡੀਆਂ ਅਤੇ ਗੁੰਝਲਦਾਰ ਸਮੱਸਿਆਵਾਂ- ਸਮਾਜਿਕ, ਧਾਰਮਿਕ, ਸੱਭਿਆਚਾਰਕ, ਆਰਥਿਕ ਰਾਜਨੀਤਿਕ ਮੋਨਵਿਗਿਆਨਕ ਆਦਿ ਆਦਿ-ਖਾਸ ਤੋਰ ਤੇ ਭਾਰਤ ਵਰਗੇ ਵਿਸ਼ਾਲ ਦੇਸ਼ ਲਈ ਜਦ ਉਹ ਹਜ਼ਾਰਾਂ ਸਾਲ ਦੀ ਵਿਦੇਸ਼ੀਆਂ ਦੀ ਗੁਲਾਮੀ ਤੋਂ ਨਵਾਂ ਨਵਾਂ ਆਜ਼ਾਦ ਹੋਇਆ ਹੋਵੇ। ਸਪੱਸ਼ਟ ਹੈ ਇਹ ਇੱਕ ਇਕਹਿਰੇ ਬੰਦੇ ਦਾ ਕੰਮ ਨਹੀਂ ਹੋ ਸਕਦਾ। ਇਸ ਭਾਰੀ ਭਰਕਮ ਏਜੰਡੇ ਨਾਲ ਟਾਕਰਾ ਕਰਨ ਲਈ ਵੀ ਇੱਕ ਯੋਗ ਟੀਮ ਦਾ ਹੋਣਾ ਜ਼ਰੂਰੀ ਹੈ ਜਿਸ ਵਿੱਚ ਸਭਾ ਦੇ ਹਰ ਮੈਂਬਰ,ਹਰ ਰਾਜਨੀਤਿਕ ਧੜੇ ਅਤੇ ਹਰ ਸੰਬੰਧਤ ਸਰਕਾਰੀ ਅਫ਼ਸਰ ਦੇ ਯਥਾ ਸ਼ਕਤੀ, ਯਥਾ ਸੰਭਵ ਮਿਲਵਰਤਣ ਦਾ ਹੋਣਾ ਵੀ ਉਨਾ ਹੀ ਜ਼ਰੂਰੀ ਹੈ। ਇਸ ਲਈ ਇਸ ਗੱਲ ਤੇ ਜ਼ੋਰ ਦੇਣਾ ਕਿ ਸਾਰੇ ਕੰਮ ਲਈ ਇੱਕੋ ਆਦਮੀ ਨੂੰ ਸ਼ਾਬਸ਼ ਕਿਉਂ ਦਿੱਤੀ ਜਾਵੇ ਬਿਲਕੁਲ ਬੇਲੋੜਾ ਅਤੇ ਅਸੰਬੰਧਤ ਜਿਹਾ ਸਵਾਲ ਹੈ, ਕਿਸੇ ਨੇ ਕੀ ਕੀਤਾ' ਕਿਸ ਨੇ ਕੀ ਨਹੀਂ ਕੀਤਾ' ਇਸ ਸਭ ਕੁਝ ਜਾਨਣ ਦੇ ਬਾਵਜੂਦ ਜੇ ਦੇਸ਼ ਵਾਸੀਆਂ ਅਤੇ ਬਾਹਰਲੀ ਦੁਨੀਆਂ ਵਾਲਿਆਂ ਨੇ ਡਾ. ਅੰਬੇਡਕਰ ਨੂੰ ਸੰਵਿਧਾਨ ਦਾ ਨਿਰਮਾਤਾ ਮੰਨਿਆ ਅਤੇ ਇਸ ਤੇ ਬਹੁਤ ਵਾਵੇਲਾ ਮਚਾਉਣ ਦੀ ਜ਼ਰੂਰਤ ਨਹੀਂ। ਸੰਵਿਧਾਨ ਤਿਆਰ ਕਰਨ ਦੇ ਮਨੋਰਥ ਲਈ ਸੰਵਿਧਾਨ ਸਭਾ ਦੀ ਚੋਣ ਹੋਈ, ਸਭਾ ਨੇ ਮਸੌਦਾ ਕਮੇਟੀ ਬਣਾਈ ਅਤੇ ਇਸ ਦਾ ਚੇਅਰਮੈਨ ਡਾ.ਅੰਬੇਡਕਰ ਨੂੰ ਥਾਪਿਆ। ਇਹ ਗੱਲ ਸਰਵ ਵਿਦਿਤ ਹੈ ਕਿ ਡਾ.ਅੰਬੇਡਕਰ ਕਾਂਗਰਸ ਅਤੇ ਗਾਂਧੀ ਦੇ ਸ਼ੁਰੂ ਤੋਂ ਹੀ ਕੱਟੜ ਵਿਰੋਧੀ ਰਹੇ। ਫੇਰ ਕਾਂਗਰਸ ਨੇ ਡਾ. ਅੰਬੇਡਕਰ ਨੂੰ ਹੀ ਕਿਉਂ ਇਹ ਮਹੱਤਵਪੂਰਨ ਕੰਮ ਸੌਂਪਿਆ ਜਦ ਕਿ ਉਸ ਦੇ ਕੋਲ ਸਰ ਤੇਜ ਬਹਾਦੁਰ ਸਪਰੂ, ਐਮ.ਆਰ.ਜੈਕਰ ਜਿਹੇ ਸੰਵਿਧਾਨ ਘੜਨ ਦੇ ਮਾਹਿਰ ਸਨ? ਇਸ ਤੋਂ ਇਲਾਵਾ ਕੇ.ਐਮ.ਮੁਨਸ਼ੀ, ਆਲਦੀ ਕ੍ਰਿਸ਼ਨਾ ਸਵਾਮੀ ਆਇਰ ਵੀ ਸਨ ਜੋ ਕਮੇਟੀ ਦੇ ਮੈਂਬਰ ਤਾਂ ਬਣੇ ਪਰ ਇਹਨਾਂ ਨੇ ਚੇਅਰਮੈਨ ਵਜੋਂ ਕੰਮ ਕਰਨ ਦੇ ਲਈ ਹੱਥ ਖੜ੍ਹੇ ਕਰ ਦਿੱਤੇ ਜਾਂ ਉਨ੍ਹਾਂ ਨੂੰ ਬਣਾਇਆ ਕਿਉਂ ਨਹੀਂ ਗਿਆ। ਇਸ ਸਵਾਲ ਵਿੱਚ ਹੀ ਇਸ ਦਾ ਜਵਾਬ ਮੌਜੂਦ ਹੈ ਕਿ ਡਾ.ਅੰਬੇਡਕਰ ਨੂੰ ਹੀ ਵਿੱਦਿਆ ਕਾਨੂੰਨੀ ਮਹਾਰਤ ਅਨੁਭਵ ਅਤੇ ਦੂਜੇ ਲੋੜੀਂਦੇ ਗੁਣਾਂ ਦੇ ਆਧਾਰ ਤੇ ਯੋਗਤਮ ਸੰਵਿਧਾਨਕ ਵਿਸ਼ੇਸ਼ੱਗ ਸਮਝਿਆ ਗਿਆ ਜੋ ਉਹਨਾਂ ਨੇ ਆਪਣੀ ਯੋਗਤਾ ਅਤੇ ਕਾਰਜ ਪ੍ਰਦਰਸ਼ਨ ਦੁਆਰਾ ਸੰਵਿਧਾਨ ਸਭਾ ਦੇ ਪ੍ਰਦਾਨ ਡਾ.ਰਾਜਿੰਦਰਾ ਪ੍ਰਸ਼ਾਦ ਦੇ ਕਥਨ ਅਨੁਸਾਰ ਨਾ ਕੇਵਲ ਉਹਨਾਂ ਦੇ ਭਰੋਸੇ ਨੂੰ ਠੀਕ ਸਿੱਧ ਕੀਤਾ ਬਲਕਿ ਕੰਮ ਨੂੰ ਚਾਰ ਚੰਨ ਵੀ ਲਗਾ ਦਿੱਤੇ।

## ਸੰਵਿਧਾਨ ਨਿਰਮਾਣ ਕੁਝ ਤੱਥ ਕੁਝ ਪ੍ਰਮਾਣ

ਇੱਥੇ ਇਹ ਸਮਝਣਾ ਤਰਕ ਸੰਗਤ ਹੋਵੇਗਾ ਕਿ ਸੰਵਿਧਾਨ ਇਕ ਸਾਧਾਰਨ ਕਿਤਾਬ ਵਾਂਗ ਕੋਈ ਅਜਿਹੀ ਚੀਜ਼ ਨਹੀਂ ਕਿ ਇੱਕ ਨੇ ਤਿਆਰ ਕੀਤੀ, ਦੂਜੇ ਨੇ ਉਸ ਦੀਆਂ ਕੁਝ ਗਲਤੀਆਂ ਸੋਧ ਕਰ ਕੇ ਕੁਝ ਸੁਝਾਅ ਦਿੱਤੇ ਅਤੇ ਤੀਜੇ ਨੇ ਉਸ ਦੀਆਂ ਲਗਾਂ ਮਾਤਰਾਂ ਸਿੱਧੀਆਂ ਕਰਕੇ ਛਪਣ ਲਈ ਪ੍ਰੈਸ ਨੂੰ ਦੇ ਦਿੱਤਾ। ਇਸ ਦੇ ਉਲਟ ਇਹ ਵੱਖ ਵੱਖ ਇਲਾਕਿਆਂ, ਬੋਲੀਆਂ, ਫਿਰਕਿਆਂ, ਕਲਚਰ, ਰੀਤੀ ਰਿਵਾਜਾਂ ਦਾ ਨੁਮਾਇੰਦਾ ਦਸਤਾਵੇਜ ਹੋਣ ਕਰਕੇ ਸਮੁੱਚੇ ਦੇਸ਼ ਵਾਸੀਆਂ ਦੇ ਹਿੱਤਾਂ ਅਤੇ ਧਿਆਨ ਦਾ ਕੇਂਦਰ ਬਿੰਦੂ ਹੁੰਦਾ ਹੈ। ਹਰ ਸੁਝਾਵ ਤੇ ਗਰਮਾ ਗਰਮ ਬਹਿਸ ਹੁੰਦੀ ਹੈ। ਇਸ ਬਹਿਸ ਦਾ ਰੂਪ ਕਦੇ ਸੁਖਾਵਾਂ ਅਤੇ ਸਾਧਾਰਨ ਹੁੰਦਾ ਹੈ ਲੇਕਿਨ ਬਹੁਤ ਵੇਰ ਇਹ ਕੁੜੱਤਣ ਭਰੀ ਮੋਰਚਾਬੰਦੀ ਵਿੱਚ ਵੀ ਬਦਲ ਜਾਂਦਾ ਹੈ। ਪਾਰਲੀਮੈਂਟ ਜਾਂ ਅਸੰਬਲੀਆਂ ਦੀ ਕਾਰਵਾਈ ਦੇਖਣ ਵਾਲਿਆਂ ਲਈ ਇਹ ਕੋਈ ਨਵੀਂ ਚੀਜ਼ ਨਹੀਂ। ਇਸ ਤਰ੍ਹਾਂ ਦੀ ਸਥਿਤੀ ਨਾਲ ਸਫਲਤਾਪੂਰਵਕ ਨਿਬੜਨਾ ਅਤੇ ਇਸ ਨੂੰ ਅੱਗੇ ਤੋਰਨਾ ਬੱਚਿਆਂ ਦਾ ਜਾਂ ਅਨਾੜੀ ਬੰਦਿਆਂ ਦਾ ਕੰਮ ਨਹੀਂ ਹੋ ਸਕਦਾ। ਇਸ ਚੁਣੌਤੀ ਭਰਪੂਰ ਕਾਰਜ ਨੂੰ ਕੋਈ ਕਾਨੂੰਨੀ ਮਾਹਿਰ, ਪ੍ਰਭਾਵਸ਼ਾਲੀ ਯੋਗ ਬੁਲਾਰਾ ਅਤੇ ਆਤਮ ਵਿਸ਼ਵਾਸੀ ਪਾਇਲਾਟ ਹੀ ਕਰ ਸਕਦਾ ਹੈ। ਜੋ ਕੱਚਾ ਖਰੜ੍ਹਾ ਸਲਾਹਕਾਰ ਰਾਓ ਨੇ ਦਿੱਤਾ ਸੀ ਉਸ ਵਿੱਚ 243 ਧਾਰਾਵਾਂ ਅਤੇ 13 ਸੂਚੀਆਂ ਸਨ। ਖਰੜਾ ਕਮੇਟੀ ਨੇ ਜਿਹੜਾ ਖਰੜਾ ਅਸੰਬਲੀ ਵਿੱਚ ਪੇਸ਼ ਕਰਨ ਲਈ ਤਿਆਰ ਕੀਤਾ ਉਸ ਵਿੱਚ 315 ਧਾਰਾਵਾਂ ਅਤੇ 8 ਸੂਚੀਆਂ ਸ਼ਾਮਲ ਕੀਤੀਆ ਗਈਆ। ਵਿਚਾਰ ਸਟੇਜ ਤੋਂ ਬਾਅਦ ਖਰੜੇ ਦੀਆਂ ਧਰਾਵਾਂ 386 ਹੋ ਗਈਆਂ। ਖਰੜੇ ਵਿੱਚ ਸੋਧ ਕਰਨ ਲਈ ਲਗਭਗ 7635 ਤਰਮੀਮਾਂ ਦਾਖਲ ਹੋਈਆਂ। ਜਿਹਨਾਂ ਵਿੱਚੋਂ 2473 ਤੇ ਬਹਿਸ ਕੀਤੀ ਗਈ। ਇਸ ਵਿਸਥਾਰਮਈ ਸੰਵਿਧਾਨ ਨੂੰ ਤਿਆਰ ਕਰਨ ਵਿੱਚ 2 ਸਾਲ ਅਤੇ 6 ਮਹੀਨੇ ਲੱਗੇ। ਇਸ ਦੇ ਮੁਕਾਬਲੇ ਵਿੱਚ ਦੂਜੇ ਦੇਸ਼ਾਂ ਦੇ ਸੰਵਿਧਾਨ ਤਿਆਰ ਕਰਨ ਵਿੱਚ ਇਸ ਤੋਂ ਵੀ ਵੱਧ ਸਮਾਂ ਲੱਗਿਆ। ਹਾਲਾਂਕਿ ਕਈ ਵਿਧਾਨਾਂ ਵਿੱਚ ਬਿਲਕੁਲ ਥੋੜ੍ਹੀਆਂ ਧਾਰਾਵਾਂ ਦਰਜ ਹਨ( ਵੇਰਵੇ ਲਈ ਦੇਖੋ ਬਾਬਾ ਸਾਹਿਬ ਦਾ ਸੰਵਿਧਾਨ ਸਭਾ ਵਿੱਚ 25 ਨਵੰਬਰ,1949 ਦਾ ਭਾਸ਼ਣ)।

ਭਲਵਾਨਾਂ ਦੇ ਇਸ ਅਖਾੜੇ ਉੱਤੇ ਬਾਬਾ ਸਾਹਿਬ ਦਾ ਕਿੰਨਾ ਕੰਟਰੋਲ ਅਤੇ ਦਬਾਅ ਸੀ ਉਸ ਦਾ ਅਨੁਮਾਨ ਉਹਨਾਂ ਵਲੋਂ ਹਰ ਧਾਰਾ ਜਾਂ ਤਰਮੀਮ ਦੇ ਸੰਬੰਧ ਵਿੱਚ ਦਿੱਤੇ ਜਵਾਬਾਂ ਅਤੇ ਸਪੱਸ਼ਟੀਕਰਨਾਂ ਤੋਂ ਲੱਗ ਜਾਂਦਾ ਹੈ। ਸਭਾ ਦੇ ਪ੍ਰਧਾਨ ਡਾ.ਰਾਜਿੰਦਰ ਪ੍ਰਸਾਦ ਹਰ ਮੌਕੇ ਤੇ ਡਾ.ਅੰਬੇਡਕਰ ਨੂੰ ਪੁੱਛਦੇ, "ਤੁਸੀਂ ਇਸ ਤਰਮੀਮ ਬਾਰੇ ਕੁਝ ਕਹਿਣਾ ਚਾਹੋਗੇ? ਜਾਂ ਤੁਸੀਂ ਕੁਝ ਕਹਿਣਾ ਪਸੰਦ ਕਰੋਗੇ?" ਕਦੇ ਉਹ ਫੈਸਲਾਕੁਨ ਆਵਾਜ਼ ਵਿੱਚ ਕਹਿੰਦੇ "ਹੁਣ ਡਾ.ਅੰਬੇਡਕਰ ਇਸ ਬਹਿਸ ਦਾ ਜਵਾਬ ਦੇਣੇਗ।" ਇਸ ਉਪਰੰਤ ਸਮੁੱਚੇ ਸਦਨ ਦੀਆਂ ਅੱਖਾਂ ਸੰਵਿਧਾਨ ਨਾਇਕ ਵੱਲ ਉੱਠ ਜਾਂਦੀਆਂ ਕਿ ਉਹ ਸੰਬੰਧਤ ਵਿਸ਼ੇ 'ਤੇ ਕੀ ਵਿਚਾਰ ਦਿੰਦੇ ਹਨ।' 'ਅੰਬੇਡਕਰ ਦਾ ਜਵਾਬ ਹੁੰਦਾ, 'ਸ਼੍ਰੀਮਾਨ ਜੀ, ਮੈਂ ਇਹ ਤਰਮੀਮ ਸਵਿਕਾਰ ਕਰਨ ਲਈ ਤਿਆਰ ਹਾਂ, ਜਾਂ ਮੈਂ ਇਸ ਤਰਮੀਮ ਨੂੰ ਸਵਿਕਾਰ ਨਹੀਂ ਕਰ ਸਕਦਾ।' ਕਿਸ ਜਗ੍ਹਾ ਆਪ ਕਹਿੰਦੇ ਮਿ. ਪ੍ਰੈਜੀਡੈਂਟ, ਮੈਂ ਬਹਿਸ ਦਾ ਜਵਾਬ ਦਿੰਦਾ ਹਾਂ, ਜਾਂ ਇਸ ਨੁਕਤੇ ਨੂੰ ਸਪੱਸ਼ਟ ਕਰਨ ਲਈ ਖੜ੍ਹਾ ਹੁੰਦਾ ਹਾਂ।' ਕਿਸੇ ਮੌਕੇ ਤੇ ਉਹ ਇਹ ਵੀ ਕਹਿ ਦਿੰਦੇ ਕਿ ਮੇਰੇ ਵਿਚਾਰ ਵਿੱਚ ਇਸ ਦਾ ਕੋਈ ਜਵਾਬ ਦੇਣ ਦੀ ਲੋੜ ਨਹੀਂ। ਇਸ ਤਰ੍ਹਾਂ ਜਿੱਥੋਂ ਤੱਕ ਸੰਵਿਧਾਨ ਦੀਆਂ ਧਾਰਾਵਾਂ ਅਤੇ ਤਰਮੀਮਾਂ ਨੂੰ ਬਹਿਸ ਲਈ ਮੰਨਣ ਜਾਂ ਨਾ ਮੰਨਣ ਵਿੱਚ ਉਹਨਾਂ ਦਾ ਵਿਅਕਤੀਗਤ ਜਾਂ ਚੇਅਰਮੈਨ ਦੀ ਹੈਸੀਅਤ ਵਿੱਚ ਫੈਸਲਾ ਜਾਂ ਅਧਿਕਾਰ ਆਖਰੀ ਹੁੰਦਾ ਸੀ।

ਡਾ. ਐਮ. ਵੀ ਪਾਇਲੀ ਦੇ ਸ਼ਬਦ ਇਸ ਸੰਬੰਧ ਵਿੱਚ ਖਾਸ ਤੌਰ ਤੇ ਧਿਆਨ ਯੋਗ ਹਨ, "ਦੂਜੇ ਅੱਗੇ-ਵਧੂ-ਦੇਸ਼ਾਂ ਵਿੱਚ ਪ੍ਰਚਲਿਤ ਸੰਵਿਧਾਨਕ ਸਿਧਾਤਾਂ ਅਤੇ ਕਾਰ ਵਿਹਾਰਾਂ ਦੇ ਗੂਹੜੇ ਗਿਆਨ ਅਤੇ 1935 ਐਕਟ ਦੀ ਡੂੰਘੀ ਜਾਣਕਾਰੀ ਹੋਣ ਨਾਲ ਡਾ. ਅੰਬੇਡਕਰ ਅਸੰਬਲੀ ਵਿੱਚ ਕਿਸੇ ਵੀ ਆਲੋਚਕ ਦਾ ਜਵਾਬ ਦੇਣ ਲਈ ਅਤੇ ਸੰਵਿਧਾਨ ਨਾਲ ਸੰਬੰਧਤ ਸਿਧਾਂਤਾਂ ਨੂੰ ਬੜੇ ਸੁਚੱਜੇ ਢੰਗ ਨਾਲ ਸਪੱਸ਼ਟ ਕਰਨ ਲਈ ਹਰ ਸਮੇਂ ਤਿਆਰ ਹੁੰਦੇ ਸਨ। ਉਹਨਾਂ ਦੀ ਵਿਆਖਿਆ ਅਤੇ ਸਪੱਸ਼ਟੀਕਰਨ ਨਾਲ ਸਿਧਾਂਤਾਂ ਦੀ ਇੱਕ ਬੜੀ ਸਾਫ ਸੁਥਰੀ ਅਤੇ ਉਜਲੀ ਤਸਵੀਰ ਨਿਖਰ ਜਾਂਦੀ ਸੀ। ਜਾਵਾਬ ਦੇਣ ਉਪਰੰਤ ਜਦ ਉਹ ਬੈਠ ਜਾਂਦੇ ਤੇ ਸ਼ੰਕਾਵਾਂ (doubts) ਦੀ ਧੁੰਦ, ਗਲਤ ਫਹਿਮੀਆ-ਗੜਬੜ (cionsusion) ਅਤੇ ਅਨਿਸ਼ਚਤਤਾ-ਅਸਪੱਸ਼ਟਤਾ (vageeness) ਦੇ ਬੱਦਲ ਵੀ ਉਡ ਜਾਂਦੇ।" ਕੀ ਇਹ ਸਭ ਡੈਸਕ ਤੇ ਬੈਠਕੇ ਕੰਮ ਕਰਨ ਵਾਲੇ ਦਫਤਰੀ ਬਾਬੂਆਂ ਦਾ ਕੰਮ ਸੀ? ਕਿ ਛੋਟੇ ਬਾਬੂ ਨੇ ਸੰਬੰਧਤ ਰਿਕਾਰਡ ਦੇਖ ਕੇ ਨੋਟ ਤਿਆਰ ਕੀਤਾ- ਉਤਲੇ ਬਾਬੂ ਨੇ ਕੁਝ ਕੱਟ ਵੱਢ ਕਰਕੇ ਉਸ ਨੋਟ ਨੂੰ ਹੋਰ ਲਿਸ਼ਕਾਅ ਦਿੱਤਾ ਅਤੇ ਸੈਕਟਰੀ ਪੱਧਰ ਦੇ ਉੱਚ ਅਧਿਕਾਰੀ ਨੇ ਆਪਣੀ ਸਮਝ ਅਨੁਸਾਰ ਕੁਝ ਘਟਾ ਵਾਧਾ ਕਰਕੇ ਮੰਤਰੀ ਅੱਗੇ ਰੱਖ ਦਿੱਤਾ। ਡੈਸਕ ਤੇ ਬੈਠ ਕੇ ਖਰੜ੍ਹਾ ਤਿਆਰ ਕਰਨ ਅਤੇ ਸੰਸਦ ਦੇ ਖੁੱਲ੍ਹੇ ਅਖਾੜੇ ਵਿੱਚ ਗਰਮਾ ਗਰਮ ਬਹਿਸ ਅਤੇ ਨੋਕ ਝੋਕ ਤੋਂ ਬਾਅਦ ਉਸ ਨੂੰ ਪਾਸ ਕਰਵਾਉਣ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ ਮਿਸਟਰ ਅਰੁਨ ਸ਼ੌਰੀ। ਫਿਲਮਾਂ ਵਿੱਚ ਕੰਮ ਕਰਨ ਵਾਲੇ ਅਤੇ ਜੀਵਿਤ ਥਿਏਟਰ ਵਿੱਚ ਕੰਮ ਕਰਨ ਵਾਲੇ ਐਕਟਰਾਂ ਕਲਾਕਾਰਾਂ ਵਿਚ ਬਹੁਤ ਵੱਡਾ ਫ਼ਰਕ ਹੁੰਦਾ ਹੈ। ਫਿਲਮਾਂ ਵਿੱਚ ਜੇ ਕਿਸੇ ਕਲਾਕਾਰ ਦੀ ਐਕਟਿੰਗ ਵਿੱਚ ਸੂਟਿੰਗ ਸਮੇਂ ਕੋਈ ਨੁਕਸ ਜਾਂ ਖਰਾਬੀ ਆ ਜਾਵੇ ਉਸ ਸੀਨ ਨੂੰ ਕੱਟ ਕੇ ਦੁਬਾਰਾ ਜਾਂ ਤਿਬਾਰਾ ਠੀਕ ਕਰਕੇ ਫਿਲਮ ਵਿੱਚ ਫਿੱਟ ਕਰ ਦਿੱਤਾ ਜਾਂਦਾ ਹ। ਲੇਕਿਨ ਥਿਏਟਰ ਦੀ ਸਟੇਜ ਤੇ ਐਕਟਿੰਗ ਦੀ ਖ਼ਰਾਬੀ ਨੂੰ ਦੁਬਾਰਾ ਠੀਕ ਕਰਨ ਲਈ ਕੋਈ ਜਗ੍ਹਾ ਨਹੀਂ ਹੁੰਦੀ। ਜੋ ਹੋ ਗਿਆ ਸੋ ਹੋ ਗਿਆ। ਇਹੀ ਹਲਾ ਥੋੜ੍ਹਾ ਬਹੁਤ ਪਾਰਲੀਆਮੈਂਟ ਦੀ ਕਾਰਵਾਈ ਦਾ ਕਿਹਾ ਜਾ ਸਕਦਾ ਹੈ। ਸਵਾਬ ਜਵਾਬ ਦਾ ਹਰ ਅੱਖਰ ਪਾਰਲੀਮੈਂਟ ਵਿੱਚ ਦਰਜ ਹੋ ਜਾਂਦਾ ਹੈ। ਐਨੇ ਦੂਰ ਦੇ ਫਾਸਲੇ ਤੇ ਵੀ ਉਹ ਰਿਕਾਰਡ ਦੇਖੇ ਜਾਂ ਪਰਖੇ ਜਾ ਸਕਦੇ ਹਨ ਜਿਸ ਵਿੱਚੋਂ ਬਾਬਾ ਸਾਹਿਬ ਦੀ ਨਿਭਾਈ ਗਈ ਭੂਮਿਕਾ ਅਤੇ ਪ੍ਰਗਟਾਏ ਵਿਚਾਰਾਂ ਅੱਗੇ ਸਿਰ ਆਪਣੇ ਆਪ ਝੁਕ ਜਾਂਦਾ ਹੈ ਅਤੇ ਆਪਣੇ ਆਪ ਨੂੰ ਬੜੇ ਬੜੇ ਤੀਸ਼ ਮਾਰ ਖਾਂ ਅਖਵਾਉਣ ਵਾਲੇ ਵੀ:-

"ਚਿੜੀਓ ਕੀ ਤਰ੍ਹਾਂ ਕਰਤੇ ਹੈ ਚੂੰ ਚੂੰ ਤੇਰੇ ਆਗੇ
ਐ ਭੀਮ ਝੁਕਤਾ ਹੈ ਸਰੇ ਗਰਦੂ ਤੇਰੇ ਆਗੇ
- ਚਾਨਣ ਗੋਬਿੰਦਪੁਰੀ

ਸੰਵਿਧਾਨਕ ਗੁੱਥੀਆਂ ਅਤੇ ਉਲਝਣਾਂ ਨੂੰ ਸੰਕਟ ਸਮੇਂ ਸੁਲਝਾਉਣ ਲਈ ਪਾਰਲੀਮੈਂਟ, ਸੁਪਰੀਮਕੋਰਟ ਜਾਂ ਬੁੱਧੀਜੀਵੀਆਂ ਦੀਆਂ ਵਿਚਾਰ ਗੋਸਟੀਆਂ ਵਿਚ ਡਾ.ਅੰਬੇਡਕਰ ਦੇ ਕਥਨਾਂ ਅਤੇ ਵਿਚਾਰਾਂ ਦੇ ਹੀ ਹਵਾਲੇ ਦਿੱਤੇ ਜਾਂਦੇ ਹਨ ਕਿਸੇ ਆਲੋਚਕ ਜਾਂ ਖਰੜ੍ਹਾ ਸਹਾਇਕਾਂ ਦੇ ਵਿਚਾਰਾਂ ਦੇ ਨਹੀਂ। ( ਜਿਹਾ ਕਿ 26-17 ਨੂੰ ਪਲਾਰੀਮੈਂਟ ਵਿੱਚ ਹੋਈ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ)

ਭਾਰਤੀ ਸੰਵਿਧਾਨ ਦੁਨੀਆਂ ਦੇ ਸੰਵਿਧਾਨਾਂ ਵਿੱਚੋਂ ਸਭ ਤੋਂ ਵੱਡਾ ਅਤੇ ਸਭ ਤੋਂ ਸੁੰਦਰ ਮੰਨਿਆ ਗਿਆ ਹੈ ਜਿਸ ਵਿੱਚ ਉਹ ਸਭ ਖੂਬੀਆਂ (ਵਿਸ਼ੇਸ਼ਤਾਵਾਂ) ਮੌਜੂਦ ਹਨ ਜੋ ਕਿਸੇ ਵੀ ਸੰਕਟ ਜਾਂ ਸ਼ਾਂਤੀ ਦੋਨਾਂ ਸਮਿਆਂ ਵਿੱਚ ਦੇਸ਼ ਦੀ ਸ਼ਾਸਨ ਵਿਵਸਥਾਂ ਨੂੰ ਚਲਦਾ ਰੱਖਣ ਲਈ ਪੂਰੀ ਤਰ੍ਹਾਂ ਸਮਰਥ ਹੈ। ਬਹੁਤ ਮੁੱਦਿਆਂ ਤੇ ਅਤੇ ਬਾਬਾ ਸਾਹਿਬ ਦੇ ਮੱਤਭੇਦ ਸਨ। ਉਹਨਾਂ ਦੀ ਸਿਹਤ ਪਹਿਲਾਂ ਹੀ ਖਰਾਬ ਰਹਿੰਦੀ ਸੀ। ਸੰਵਿਧਾਨ ਦੀ ਤਿਆਰੀ ਵਿੱਚ ਰਾਤ ਦਿਨ ਮਿਹਨਤ ਕਰਨ ਨਾਲ ਉਹਨਾਂ ਦੀ ਸਿਹਤ ਹੋਰ ਵਾਧੂ ਵਿਗੜ ਗਈ ਜਿਸ ਦਾ ਜ਼ਿਕਰ ਡਾ.ਰਾਜਿੰਦਰ ਪ੍ਰਸਾਦ ਅਤੇ ਹੋਰ ਨੇਤਾਵਾਂ ਨੇ ਵੀ ਕੀਤਾ। ਇਸ ਦੇ ਬਾਵਜੂਦ ਉਹ ਭਾਰਤੀ ਸੰਵਿਧਾਨ ਨੂੰ ਖੂਬਸੂਰਤ ਅਤੇ ਸਾਰਥਕ ਬਨਾਣ ਦੇ ਲਕਸ਼ ਤੇ ਅਖੀਰ ਤਕ ਦ੍ਰਿੜ੍ਹ ਸਕੰਲਪ ਰਹੇ। ਕਿਸ ਮਿਹਨਤ ਲਗਨ ਅਤੇ ਇਮਾਨਦਾਰੀ ਨਾਲ ਅਤੇ ਕਿਨ੍ਹਾਂ ਲੱਕ-ਤੋੜ ਪਰਿਸਿਥਤੀਆਂ (ਹਾਲਾਤ) ਵਿੱਚ ਡਾ. ਅੰਬੇਡਕਰ ਨੇ ਸੰਵਿਧਾਨ ਦੀ ਰਚਨਾ ਕੀਤੀ ਇਸ ਨੂੰ ਜਾਨਣ ਲਈ ਹੋਰ ਕਿਸੇ ਦੀ ਨਹੀਂ ਖਰੜ੍ਹਾ ਕਮੇਟੀ ਦੇ ਇੱਕ ਪ੍ਰਮੁੱਖ ਮੈਂਬਰ ਸ੍ਰੀ ਟੀ. ਟੀ ਕ੍ਰਿਸ਼ਨਮਾਚਾਰੀ ਦੀ ਗਵਾਹੀ ਹੀ ਕਾਫੀ ਹੋਵੇਗੀ। ਸੰਵਿਧਾਨ ਸਭਾ ਵਿੱਚ ਭਾਸ਼ਣ ਕਰਦਿਆ ਉਹਨਾਂ ਕਿਹਾ, "ਅਸੰਬਲੀ ਨੂੰ ਸ਼ਾਇਦ ਪਤਾ ਹੋਵੇ ਕਿ ਸਭ ਮੈਂਬਰਾਂ ਵਿੱਚੋਂ ਜਿਹੜੇ ਤੁਸੀਂ ਨਾਮਜ਼ਦ ਕੀਤੇ ਸਨ ਇੱਕ ਨੇ ਅਸਤੀਫਾ ਦੇ ਦਿੱਤਾ ਸੀ ਜਿਸ ਦੀ ਜਗ੍ਹਾਂ ਕਿਸੇ ਹੋਰ ਨਾਲ ਭਰੀ ਨਹੀਂ ਗਈ। ਇੱਕ ਦੀ ਮੌਤ ਹੋ ਗਈ ਉਸ ਦੀ ਜਗ੍ਹਾ ਵੀ ਕਿਸੇ ਨੂੰ ਨਹੀਂ ਲਿਆ ਗਿਆ। ਇਕ ਬਾਹਰ ਅਮਰੀਕਾ ਰਿਹਾ ਉਸ ਦੀ ਜਗ੍ਹਾ ਵੀ ਖਾਲੀ ਰਹੀ, ਇੱਕ ਹੋਰ ਆਦਮੀ ਸਰਕਾਰ ਦੇ ਕੰਮਾਂ ਵਿੱਚ ਉਲਝਿਆ ਰਿਹਾ ਉਸ ਦੀ ਜਗ੍ਹਾ ਵੀ ਖਾਲੀ ਰਹੀ ਇੱਕ ਜਾਂ ਦੋ ਆਦਮੀ ਦਿੱਲੀ ਤੋਂ ਬਹੁਤ ਦੂਰ ਸਿਹਤ ਖ਼ਰਾਬ ਹੋਣ ਦੇ ਕਾਰਨ ਇਸ ਕੰਮ ਵੱਲ ਧਿਆਨ ਨਾ ਦੇ ਸਕੇ। ਇਸ ਤਰ੍ਹਾਂ ਇਸ ਕਿਸਮ ਦੇ ਹਾਲਾਤ ਬਣ ਗਏ ਕਿ ਸੰਵਿਧਾਨ ਤਿਆਰ ਕਰਨ ਦਾ ਪੂਰੇ ਦਾ ਪੂਰਾ ਭਾਰ ਡਾ.ਅੰਬੇਡਕਰ ਦੇ ਮੋਢਿਆ ਤੇ ਆ ਡਿੱਗਿਆ। ਮੈਨੂੰ ਇਹ ਗੱਲ ਕਹਿਣ ਤੇ ਕਤਈ ਵੀ ਸੰਕੋਚ ਨਹੀਂ ਕਿ ਸਾਨੂੰ (ਹਾਊਸ ਨੂੰ) ਉਹਨਾਂ ਦਾ ਇਸ ਗੱਲ ਲਈ ਦਿਲ ਤੋਂ ਧੰਨਵਾਦੀ ਹੋਣਾ ਚਾਹਿਦਾ ਹੈ ਕਿ ਉਹਨਾਂ ਨੇ ਇਸ ਸ਼ਾਨਦਾਰ ਕੰਮ ਨੂੰ ਬਹੁਤ ਸੁਚੱਜੇ ਅਤੇ ਸ਼ਲਾਘਾਯੋਗ ਢੰਗ ਨਾਲ ਨੇਪਰੇ ਚਾੜ੍ਹਿਆ ਹੈ। ਡਾ.ਅੰਬੇਡਕਰ ਨੂੰ ਡਾ. ਰਾਜਿੰਦਰ ਪ੍ਰਸਾਦ, ਪੰਡਰ ਜਵਾਹਰ ਲਾਲ ਨਹਿਰੂ ਸਮੇਤ ਸਮੁੱਚੇ ਸਦਨ ਅਤੇ ਦੇਸ਼ ਵਿਦੇਸ਼ ਦੀਆਂ ਉੱਘੀਆਂ ਹਸਤੀਆਂ ਵੱਲੋਂ ਪ੍ਰਸ਼ੰਸਾ ਭੇਂਟ ਕੀਤੀ ਗਈ। ਡਾ.ਅੰ-ਬੇਡਕਰ ਦੀ ਇਸੇ ਇਤਿਹਾਸਕ ਭੂਮਿਕਾਂ ਤੋਂ ਪ੍ਰਭਾਵਿਤ ਹੋ ਕੇ ਅਮਰੀਕਾ ਦੀ ਨਿਊਯਾਰਕ ਸਥਿਤ ਕੋਲੰਬੀਆਂ ਯੂਨੀਵਰਸਿਟੀ ਨੇ 5 ਜੂਨ 1992 ਨੂੰ ਡਾਕਟਰ ਆਫ ਲਾਅ (ਐਲ. ਐਲ. ਡੀ) ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ। ਇਸ ਸੰਬੰਧ ਵਿੱਚ ਡਾ.ਐਸ.ਰਾਧਾ ਕ੍ਰਿਸ਼ਨਨ ਦੇ ਉਹ ਸ਼ਬਦ ਸਦਾ ਯਾਦ ਰੱਖਣਯੋਗ ਹਨ ਜੋ ਉਹਨਾਂ ਨੇ 2 ਅਪ੍ਰੈਲ 1967 ਨੂੰ ਪਾਰਲੀਆਮੈਂਟ ਵਿਚ ਲੱਗੀ ਬਾਬਾ ਸਾਹਿਬ ਅੰਬੇਡਕਰ ਦੀ ਮੂਰਤੀ (ਬੁੱਤ) ਤੋਂ ਪਰਦਾ ਹਟਾਉਣ ਦੀ ਰਸਮ ਸਮੇਂ ਆਪਣੇ ਭਾਸ਼ਣ ਵਿੱਚ ਕਹੇ ਸਨ। ਇਨ੍ਹਾਂ ਸ਼ਬਦਾਂ ਦੀ ਮੱਹਤਤਾ ਅਤੇ ਕਦਰ ਕੀਮਤ ਇਸ ਕਰਕੇ ਹੋਰ ਵੱਧ ਜਾਂਦੀ ਹੈ ਕਿ ਉਹ ਖੁਦ ਉੱਚ ਕੋਟੀ ਦੇ ਦਾਰਸ਼ਿਨਕ ਅਤੇ ਚਿੰਤਕ ਸਨ ਅਤੇ ਖਾਸ ਤੌਰ ਤੇ ਹਿੰਦੂ ਫਿਲਾਸਫੀ ਦੇ ਮੰਨੇ ਪ੍ਰਮੰਨੇ ਮਾਹਿਰ ਸਨ ਬਲਕਿ ਕਈ ਤਰ੍ਹਾਂ ਉਹ ਆਧੁਨਿਕ ਹਿੰਦੂਵਾਦ ਦੇ ਮੁੱਖ ਉਸਰੀਏ ਵੀ ਕਹੇ ਜਾ ਸਕਦੇ ਹਨ। ਉਹਨਾਂ ਨੇ ਬਾਬਾ ਸਾਹਿਬ ਬਾਰੇ ਕਿਹਾ, "ਭਾਰਤ ਦੇ ਲੋਕ ਡਾ.ਅੰਬੇਡਕਰ ਦੇ ਸਦਾ ਲਈ ਅਹਿਸਾਨਮੰਦ ਰਹਿਣਗੇ ਕਿ ਉਹਨਾਂ ਨੇ ਸ਼ਾਨਦਾਰ ਸੰਵਿਧਾਨ ਤਿਆਰ ਕਰਨ ਵਿੱਚ ਆਪਣਾ ਸਾਰਾ ਸਮਾਂ ਅਤੇ ਬੁੱਧੀ ਨਿਛਾਵਰ ਕਰ ਦਿੱਤੀ। ਭਾਰਤ ਉਹਨਾਂ ਜਿਹੇ ਮਹਾਨ ਸਪੂਤ ਨੂੰ ਕਦੇ ਨਹੀਂ ਭੁੱਲ ਸਕੇਗਾ।" ਸਮ੍ਰਿਤੀਆਂ ਜਾਂ ਮਨੂੰ ਦੇ ਲਿਖੇ ਕਾਨੂੰਨਾਂ ਦੀ ਅੱਜ ਦੇ ਸਮੇਂ ਵਿੱਚ ਕੋਈ ਮਹੱਤਤਾ ਜਾਂ ਸੰਬਧਤਾ ਨਹੀਂ ਹੈ। ਇਸ ਵਿੱਚ ਕੋਈ ਸੰਦੇਹ ਨਹੀਂ ਹੈ ਕਿ ਪੁਰਾਣੇ ਸਮਿਆਂ ਵਿੱਚ ਹਿੰਦੂਆਂ ਦੇ ਜਾਂ ਭਾਰਤ ਦੇ ਸਭ ਕਾਨੂੰਨ ਹਿੰਦੂਆਂ ਰਿਸ਼ੀਆਂ ਨੇ ਬਣਾਏ ਸਨ ਲੇਕਿਨ ਡਾ. ਅੰਬੇਡਕਰ ਨੇ ਆਧੁਨਿਕ ਭਾਰਤ ਦੇ ਸੰਵਿਧਾਨ ਦੀ ਰਚਨਾ ਕਰਕੇ ਆਪਣੀ ਬੁੱਧੀਮਾਨਤਾ ਅਤੇ ਗਿਆਨ ਦੁਆਰਾ ਇਹ ਸਿੱਧ ਕਰ ਦਿੱਤਾ ਕਿ ਉਹਨਾਂ ਵਰਗੇ ਮਹਾਨ ਰਿਸ਼ੀ ਕਿਸੇ ਵੀ ਜਾਤੀ ਵਿੱਚ ਜਨਮ ਲੈ ਸਕਦੇ ਹਨ। ਡਾ. ਅੰਬੇਡਕਰ ਇੱਕ ਉੱਘੇ ਸੰਵਿਧਾਨ ਵਿਸ਼ੇਸ਼ੱਗ ਹੀ ਨਹੀਂ ਸਨ ਉਹਨਾਂ ਨੂੰ ਹਿੰਦੂ ਫਿਲਾਸਫ਼ੀ (ਦਰਸ਼ਨ) ਅਤੇ ਹਿੰਦੂ ਸਮਾਜਿਕ ਕਾਨੂੰਨਾਂ ਉੱਤੇ ਵੀ ਸ਼੍ਰੇਸਟਤਾ (mastery) ਪ੍ਰਾਪਤ ਸੀ। ਅਸੀਂ ਉਹਨਾਂ ਦਾ ਸੰਸਦ ਭਵਨ ਵਿੱਚ ਬੁੱਤ ਸਥਾਪਤ ਕਰਕੇ ਉਹਨਾਂ ਨੂੰ ਸਹੀ ਅਤੇ ਢੁਕਵੇ ਰੂਪ ਵਿੱਚ ਸਨਾਮਨਤ ਕੀਤਾ ਹੈ। ਮੈਂ ਡਾ. ਅੰਬੇਡਕਰ ਦੀ ਮੂਰਤੀ (staue) ਤੋਂ ਪਰਦਾ ਹਟਾਂਦਿਆਂ ਫ਼ਖਰ (ਗਰਵ-ਮਾਣ) ਮਹਿਸੂਸ ਕਰ ਰਿਹਾ ਹਾਂ।" ਰਾਧਾ ਕ੍ਰਿਸ਼ਨਨ ਵਰਗੇ ਚੋਟੀ ਦੇ ਹਿੰਦੂ ਫਿਲਾਸਫ਼ਰ ਵਲੋਂ ਡਾ. ਅੰਬੇਡਕਰ ਦੀ ਪ੍ਰਸ਼ੰਸ਼ਾ ਵਿੱਚ ਵਰਤੇ ਸ਼ਬਦਾਂ 'ਬੁੱਧੀਮਾਨ, ਸੰਵਿਧਾਨ ਵਿਸ਼ੇਸ਼ੱਗ , ਹਿੰਦੂ ਦਰਸ਼ਨ ਅਤੇ ਹਿੰਦੂ ਕਾਨੂੰਨ ਉੱਤੇ ਸ਼੍ਰੇਸ਼ਟਤਾ', ਪੁਰਾਣੇ ਹਿੰਦੂ ਰਿਸ਼ੀ ਵਰਗੇ ਆਧੁਨਿਕ ਯੁੱਗ ਦੇ ਮਹਾਨ ਰਿਸ਼ੀ ਤੋਂ ਬਾਅਦ ਸੰਕੀਰਣਤਾ ਬਨਾਮ ਸ਼ੋਰੀ ਦੀ ਟੈਂ-ਟੈਂ ਦੀ ਕੀ ਕੀਮਤ ਰਹਿ ਜਾਂਦੀ ਹੈ।

ਡਾ.ਅੰਬੇਡਕਰ ਨੇ ਸੰਵਿਧਾਨ ਨਿਰਮਾਣ ਦੇ ਸੰਬੰਧ ਵਿੱਚ ਆਪਣੇ ਸਮਾਪਤੀ ਭਾਸ਼ਣ ਵਿੱਚ ਹਰ ਉਸ ਵਿਅਕਤੀ ਦੀ ਪ੍ਰਸ਼ੰਸਾ ਕੀਤੀ ਜਿਸ ਨੇ ਕਿਸੇ ਰੂਪ ਵਿੱਚ ਵੀ ਇਸ ਵਿੱਚ ਯੋਗਦਾਨ ਪਾਇਆ। ਸਰ ਬੀ. ਐਨ. ਰਾਉ, ਐਸ. ਐਨ. ਮੁਖ਼-ਰਜੀ ਤੋਂ ਇਲਾਵਾ ਸੰਵਿਧਾਨ ਸਭਾ ਦੇ ਪ੍ਰਧਾਨ ਡਾ.ਰਾਜਿੰਦਰਾ ਪ੍ਰਸਾਦ, ਕਾਂਗਰਸ ਪਾਰਟੀ, ਹੁਕਮਰਾਨ ਅਤੇ ਵਿਰੋਧੀ ਧਿਰਾਂ ਦੇ ਮੈਂਬਰਾਂ ਦੇ ਰੋਲ ਦੀ ਵੀ ਭਰਪੂਰ ਸਰਾਹਣਾ ਕੀਤੀ। ਡ੍ਰਾਫਟਿੰਗ ਕਮੇਟੀ ਦੇ ਚੇਅਰਮੈਨ ਦੀ ਹੈਸੀਅਤ ਵਿੱਚ ਉਹਨਾਂ ਦਾ ਆਪਣੇ ਸਹਿਯੋਗੀਆਂ ਦੇ ਕੰਮ ਦੀ ਪ੍ਰਸ਼ੰਸਾ ਕਰਨਾ ਉਹਨਾਂ ਵਿੱਚ ਕਿਸੇ ਪ੍ਰਕਾਰ ਦੀ ਖ਼ਾਮੀ ਜਾਂ ਕਮਜ਼ੋਰੀ ਦੀ ਨਿਸ਼ਾਨੀ ਨਹੀਂ ਸਗੋਂ ਇਹ ਉਹਨਾਂ ਦੀ ਖੁਸ਼ਅਖਲਾਕੀ, ਖੁੱਲ ਦਿਲੀ, ਅਤੇ ਵਡੱਪਣ ਦਾ ਸਬੂਤ ਹੈ।


ਇੱਥੋਂ ਤੀਕ ਕਿ ਇਹ ਗੱਲਾਂ ਕਿਸੇ ਵੀ ਇਨਸਾਨ ਨੂੰ ਮਹਾਨ ਹੋਣ ਦਾ ਰੁਤਬਾ ਵੀ ਦਿੰਦੀਆਂ ਹਨ। ਇਨ੍ਹਾਂ ਗੱਲਾਂ ਤੋਂ ਹੀ ਪਤਾ ਚੱਲਦਾ ਹੈ ਕਿ ਬਾਬਾ ਸਾਹਿਬ ਅੰਬੇਡਕਰ ਦੇ ਕੱਦ ਦੇ ਅੱਗੇ ਉਨ੍ਹਾਂ ਦੇ ਧੁਰ ਵਿਰੋਧੀ ਵੀ ਉਹਨਾਂ ਦੀ ਮਹਾਨਤਾ ਕਰਕੇ ਬੌਣੇ ਹੀ ਸਾਬਤ ਹੁੰਦੇ ਸਨ। ਪਰ ਜਦ ਉਨ੍ਹਾਂ ਨੇ ਇਹ ਕਿਹਾ ਕਿ ਉਹ ਇਸ ਸੰਵਿਧਾਨ ਨੂੰ ਸਾੜਨਾ ਪਸੰਦ ਕਰਨਗੇ (ਪੰਨਾ 437) ਇਹ ਸਮਝਣ ਲਈ ਉਸ ਸੰਦਰਭ ਅਤੇ ਪਿਛੋਕੜ ਨੂੰ ਵੀ ਸਮਝਣਾ ਵੀ ਜਰੂਰੀ ਹੋਵੇਗਾ ਜਿਸ ਵਿੱਚ ਉਹਨਾਂ ਨੂੰ ਇਹ ਸਬਦ ਕਹਿਣੇ ਪਏ। ਜਿਸ ਸੰਵਿਧਾਨ ਨੂੰ ਇਮਾਨਦਾਰੀ ਅਤੇ ਸਿਦਕਦਿਲੀ ਨਾਲ ਲਾਗੂ ਨਾ ਕੀਤਾ ਗਿਆ ਹੋਵੇ, ਜਿਸ ਸੰਵਿਧਾਨ ਨੂੰ ਅਮੀਰ ਨੂੰ ਹੋਰ ਅਮੀਰ ਅਤੇ ਗ਼ਰੀਬ ਨੂੰ ਹੋਰ ਗ਼ਰੀਬ ਬਣਾਉਣ ਲਈ ਵਰਤਿਆ ਜਾਂਦਾ ਹੋਵੇ, ਜਿਸ ਸੰਵਿਧਾਨ ਨੂੰ ਲੋਕਤੰਤਰੀ ਸਮਾਜਵਾਦੀ ਅਤੇ ਧਰਮ ਨਿਰਪੱਖ ਦੀ ਥਾਂ ਹਿੰਦੂਰਾਜ ਦਾ ਹੱਥ-ਠੋਕਾ ਬਣਾ ਦਿੱਤਾ ਗਿਆ ਹੋਵੇ, ਉਸ ਸੰਵਿਧਾਨ ਬਾਰੇ ਉਹ ਕੀ ਕਹਿੰਦੇ? ਇਹ ਸ਼ਬਦ ਸੰਜੀਦਾ ਵੀ ਹੋ ਸਕਦੇ ਹਨ ਅਤੇ ਗੁੱਸੇ ਨਿਰਾਸ਼ਾ ਦੇ ਵੀ। ਆਪਣੇ ਦੁਰਾਚਾਰੀ ਪੁੱਤਰ ਦੀਆਂ ਘਟੀਆਂ ਹਰਕਤਾਂ ਤੋਂ ਦੁੱਖੀ ਹੋ ਕੇ ਇੱਕ ਪਿਤਾ ਦੇ ਮੂੰਹੋਂ ਅਜਿਹੇ ਸ਼ਬਦਾਂ ਦਾ ਨਿਕਲਣਾ ਗ਼ੈਰ-ਕੁਦਰਤੀ ਨਹੀਂ ਹੈ। ਇਹ ਵੀ ਸੱਚ ਹੈ ਕਿ ਸੰਵਿਧਾਨ ਵਿਚ ਉਹ ਸਭ ਕੁਝ ਸਾਮਲ ਨਹੀਂ ਹੋ ਸਕਿਆ ਜੋ ਉਹ ਆਪਣੀ ਇੱਛਾ ਅਨਸੁਾਰ ਸਾਮਲ ਕਰਵਾਉਣਾ ਚਾਹੁੰਦੇ ਸਨ। ਇਸ ਦੇ ਬਾਵਜੂਦ ਉਹਨਾਂ ਨੇ ਸੰਵਿਧਾਨ ਨਿਰਮਾਣ ਦੇ ਮਹੱਤਵਪੂਰਣ ਕਾਰਜ ਨੂੰ ਹੱਥ ਵਿਚ ਕਿਉਂ ਲਿਆ। ਉਸ ਨੂੰ ਆਪਣੇ ਉਕਤ ਭਾਸ਼ਣ ਅਤੇ ਤਿਆਗ ਪੱਤਰ (10-10-51) ਵਿੱਚ ਕਾਫੀ ਵਿਸਥਾਰ ਨਾਲ ਸਪੱਸ਼ਟ ਕਰ ਦਿੱਤਾ ਹੈ। ਅਜਿਹੇ ਪ੍ਰਤੀਕੂਲ ਅਤੇ ਅਣ ਸੁਖਾਂਵੇ ਹਾਲਾਤ ਵਿੱਚ ਸੰਵਿਧਾਨ ਨੂੰ ਸਫਲਤਾ ਪੂਰਵਕ ਅਤੇ ਘੱਟ ਤੋਂ ਘੱਟ ਸਮੇਂ ਵਿੱਚ ਤਿਆਰ ਕਰਨਾ ਡਾ.ਅੰਬੇਡਕਰ ਜਿਹੇ ਪ੍ਰਬੁੱਧ ਵਿਦਵਾਨ ਦਾ ਹੀ ਕੰਮ ਹੋ ਸਕਦਾ ਹੈ। ਦਿਮਾਗੀ ਦੇਹ-ਵਪਾਰ ਕਰਨ ਵਾਲੇ ਸ਼ਰਾਰਤ ਪਸੰਦ ਲੇਖਕਾਂ ਦੇ ਪਿਟ ਸਿਆਪੇ ਦੇ ਬਾਵਜੂਦ ਇਸ ਕੇਂਦਰੀ ਹਕੀਕਤ ਨੂੰ ਬਦਲਿਆਂ ਨਹੀਂ ਜਾ ਸਕਦਾ ਕਿ ਡਾ.ਅੰਬੇਡਕਰ ਹੀ ਭਾਰਤੀ ਸੰਵਿਧਾਨ ਦੇ ਪਿਤਾਮਾ ਹਨ।



ਸਤਵੰਤ ਕੌਰ ਕਲੋਟੀ
91-95011-98881

# ਬ੍ਰਹਿਮੰਡ: ਇਕ ਨਜ਼ਰ

## (ਗਲੈਕਸੀਆਂ, ਤਾਰਿਆਂ ਅਤੇ ਗ੍ਰਹਿਆਂ ਦੀ ਦੁਨੀਆਂ)




**(ਤੀਜੀ ਕਿਸ਼ਤ)**

ਉਹ ਇਕ ਸੰਵੇਦਨਸ਼ੀਲ ਐਂਨਟੀਨੇ ਦਾ ਨਿਰੀਖਣ ਕਰ ਰਹੇ ਸਨ, ਜੋ ਕਿ ਨੀਵੇਂ ਪੱਧਰ ਦੀਆਂ ਮਾਈਕ੍ਰੋਵੇਵ ਰੇਡੀਏਸ਼ਨਜ਼ ਦਾ ਅਧਿਐਨ ਕਰਨ ਲਈ ਖਾਸ ਤੌਰ ਤੇ ਡਿਜ਼ਾਇਨ ਕੀਤਾ ਗਿਆ ਸੀ। ਉਹਨਾਂ ਨੇ ਇਕ ਕਾਫੀ ਨੀਵੇਂ ਪੱਧਰ ਦਾ ਅਣਚਾਹਿਆ ਸਿਗਨਲ ਨੋਟ ਕੀਤਾ। ਉਨ੍ਹਾਂ ਨੇ ਇਸ ਸਿਗਨਲ ਤੋਂ ਛੁਟਕਾਰਾ ਪਾਉਣ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ। ਐਂਨਟੀਨੇ ਨੂੰ ਵੱਖ-ਵੱਖ ਦਿਸ਼ਾਵਾਂ ਵਿਚ ਘੁਮਾ ਕੇ ਦੇਖਿਆ, ਪ੍ਰੰਤੂ ਹਰ ਪਾਸੇ ਉਹੋ ਸਿਗਨਲ ਮਿਲਿਆ। ਉਹਨਾਂ ਨੂੰ ਪ੍ਰਤੀਤ ਹੋਇਆ ਕਿ ਇਹ ਅਣਚਾਹਿਆ ਸਿਗਨਲ ਉਹਨਾਂ ਦੇ ਆਪਣੇ ਕੈਮਰੇ ਵਿਚ ਹੀ ਹੈ। ਉਹਨਾਂ ਨੇ ਐਂਨਟੀਨਾ ਬਦਲ ਕੇ ਵੀ ਇਸ ਸਿਗਨਲ ਤੋਂ ਛੁਟਕਾਰਾ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਪ੍ਰੰਤੂ ਅਸਫਲ ਰਹੇ। ਯੰਤਰਾਂ ਨੂੰ ਠੰਢਾ ਕਰਕੇ ਵੀ ਦੇਖਿਆ, ਪ੍ਰੰਤੂ ਇਹ ਸਿਗਨਲ ਪ੍ਰਗਟ ਹੋਣੋਂ ਨਹੀਂ ਹਟਿਆ। ਆਖਿਰ ਉਨ੍ਹਾਂ ਨੇ ਇਹ ਸਿੱਟਾ ਕੱਢਿਆ ਕਿ ਇਹ ਸਿਗਨਲ ਪੂਰੇ ਬ੍ਰਹਿਮੰਡ ਵਿਚ ਹੀ ਮੌਜੂਦ ਹੈ। ਇਹ ਕਾਸਮਿਕ ਮਾਈਕ੍ਰੋਵੇਵ ਬੈਕਗ੍ਰਾਊਂਡ ਰੇਡੀਏਸ਼ਨਜ਼ ਹਨ, ਜੋ ਬਿੱਗ ਬੈਂਗ ਘਟਨਾ ਦੌਰਾਨ ਪੈਦਾ ਹੋਈਆਂ ਹੋਣਗੀਆਂ, ਇਹ ਅੰਦਾਜ਼ਾ ਲਗਾਇਆ ਗਿਆ। ਜਦੋਂ ਇਹ ਰੇਡੀਏਸ਼ਨਾਂ ਮੁਕਤ ਹੋਈਆਂ ਹੋਣਗੀਆਂ, ਉਦੋਂ ਉਹ ਬਹੁਤ ਜ਼ਿਆਦਾ ਗਰਮ ਰਹੀਆਂ ਹੋਣਗੀਆਂ। ਜਿਉਂ-ਜਿਉਂ ਬ੍ਰਹਿਮੰਡ ਫੈਲਦਾ ਗਿਆ, ਇਨ੍ਹਾਂ ਦੀ ਤਰੰਗਲੰਬਾਈ ਵੀ ਖਿੱਚ ਹੁੰਦੀ ਚਲੀ ਗਈ ਅਤੇ ਇਹ ਸਪੈਕਟ੍ਰਮ ਦੇ ਮਾਈਕ੍ਰੋਵੇਵ ਹਿੱਸੇ ਵਿਚ ਆ ਗਈਆਂ। ਇਹ ਠੰਢੀਆਂ ਹੋ ਕੇ ਮੌਜੂਦਾ ਤਾਪਮਾਨ (2.7 ਕੈਲਵਿਨ) ਤੱਕ ਪਹੁੰਚ ਗਈਆਂ। ਇਹ ਰੇਡੀਏਸ਼ਨਾਂ ਇਕ ਬਲੈਕ ਬਾਡੀ (Black body) ਦੁਆਰਾ 2.7 ਕੈਲਵਿਨ ਤਾਪਮਾਨ ਉਤੇ ਛੱਡੀਆਂ ਗਈਆਂ ਤਾਪ ਵਿਕਿਰਣਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀਆਂ ਹਨ। ਇਹਨਾਂ ਨੂੰ ਬਿੱਗ-ਬੈਂਗ ਦੀ 'ਈਕੋ' (echo) ਭਾਵ 'ਗੂੰਜ' ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਕਾਸਮਿਕ ਮਾਈਕ੍ਰੋਵੇਵ ਬੈਕਗ੍ਰਾਊਂਡ ਰੇਡੀਏਸ਼ਨਾਂ ਬਿੱਗ ਬੈਂਗ ਥਿਊਰੀ ਦਾ ਇਕ ਪੁਖਤਾ ਸਬੂਤ ਪੇਸ਼ ਕਰਦੀਆਂ ਜਾਪਦੀਆਂ ਹਨ।

**ਬਿੱਗ ਬੈਂਗ ਥਿਊਰੀ ਦੀਆਂ ਊਣਤਾਈਆਂ–** ਬਿੱਗ ਬੈਂਗ ਘਟਨਾ ਤੋਂ ਪਹਿਲਾਂ ਬ੍ਰਹਿਮੰਡ ਕੀ ਸੀ? ਮੁੱਢਲਾ ਪੁਲਾੜੀ ਅੰਡਾ ਕਿੱਥੋਂ ਆਇਆ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣੇ ਅਜੇ ਬਾਕੀ ਹਨ, ਜਿਨ੍ਹਾਂ ਬਾਰੇ ਬਿੱਗ ਬੈਂਗ ਥਿਊਰੀ ਕੋਈ ਸਪਸ਼ਟੀਕਰਨ ਨਹੀਂ ਦਿੰਦੀ।

### ਸਥਾਈ ਅਵਸਥਾ ਥਿਊਰੀ
### (Steady State Theory)

ਇਹ ਥਿਊਰੀ ਵਿਆਨਾ, ਆਸਟਰੀਆ ਦੇ ਜੰਮਪਲ ਵਿਗਿਆਨੀਆਂ ਹੈਰਮੰਨ ਬੌਂਡੀ (Hermann Bondi) ਅਤੇ ਥਾਮਸ ਗੋਲਡ (Thomas Gold) ਅਤੇ ਯਾਰਕ-ਸ਼ਾਇਰ, ਇੰਗਲੈਂਡ ਦੇ ਵਿਗਿਆਨੀ ਸਰ ਫਰੈੱਡ ਹੋਇਲ (Sir Fred Hoyle) ਦੁਆਰਾ 1948 ਵਿਚ ਸੁਝਾਈ ਗਈ। ਸਥਾਈ ਅਵਸਥਾ ਤੋਂ ਭਾਵ ਹੈ, ਉਹ ਸਥਿਰ ਹਾਲਤ ਜੋ ਸਮੇਂ ਦੇ ਨਾਲ ਨਾ ਬਦਲੇ।ਇਕ ਪਾਸੇ ਆਉਣ ਵਾਲਾ ਬਦਲਾਵ ਕਿਸੇ ਹੋਰ ਬਦਲਾਵ ਨਾਲ ਲਗਾਤਾਰ ਸੰਤੁਲਿਤ ਹੁੰਦਾ ਰਹੇ ਤਾਂ ਕਿ ਸਥਿਰਤਾ ਬਣੀ ਰਹੇ। ਇਸ ਥਿਊਰੀ ਅਨੁਸਾਰ ਸਮੇਂ ਦੇ ਨਾਲ ਬ੍ਰਹਿਮੰਡ ਦੀ ਦਿੱਖ ਕਦੇ ਨਹੀਂ ਬਦਲਦੀ।

ਜੇ ਬ੍ਰਹਿਮੰਡ ਲਗਾਤਾਰ ਫੈਲ ਰਿਹਾ ਹੈ ਤਾਂ ਇਹ ਕਿਵੇਂ ਮੁਮਕਿਨ ਹੋ ਸਕਦਾ ਹੈ? ਫਰੈੱਡ ਹੋਇਲ (Fred Hoyle) ਨੇ ਸੁਝਾਇਆ ਕਿ ਜਿਉਂ-ਜਿਉਂ ਬ੍ਰਹਿਮੰਡ ਫੈਲਦਾ ਹੈ, ਇਸ ਦੀ ਘਣਤਾ ਘਟਦੀ ਹੈ, ਨਾਲ-ਨਾਲ ਪੁਲਾੜ ਵਿਚ ਨਵਾਂ ਮਾਦਾ ਪੈਦਾ ਹੁੰਦਾ ਜਾਂਦਾ ਹੈ ਅਤੇ ਸੰਤੁਲਨ ਬਣਿਆ ਰਹਿੰਦਾ ਹੈ। ਜਿਵੇਂ-ਜਿਵੇਂ ਗਲੈਕਸੀਆਂ ਇਕ ਦੂਜੇ ਤੋਂ ਦੂਰ ਜਾ ਰਹੀਆਂ ਹਨ, ਨਵੇਂ ਉਪਜੇ ਮਾਦੇ ਤੋਂ ਨਵੀਆਂ ਗਲੈਕਸੀਆਂ ਬਣ ਰਹੀਆਂ ਹਨ, ਜੋ ਦੂਰ ਜਾ ਚੁੱਕੀਆਂ ਗਲੈਕਸੀਆਂ ਦੀ ਜਗ੍ਹਾ ਪੂਰ ਰਹੀਆਂ ਹਨ। ਇਸ ਬ੍ਰਹਿਮੰਡ ਦਾ ਨਾ ਕੋਈ ਆਦਿ ਹੈ ਅਤੇ ਨਾ ਹੀ ਕੋਈ ਅੰਤ। ਇਸ ਤਰ੍ਹਾਂ ਪ੍ਰੇਖਣ ਸੀਮਾ (Observable boundary) ਦੇ ਅੰਦਰ-ਅੰਦਰ ਗਲੈਕਸੀਆਂ ਦੀ ਗਿਣਤੀ ਹਮੇਸ਼ਾ ਬਰਾਬਰ ਰਹਿੰਦੀ ਹੈ।

**ਸਥਾਈ ਅਵਸਥਾ ਥਿਊਰੀ ਦੀ ਅਸਫਲਤਾ–** ਸਥਾਈ ਅਵਸਥਾ ਥਿਊਰੀ 1960 ਵਿਆਂ ਵਿਚ ਫਿੱਕੀ ਪੈਣੀ ਸ਼ੁਰੂ ਹੋ ਗਈ ਜਦੋਂ ਕੁਆਸਰਜ਼ (quasars) ਦੀ ਖੋਜ ਹੋਈ। ਇਹ ਦੂਰ-ਦੁਰੇਡੀਆਂ ਗਲੈਕਸੀਆਂ ਦੀਆਂ ਚਮਕੀਲੀਆਂ ਪ੍ਰਕਾਸ਼ਮਾਨ ਕੋਰਾਂ (galactic centres) ਹਨ। ਉਹ ਸਾਡੇ ਤੋਂ ਐਨੀ ਦੂਰ ਹਨ ਕਿ ਉਹਨਾਂ ਤੋਂ ਸਾਡੇ ਤੱਕ ਇਸ ਸਮੇਂ ਪਹੁੰਚ ਰਿਹਾ ਪ੍ਰਕਾਸ਼ ਕਈ ਬਿਲੀਅਨ ਸਾਲ ਪਹਿਲਾਂ ਤੁਰਿਆ ਹੋਵੇਗਾ। ਇਸ ਤਰ੍ਹਾਂ ਕੁਆਸਰਜ਼ ਅਤੀਤ ਵਿਚ ਵਿਚਰ ਚੁੱਕੀਆਂ ਵਸਤੂਆਂ ਹਨ। ਇਹ ਇਸ਼ਾਰਾ ਕਰਦੀਆਂ ਹਨ ਕਿ ਬੀਤੇ ਸਮੇਂ ਵਿਚ ਬ੍ਰਹਿਮੰਡ ਦੀ ਬਣਤਰ ਕੁਝ ਹੋਰ ਰਹੀ ਹੋਵੇਗੀ ਜੋ ਅੱਜ ਦੇ ਬ੍ਰਹਿਮੰਡ ਤੋਂ ਭਿੰਨ ਹੋਵੇਗੀ। ਇਹ ਗੱਲ ਸਥਾਈ ਅਵਸਥਾ ਥਿਊਰੀ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦੀ।

1964 ਈ. ਵਿਚ ਆਰਨੋ ਏ. ਪੈਂਜ਼ੀਆਜ਼ (Arno A Penzias) ਅਤੇ ਰਾਬਰਟ ਡਬਲਿਊ. ਵਿਲਸਨ (Robert W. Wilson) ਦੁਆਰਾ ਕਾਸਮਿਕ ਮਾਈਕ੍ਰੋਵੇਵ ਬੈਕਗ੍ਰਾਊਂਡ ਰੇਡੀਏਸ਼ਨਜ਼ ਦੀ ਖੋਜ ਨੇ ਸਥਾਈ ਅਵਸਥਾ ਥਿਊਰੀ ਨੂੰ ਹੋਰ ਕਮਜ਼ੋਰ ਕਰ ਦਿੱਤਾ। ਭਾਵੇਂ ਸਥਾਈ ਅਵਸਥਾ ਥਿਊਰੀ ਦੇ ਸਮਰਥਕਾਂ ਵੱਲੋਂ ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਕਿ ਇਨ੍ਹਾਂ ਰੇਡੀਏਸ਼ਨਜ਼ ਦੇ ਪੈਦਾ ਹੋਣ ਦਾ ਕਾਰਨ ਬਿੱਗ ਬੈਂਗ ਘਟਨਾ ਤੋਂ ਇਲਾਵਾ ਕੋਈ ਹੋਰ ਵੀ ਰਿਹਾ ਹੋ ਸਕਦਾ ਹੈ, ਪ੍ਰੰਤੂ 1970 ਵਿਆਂ ਦੇ ਅੰਤ ਤੱਕ ਇਹ ਗੱਲ ਬਿਲਕੁਲ ਸਾਫ ਹੋ ਗਈ ਕਿ ਇਨ੍ਹਾਂ ਰੇਡੀਏਸ਼ਨਜ਼ ਦੇ ਪੈਦਾ ਹੋਣ ਦੀ ਕੋਈ ਦੂਸਰੀ ਠੋਸ ਮੰਨਣਯੋਗ ਵਜ੍ਹਾ ਨਹੀਂ ਹੈ। ਇਸ ਤਰ੍ਹਾਂ ਸਥਾਈ ਅਵਸਥਾ ਥਿਊਰੀ ਦਾ ਲੱਗਭੱਗ ਅੰਤ ਹੀ ਹੋ ਗਿਆ।


### ਕੰਬਣ ਅਵਸਥਾ
### (Pulsating Theory)

1920ਵਿਆਂ ਵਿਚ, ਜਰਮਨੀ ਦੇ ਜੰਮਪਲ ਵਿਗਿਆਨੀ ਅਲਬਰਟ ਆਈਨਸਟਾਈਨ ਨੇ ਸੰਭਾਵਨਾ ਪ੍ਰਗਟਾਈ ਕਿ ਬ੍ਰਹਿਮੰਡ ਗਤੀਹੀਣ (Static) ਨਾ ਹੋ ਕੇ, ਹਮੇਸ਼ਾ ਫੈਲਣ ਜਾਂ ਸੁੰਗੜਨ ਦੀ ਸਥਿਤੀ ਵਿਚ ਰਹਿੰਦਾ ਹੈ। 1929 ਈ. ਵਿਚ ਐਡਵਿਨ ਹੱਬਲ ਨੇ ਇਹ ਸਿੱਧ ਕਰ ਦਿੱਤਾ ਕਿ ਬ੍ਰਹਿਮੰਡ ਫੈਲ ਰਿਹਾ ਹੈ। ਇਸ ਨਾਲ ਆਈਨਸਟਾਈਨ ਦੀ ਥਿਊਰੀ ਨੂੰ ਬਲ ਮਿਲਿਆ। ਇਸ ਉਪਰੰਤ ਆਈਨਸਟਾਈਨ ਨੇ ਸੁਝਾਇਆ ਕਿ ਬ੍ਰਹਿਮੰਡ ਦੇ ਵਾਰ-ਵਾਰ ਫੈਲਣ ਅਤੇ ਸੁੰਗੜਨ ਦੀ ਲੜੀ ਅੰਤਹੀਣ ਹੈ। ਇਸ ਥਿਊਰੀ ਅਨੁਸਾਰ ਬ੍ਰਹਿਮੰਡ ਕੰਪਨਾਂ ਦੀ ਨਾ ਮੁੱਕਣ ਵਾਲੀ ਲੜੀ ਦਾ ਅਨੁਸਰਣ ਕਰਦਾ ਹੈ। ਹਰ ਕੰਪਨ ਇਕ ਬਿੱਗ ਬੈਂਗ ਤੋਂ ਸ਼ੁਰੂ ਹੁੰਦਾ ਹੈ ਅਤੇ ਇਕ ਜ਼ਬਰਦਸਤ ਨਪੀੜਨ ਨਾਲ ਖਤਮ ਹੁੰਦਾ ਹੈ। ਇਸ ਤਰ੍ਹਾਂ ਬ੍ਰਹਿਮੰਡ ਵਾਰੀ-ਵਾਰੀ ਫੈਲਦਾ ਅਤੇ ਸੁੰਗੜਦਾ ਹੈ, ਭਾਵ ਕੰਪਨ ਕਰਦਾ ਹੈ।

ਇਸ ਵੇਲੇ ਇਹ ਫੈਲ ਰਿਹਾ ਹੈ, ਪ੍ਰੰਤੂ ਮੁਮਕਿਨ ਹੈ ਕਿ ਕਿਸੇ ਦਿਨ ਗੁਰੂਤਵੀ ਖਿੱਚ ਕਾਰਣ ਇਹ ਫੈਲਣਾ ਬੰਦ ਕਰ ਦੇਵੇ ਅਤੇ ਸੁੰਗੜਨਾ ਸ਼ੁਰੂ ਕਰ ਦੇਵੇ। ਇਹ ਇਕ ਖਾਸ ਆਕਾਰ ਤੱਕ ਹੀ ਸੁੰਗੜੇਗਾ, ਉਸ ਉਪਰੰਤ ਇਹ ਫਿਰ ਤੋਂ ਫੈਲਣਾ ਸ਼ੁਰੂ ਕਰ ਦੇਵੇਗਾ।

1922 ਤੋਂ 1960 ਈ. ਤੱਕ ਇਸ ਥਿਊਰੀ ਦੀ ਪੜਚੋਲ ਹੁੰਦੀ ਰਹੀ। ਅਮਰੀਕੀ ਵਿਗਿਆਨੀ ਰਿਚਰਡ ਸੀ. ਟੈਲਮੌਨ (Richard C. Tolman) ਅਨੁਸਾਰ ਇਹ ਥਿਊਰੀ ਥਰਮੋਡਾਇਨਾਮਿਕਸ (Thermodynamics) ਦੇ ਦੂਜੇ ਨਿਯਮ ਦੇ ਵਿਰੁੱਧ ਜਾਂਦੀ ਹੈ, ਜਿਸ ਅਨੁਸਾਰ ਬ੍ਰਹਿਮੰਡ ਦੀ ਐਂਨਟ੍ਰੋਪੀ (entropy) (ਬੇਤਰਤੀਬੀ) ਹਮੇਸ਼ਾ ਵਧਦੀ ਹੀ ਹੈ। ਭਾਵ ਸਮੇਂ ਦੇ ਨਾਲ ਬ੍ਰਹਿਮੰਡ ਕੇਵਲ ਫੈਲ ਹੀ ਸਕਦਾ ਹੈ, ਨਾ ਕਿ ਸੁੰਗੜ। ਇਸ ਥਿਊਰੀ ਨੂੰ ਇਸ ਕਰਕੇ ਵੀ ਘੱਟ ਸਮਰਥਨ ਮਿਲਿਆ ਕਿਉਂਕਿ ਅਜੋਕੀ ਰੀਸਰਚ ਅਤੇ ਅੰਕੜੇ ਇਹ ਸਿੱਧ ਕਰਦੇ ਹਨ ਕਿ ਬ੍ਰਹਿਮੰਡ ਸੀਮਿਤ ਨਹੀਂ ਹੈ ਅਤੇ ਇਹ ਹਮੇਸ਼ਾ ਫੈਲਦਾ ਹੀ ਰਹੇਗਾ। **(ਚਲਦਾ)**

# ਸੈਨਹੋਜ਼ੇ ਨਿਵਾਸੀ ਅਮਰ ਪਰਿਵਾਰ ਨੂੰ ਗਹਿਰਾ ਸਦਮਾ




ਸੈਨਹੋਜ਼ੇ- ਪਿਆਰੇ ਦੋਸਤੋ ਬੜੀ ਦੁੱਖ ਭਰੀ ਖਬਰ ਹੈ ਕਿ ਸ੍ਰੀ ਸਤਿਆਪਾਲ ਜੀ ਅਮਰ 13 ਜਨਵਰੀ 2016 ਬੁੱਧਵਾਰ ਨੂੰ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਪ੍ਰਭੂ ਦੇ ਚਰਨਾਂ ਵਿਚ ਜਾ ਬਿਰਾਜੇ ਹਨ। 20 ਜਨਵਰੀ ਬੁੱਧਵਾਰ ਵਾਲੇ ਦਿਨ ਰਿਸ਼ਤੇਦਾਰਾਂ ਅਤੇ ਮਿੱਤਰਾਂ-ਦੋਸਤਾਂ ਨੇ ਚੈਪਲ ਆਫ ਰੋਜ਼ਿਜ਼ ਕਰਟਨਰ ਐਵੀਨਿਊ ਸੈਨਹੋਜ਼ੇ ਜਲਮਗਨ ਨੇਤਰਾਂ ਨਾਲ ਅਮਰ ਹੋਏ ਅਮਰ ਹੋਰਾਂ ਨੂੰ ਅੰਤਿਮ ਵਿਦਾਈ ਦਿੱਤੀ ਅਤੇ ਉਹਨਾਂ ਦੇ ਪਾਰਥਿਕ ਸਰੀਰ ਨੂੰ ਅਗਨੀ ਭੇਟ ਕਰ ਦਿੱਤਾ ਗਿਆ। 'ਜੋ ਆਇਆ ਸੋ ਚੱਲਸੀ ਸਭ ਕੋ ਆਈ ਵਾਰੀਐ' ਦੇ ਮਹਾਂਵਾਕ ਅਨੁਸਾਰ ਜੋ ਵੀ ਪ੍ਰਾਣੀ ਸੰਸਾਰ ਵਿਚ ਆਇਆ ਹੈ, ਉਸ ਨੇ ਇਕ ਦਿਨ ਜਾਣਾ ਜ਼ਰੂਰੀ ਹੈ ਪਰ ਕਿਸੇ ਨੂੰ ਵੀ ਇਸ ਗੱਲ ਦਾ ਪਤਾ ਨਹੀਂ ਹੁੰਦਾ ਕਿ ਉਸਦੀ ਵਾਰੀ ਕਦੋਂ ਆਵੇਗੀ। ਫਿਊਨਰਲ ਤੋਂ ਬਾਅਦ ਸ਼ਾਮ ਦੇ 3-5 ਵਜੇ ਦੇ ਦੌਰਾਨ ਗੁਰੂ ਘਰ ਸੈਨਹੋਜ਼ੇ ਵਿਖੇ ਅਲਾਹਣੀਆਂ ਦੇ ਪਾਠ ਤਥਾ ਗੁਰਬਾਣੀ ਕੀਰਤਨ ਹੋਇਆ ਅਤੇ ਸ੍ਰੀ ਅਮਰ ਹੋਰਾਂ ਦੀ ਆਤਮਾ ਦੀ ਸ਼ਾਂਤੀ ਲਈ ਅੰਤਿਮ ਅਰਦਾਸ ਕੀਤੀ ਗਈ ਅਤੇ ਪਰਿਵਾਰ ਵੱਲੋਂ ਲੰਗਰ ਸੇਵਾ ਕੀਤੀ ਗਈ। ਸ੍ਰੀ ਅਮਰ ਜੀ 78 ਵਰ੍ਹਿਆਂ ਦੇ ਸਨ। ਉਹ ਆਪਣੇ ਪਿੱਛੇ ਆਪਣੀ ਧਰਮ ਪਤਨੀ ਸ੍ਰੀਮਤੀ ਚੰਚਲ ਰਾਣੀ ਅਮਰ, ਬੇਟੀ ਸੁਸ਼ਮਾ ਮਨਚੰਦਾ ਅਤੇ ਦੋ ਬੇਟੇ ਜਤਿੰਦਰ ਅਮਰ ਅਤੇ ਰਾਜੀਵ ਅਮਰ ਛੱਡ ਗਏ ਹਨ। ਅਮਰ ਪਰਿਵਾਰ ਬੜਾ ਸੰਪੰਨ ਪਰਿਵਾਰ ਹੈ। ਸਤਿਆਪਾਲ ਜੀ ਅਮਰ ਪੜ੍ਹੇ-ਲਿਖੇ ਵਿਦਵਾਨ, ਬੜੇ ਮਿਲਣਸਾਰ ਅਤੇ ਹਿੰਮਤੀ ਇਨਸਾਨ ਸਨ। ਉਹਨਾਂ ਆਪਣੇ ਬੱਚਿਆਂ ਨੂੰ ਵੀ ਬੜੇ ਪਿਆਰ ਨਾਲ ਪੜ੍ਹਾ-ਲਿਖਾ ਕੇ ਕਾਬਲ ਬਣਾਇਆ ਅਤੇ ਵਿਆਹ-ਸ਼ਾਦੀਆਂ ਕਰਕੇ ਸੈਟਲ ਕੀਤਾ। ਅਮਰ ਹੋਰਾਂ ਦੇ ਪੋਤੇ ਅਤੇ ਦੋਹਤੇ ਵੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਹਾਇਰ ਐਜੂਕੇਸ਼ਨ ਲੈ ਰਹੇ ਹਨ। ਇਹ ਸਵਰਗਵਾਸੀ ਸੱਤਿਆ ਪਾਲ ਜੀ ਅਮਰ ਹੋਰਾਂ ਦੀ ਪ੍ਰੇਰਨਾ ਦਾ ਨਤੀਜਾ ਹੈ। ਦੋਸਤੋ ਅੱਜ ਤੋਂ ਲੱਗਭੱਗ ਪੰਜਾਹ ਸਾਲ ਪਹਿਲਾਂ ਮੇਰੀ ਮੁਲਾਕਾਤ ਭਾਰਤ ਵਿਚ ਸ੍ਰੀ ਅਮਰ ਜੀ ਅਤੇ ਉਹਨਾਂ ਦੇ ਪਰਿਵਾਰ ਨਾਲ ਹੋਈ ਸੀ। ਜੋ ਅਮਰੀਕਾ ਵਿਚ ਆ ਕੇ ਵੀ ਅੱਜ ਤੱਕ ਕਾਇਮ ਹੈ। ਬਲਕਿ ਮੈਂ ਅਤੇ ਸ੍ਰੀ ਅਮਰ ਜੀ ਦੋਵੇਂ ਮੁਲਾਜ਼ਮਤ ਤੋਂ ਰਿਟਾਇਰ ਹੋਏ ਸਨ। 1978 ਵਿਚ ਇਕੱਠੇ ਅਮਰੀਕਾ ਆਏ ਸਾਂ। ਸਿਆਣਿਆਂ ਦਾ ਕਥਨ ਹੈ ਕਿ ਜੇਕਰ ਸੋਚ ਵਿਚਾਰ ਅਤੇ ਕਿਰਦਾਰ ਮਿਲ ਜਾਵਣ ਤਾਂ ਅਣਜਾਣੇ ਪਰਿਵਾਰ ਵੀ ਮਿਲ ਬੈਠਦੇ ਹਨ। ਅੱਜ ਉਹਨਾਂ ਦੇ ਸਵਰਗਵਾਸ ਹੋਣ ਦਾ ਜਿੰਨਾ ਦੁੱਖ ਅਮਰ ਪਰਿਵਾਰ ਨੂੰ ਹੈ, ਉਨਾ ਹੀ ਦੁੱਖ ਆਜ਼ਾਦ ਪਰਿਵਾਰ ਨੂੰ ਵੀ ਹੈ। ਸਾਡੇ ਦੋਹਾਂ ਦੇ ਘਰ ਸੈਨਹੋਜ਼ੇ ਵਿਚ ਇਕ ਦੂਜੇ ਦੇ ਕਾਫੀ ਕਰੀਬ ਹਨ। ਅਕਸਰ ਟੈਲੀਫੋਨ ਤੇ ਗੱਲਬਾਤ ਹੁੰਦੀ ਰਹਿੰਦੀ ਹੈ। ਇਸ ਦੁਖਦੀ ਘੜੀ ਵਿਚ ਸਾਡੀ ਸਾਰਿਆਂ ਦੀ ਹਮਦਰਦੀ ਅਮਰ ਪਰਿਵਾਰ ਦੇ ਨਾਲ ਹੈ। ਵਾਹਿਗੁਰੂ ਅਮਰ ਜੀ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦੀ ਹਿੰਮਤ ਬਖਸ਼ੇ।

**ਅਮਰ ਪਰਿਵਾਰ ਦਾ ਸ਼ੁਭ ਚਿੰਤਕ**
**ਆਜ਼ਾਦ ਜਾਲੰਧਰੀ (408) 258-6532**

## ਸੰਪਾਦਕ ਦੀ ਡਾਕ

# ਅਦਾਰਾ 'ਦੇਸ਼ ਦੁਆਬਾ' ਨੂੰ ਨਵੇਂ ਸਾਲ ਦੀ ਵਧਾਈ



ਪਿਆਰੇ ਪ੍ਰੇਮ ਕੁਮਾਰ ਚੁੰਬਰ ਜੀ ਤੁਹਾਨੂੰ ਅਤੇ ਸਾਰੇ ਅਦਾਰੇ ਦੇ ਮੈਂਬਰਾਨ ਨੂੰ ਨਵੇਂ ਸਾਲ ਦੀ ਵਧਾਈ ਹੋਵੇ। ਮਾਲਿਕ ਇਸ ਨੂੰ ਤਰੱਕੀਆਂ ਬਖਸ਼ੇ ਅਤੇ ਅਖਬਾਰ ਹਮੇਸ਼ਾ ਚੜ੍ਹਦੀ ਕਲਾ ਵਿਚ ਰੱਖੇ। ਚੁੰਬਰ ਸਾਹਿਬ ਅੱਜ ਤੋਂ ਲੱਗਭੱਗ ਪੰਦਰਾਂ-ਸੋਲਾਂ ਸਾਲ ਪਹਿਲਾਂ ਤੁਸਾਂ ਜਰਮਨ ਤੋਂ ਜਰਨਲਿਜ਼ਮ ਦਾ ਡਿਪਲੋਮਾ ਕਰ ਕੇ ਅਮਰੀਕਾ ਆਏ ਸੀ। ਅਖਬਾਰ ਨਵੀਸੀ ਦਾ ਤਜਰਬਾ ਨਾ ਹੋਣ ਦੇ ਬਾਵਜੂਦ ਤੁਸੀਂ ਇੱਥੇ 'ਅੰਬੇਦਕਰ ਟਾਈਮਜ਼' ਅਖਬਾਰ ਆਰੰਭ ਕੀਤਾ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਤੁਹਾਨੂੰ ਕੋਈ ਅਖਬਾਰ ਕੱਢਣ ਦਾ ਬੜਾ ਸ਼ੌਂਕ ਸੀ। ਉਸੇ ਸ਼ੌਂਕ ਦੇ ਤਹਿਤ ਤੁਸੀਂ 'ਅੰਬੇਦਕਰ ਟਾਈਮਜ਼' ਸ਼ੁਰੂ ਕੀਤਾ। ਸ਼ੁਰੂ ਸ਼ੁਰੂ ਵਿਚ ਤੁਹਾਨੂੰ ਬੜੀਆਂ ਮੁਸ਼ਕਿਲਾਂ ਪੇਸ਼ ਆਈਆਂ ਸਨ ਪਰ ਤੁਸੀਂ ਹਿੰਮਤ ਨਾ ਹਾਰੀ ਅਤੇ 'ਅੰਬੇਦਕਰ ਟਾਈਮਜ਼' ਅਖਬਾਰ ਜਾਰੀ ਰੱਖਿਆ। ਕੁਝ ਸਮੇਂ ਬਾਅਦ ਤੁਸੀਂ ਪੰਜਾਬੀ ਵਿਚ ਦੂਜਾ ਅਖਬਾਰ ਪੰਜਾਬੀ ਵਿਚ 'ਦੇਸ਼ ਦੁਆਬਾ' ਅਖਬਾਰ ਆਰੰਭ ਕੀਤਾ, ਜਿਸਦਾ ਪਾਠਕਾਂ 'ਤੇ ਅੱਛਾ ਅਸਰ ਪਿਆ। ਚੁੰਬਰ ਸਾਹਿਬ ਮੇਰਾ ਵਿਚਾਰ ਹੈ ਕਿ ਦੁਨੀਆਂ ਦੇ ਅਮੂਮਨ ਤਮਾਮ ਅਖਬਾਰ ਭਾਵੇਂ ਕਿਸੇ ਭਾਸ਼ਾ ਵਿਚ ਛਪਦੇ ਹੋਣ, ਜ਼ਿਆਦਾਤਰ ਇਸ਼ਤਿਹਾਰਾਂ ਦੇ ਸਿਰ 'ਤੇ ਚੱਲਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ 'ਦੇਸ਼ ਦੁਆਬਾ' ਅਖਬਾਰ ਲਈ ਬਹੁਤ ਸਾਰੇ ਵਿਦਵਾਨ ਲਿਖਾਰੀ ਲਿਖ ਰਹੇ ਹਨ। ਤੁਸੀਂ ਇਕ ਪੰਨਾ ਗਜ਼ਲਗੋ ਸ਼ਾਇਰਾਂ ਅਤੇ ਪ੍ਰਸਿੱਧ ਕਵੀਆਂ ਲਈ ਵੀ ਰਿਜ਼ਰਵ ਕੀਤਾ ਹੋਇਆ ਹੈ, ਜਿਸ ਵਿਚ ਵਿਸ਼ਵ ਪ੍ਰਸਿੱਧ ਸ਼ਾਇਰਾਂ ਦਾ ਕਲਾਮ ਛਪਦਾ ਰਹਿੰਦਾ ਹੈ, ਜਿਸਦੇ ਫਲਸਰੂਪ ਪਾਠਕਾਂ ਦੀ ਗਿਣਤੀ ਵੱਧ ਗਈ ਹੈ ਅਤੇ ਦੇਸ਼ ਦੁਆਬਾ ਦੂਸਰੇ ਅਖਬਾਰਾਂ ਦੇ ਬਰਾਬਰ ਆ ਖਲੋਤਾ ਹੈ। ਤੁਸੀਂ ਪਾਠਕਾਂ ਤੋਂ ਐਡ ਲੈਣੇ ਵੀ ਆਰੰਭ ਕਰ ਦਿੱਤੇ ਹਨ। ਇਸ਼ਤਿਹਾਰ ਦੇਣ ਵਾਲੇ ਜੇਕਰ ਸਾਰੇ ਹੀ ਤੁਹਾਡੀ ਮਿਹਨਤ ਦਾ ਇਵਜ਼ਾਨਾ ਦੇਣਾ ਸ਼ੁਰੂ ਕਰ ਦੇਣ ਤਾਂ ਅਖਬਾਰ ਵੰਡਣ ਕਾਰਨ ਤੁਹਾਡੀ ਨਿੱਜੀ ਦੌੜ ਘੱਟ ਹੋ ਸਕਦੀ ਹੈ। ਉਹੀ ਸਮਾਂ ਤੁਸੀਂ ਅਖਬਾਰ ਨੂੰ ਹੋਰ ਬਿਹਤਰ ਬਣਾਉਣ ਵਿਚ ਲਗਾ ਸਕਦੇ ਹੋ। ਮੇਰੀ ਪ੍ਰਮਾਤਮਾ ਅਤੇ ਪ੍ਰਮਾਤਮਾ ਸਰੂਪ ਪਾਠਕਾਂ ਦੇ ਚਰਨਾਂ ਵਿਚ ਦਸਤ-ਬੱਸਤਾ ਗੁਜਾਰਿਸ਼ ਹੈ ਕਿ ਅਸੀਂ ਸਭ ਮਿਲ-ਜੁਲ ਕੇ ਪੰਜਾਬੀ ਦੇ ਹੋਰ ਅਖਬਾਰਾਂ ਵਾਂਗ ਅਖਬਾਰ 'ਦੇਸ਼ ਦੁਆਬਾ' ਦੀ ਵੀ ਵੱਧ ਤੋਂ ਵੱਧ ਇਸ਼ਤਿਹਾਰ ਦੇ ਕੇ ਇਮਦਾਦ ਕਰੀਏ। ਅੰਤ ਵਿਚ ਨਵੇਂ ਸਾਲ ਦੀ ਵਧਾਈ ਅਤੇ ਢੇਰ ਸਾਰੀਆਂ ਸ਼ੁਭ ਕਾਮਨਾਵਾਂ।

### ਵਧਾਈ

ਦੇਸ਼ ਦੁਆਬਾ ਪੇਪਰ ਤਾਈਂ
ਨਵੇਂ ਸਾਲ ਦੀਆਂ ਹੋਣ ਵਧਾਈਆਂ
'ਆਜ਼ਾਦ' ਹਮੇਸ਼ਾ ਚੜ੍ਹਦੀ ਕਲਾ 'ਚ
ਰੱਖੀ ਇਸਨੂੰ ਜੱਗ ਦਿਆ ਸਾਈਆਂ।
ਪਾਠਕਾਂ ਅਤੇ ਸਾਹਿਤਕਾਰਾਂ ਦਾ ਖਾਦਿਮ

- ਆਜ਼ਾਦ ਜਾਲੰਧਰੀ

# ਗ਼ਜ਼ਲ

**ਕਮਲ ਬੰਗਾ ਸੈਕਰਾਮੈਂਟੋ**
**916-897-8570**



ਕਈ ਚੰਦ ਨੂੰ ਕਈ ਸੂਰਜ ਨੂੰ, ਅਰਘ ਚੜ੍ਹਾਉਂਦੇ ਨੇ।
ਕਈ ਪਾਣੀ ਨੂੰ ਕਈ ਧਰਤ ਨੂੰ ਸੀਸ ਝੁਕਾਉਂਦੇ ਨੇ।

ਬੱਸ ਆਪੋ ਆਪਣੀ ਸੋਚ ਦਾ ਤਕਾਜ਼ਾ ਸੱਜਣੋ,
ਵਹਿਮਾਂ 'ਚ ਫਸਿਉ ਲੋਕ, ਵਹਿਮ ਪੁਗਾਉਂਦੇ ਨੇ।

ਇਕ ਦੋਂਹ ਦੀ ਨਹੀਂ, ਗੱਲ ਸਾਰੇ ਦੇਸ਼ ਦੀ ਹੀ,
ਬਣਾਏ ਕਮਾਈ ਦੇ ਸਾਧਨ ਤੇ ਪੈਸੇ ਬਣਾਉਂਦੇ ਨੇ।

ਸਦੀਆਂ ਪੁਰਾਣਾ ਦੇਸ਼, ਸਦੀਆਂ ਪੁਰਾਣੀ ਸੋਚ ਹੀ,
ਬਦਲਦੇ ਨਾ ਲੋਕ, ਬੰਦੇ ਹੀ ਰੱਬ ਕਹਾਉਂਦੇ ਨੇ।

ਕਈ ਪੱਥਰਾਂ ਅਤੇ ਸ਼ਿਵਲਿੰਗ ਨੂੰ ਪੂਜੀ ਜਾ ਰਹੇ,
ਬੂਰ ਨਵੀਂ ਸੋਚ ਦਾ, ਨਾ ਦਿਲ
ਤੇ ਪਾਉਂਦੇ ਨੇ।

ਸੱਚੀ ਕਮਾਈ ਸੱਜਣੋਂ, ਹੱਥ
ਤੇ ਸਰ੍ਹੋਂ ਜਮਾਉਂਦੀ,
ਦੇਖੇ ਝੂਠੀ ਦੇ ਠੇਕੇਦਾਰ, ਆਖਰ ਪਛਤਾਉਂਦੇ ਨੇ।

ਕੁਝ ਚੰਗੀਆਂ ਤੇ ਬਾਕੀ ਮਾੜੀਆਂ ਰੀਤਾਂ ਤਮਾਮ,
ਮੇਰੀ ਕਵਿਤਾ ਦੇ ਸ਼ਬਦ ਹਮੇਸ਼ਾ ਦੁਹਰਾਉਂਦੇ ਨੇ।

ਰਹਿੰਦਾ ਖੂੰਹਦਾ ਜਾਤਾਂ ਪਾਤਾਂ ਨੇ ਫਰਕ ਪਾਇਆ 'ਕਮਲ'
ਚਾਹੇ ਉਪਰੋਂ ਉਪਰੋਂ ਸੋਹਣੇ ਬੋਲ ਸੁਣਾਉਂਦੇ ਨੇ।

# ਪੰਜਾਬੀ ਸਾਹਿਤ ਅਕਾਡਮੀ ਤੇ ਲੋਕ ਲਿਖਾਰੀ ਮੰਚ ਬਟਾਲਾ ਦਾ ਇਕ ਉਪਰਾਲਾ




ਬਟਾਲਾ (ਬਰਨਾਲ)-ਪੰਜਾਬੀ ਸਾਹਿਤ ਅਕਾਦਮੀ , ਲੁਧਿਆਣਾ ਦੇ ਸਹਿਯੋਗ ਨਾਲ ਪੰਜਾਬੀ ਲੋਕ ਲਿਖਾਰੀ ਮੰਚ ਬਟਾਲਾ ਵੱਲੋ ਬਟਾਲਾ ਕਲੱਬ ਬਟਾਲਾ ਵਿਖੇ 27 ਜਨਵਰੀ ਨੂੰ 10 ਵਜੇ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਕਰਵਾਇਆ ਜਾ ਰਿਹਾ ਹੈ। ਸਨਮਾਨ ਸਮਾਰੋਹ ਦੇ ਸਬੰਧ ਵਿੱਚ ਜਾਣਕਾਰੀ ਦੌਰਾਨ ਡਾ ਅਨੂੰਪ ਸਿੰਘ ਜਨਰਲ ਸਕੱਤਰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਦੱਸਿਆ ਕਿ ਇਸ ਸਮਾਗਮ ਵਿਚ ਪੰਜ ਸਾਹਿਤਕ ਪੱਤ੍ਰਿਕਾਵਾਂ ਦਾ ਸਨਮਾਨ ਕੀਤਾ ਜਾਵੇਗਾ ਤੇ ਇਕ ਕਵੀਦਰਬਾਰ ਵੀ ਕਰਵਾਇਆ ਜਾ ਜਾਵੇਗਾ। ਡਾ ਰਵਿੰਦਰ ਸਵਾਗਤੀ ਸਬਦ ਕਹਿਣਗੇ, ਮੁੱਖ ਮਹਿਮਾਨ ਸ੍ਰੀ ਸੌਰਬ ਕੁਮਾਰ ਅਰੋੜਾ,ਐਸ ਡੀ ਐਮ ਬਟਾਲਾ ਹੋਣਗੇ। ਡਾ ਜੋਗਿੰਦਰ ਸਿੰਘ ਕੈਰੋਂ ਪ੍ਰਧਾਨਗੀ ਇਸ ਸਮਾਗਮ ਦੀ ਪ੍ਰਧਾਂਨਗੀ ਕਰਨਗੇ। ਪ੍ਰਧਾਨਗੀ ਮੰਡਲ ਵਿਚ ਡਾ ਐਸ ਤਰਸੇਮ,ਸ੍ਰੀ ਕੰਵਰਜੀਤ ਸਿੰਘ ਭੱਠਲ,ਸ੍ਰੀ ਮਤੀ ਅਰਤਿੰਦਰ ਕੌਰ ਸੰਧੂ ਤੇ ਸ੍ਰੀ ਬਲਜਿੰਦਰ ਮਾਨ ਸਮਾਗਮ ਦੀ ਸੋਭਾ ਵਧਾਉਣਗੇ। ਇਸ ਤੋ ਇਲਾਵਾ ਡਾ ਸੁਖਦੇਵ ਸਿੰਘ ਸਿਰਸਾ ਪ੍ਰਧਾਨ, ਡਾ ਸੁਰਜੀਤ ਸੀਨੀਅਰ ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੋ ਇਲਾਵਾ ਪੰਜਾਬੀ ਲੋਕ ਲਿਖਾਰੀ ਮੰਚ ਬਟਾਲਾ ਦੇ ਮੀਤ ਪ੍ਰਧਾਨ ਸੰਧੂ ਬਟਾਲਵੀ,ਸੁਰਿੰਦਰ ਨਿਮਾਣਾ ਜਨਰਲ ਸਕੱਤਰ, ਨਿਰੰਯਨ ਸਿੰਘ ਪੱਡਾ ਤੋ ਇਲਾਵਾ ਪੰਜਾਬੀ ਲੋਕ ਲਿਖਾਰੀ ਮੰਚ ਬਟਾਲਾ ਦੇ ਮੈਬਰ ਤੇ ਪੰਜਾਬੀ ਸਾਹਿਤ ਨੂੰ ਪਿਆਰ ਕਰਨਵਾਲੀਆਂ ਸਿਰਕੱਢ ਸਖਸ਼ੀਅਤਾਂ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਦੀ ਸੋਭਾ ਵਧਾਉਣਗੀਆਂ।

(ਛਾਪਕ ਤੇ ਪਤਾ)
ਲੋਕ ਗੀਤ ਪ੍ਰਕਾਸ਼ਨ
ਐੱਸ.ਸੀ.ਓ.26-27
ਸੈਕਟਰ-34 ਏ ਚੰਡੀਗੜ
ਫੋਨ-91-1725077427
91-1725077428

ਡਾ. ਜਸਵੰਤ ਰਾਏ (ਲੇਖਕ)
ਅਕਾਸ਼ ਕਲੋਨੀ
ਗੁਰੂ ਰਵਿਦਾਸ ਨਗਰ
ਸ਼ੇਰ ਗੜ੍ਹ ਰੋਡ,ਹੁਸ਼ਿਆਰਪੁਰ
ਮੋਬਾ. 91-98158-25999
ਮੋਬਾ. 91-99150-40888

ਪ੍ਰਕਾਸ਼ਕ 'ਦੇਸ਼ ਦੁਆਬਾ' (ਕੈਲੇਫੋਰਨੀਆ)

# ਕੌਮ ਦਾ ਸਿਤਾਰਾ
# ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ




ਯੂਰਪ ਦੀ ਧਰਤੀ ਤੇ ਗ਼ਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲੇ ਪ੍ਰਸਿੱਧ ਦੇਸ਼ ਭਗਤ ਬਾਬੂ ਹਰਨਾਮ ਸਿੰਘ ਸਾਹਰੀ ਨੂੰ 14 ਨਵੰਬਰ, 1916 ਈਸਵੀ ਨੂੰ ਮਾਂਡਲੇ ਜੇਲ੍ਹ ਵਿਚ ਅੰਗਰੇਜ਼ੀ ਹਕੂਮਤ ਦੁਆਰਾ ਫਾਂਸੀ ਦਿੱਤੀ ਗਈ ਸੀ। ਵਰ੍ਹਾ 2016 ਉਸ ਗ਼ਦਰੀ ਸੂਰਮੇ ਨੂੰ ਯਾਦ ਕਰਨ ਲਈ ਸ਼ਤਾਬਦੀ ਵਰ੍ਹਾ ਹੈ। ਮੈਂ ਤਿੰਨ ਸਾਲ ਦੇ ਖੋਜ ਕਾਰਜ ਉਪਰੰਤ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨ ਕਰਦਾ ਦਸਤਾਵੇਜ਼ "ਕੌਮ ਦਾ ਸਿਤਾਰਾ: ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲਿਖਿਆ ਹੈ ਜਿਸਨੂੰ ਪੁਸਤਕ ਰੂਪ ਵਿਚ "ਦੇਸ ਦੁਆਬਾ" ਪ੍ਰਕਾਸ਼ਨ ਸਮੂਹ ਦੇ ਕਰਤਾ ਧਰਤਾ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਇਆ ਹੈ। 'ਦੇਸ਼ ਦੁਆਬਾ' ਦੇ ਪਾਠਕਾਂ ਲਈ ਸ਼ਤਾਬਦੀ ਵਰ੍ਹੇ ਤੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਕੌਮੀ ਸੰਘਰਸ਼ ਦੀ ਗਾਥਾ ਨੂੰ ਲੜੀਵਾਰ ਛਾਪਣ ਦੇ ਵਡਮੁੱਲੇ ਸੁਝਾਅ ਨੂੰ ਪ੍ਰਵਾਨ ਕਰਦਿਆਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਜਿੱਥੇ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸਨਮਾਨ ਦਿੱਤਾ ਹੈ ਉੱਥੇ ਸਾਡੇ ਮਾਣ ਨੂੰ ਵੀ ਵਧਾਇਆ ਹੈ। ਜਨਵਰੀ 2016 ਤੋਂ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਪਹਿਲੇ ਅੰਤਰਰਾਸ਼ਟਰੀ ਪੰਜਾਬੀ ਪੱਤਰਕਾਰ ਦੇ ਜੀਵਨ ਬਿਰਤਾਂਤ ਅਤੇ ਦੇਸ਼ ਪ੍ਰੇਮ ਦੇ ਰੰਗ ਵਿਚ ਰੰਗੀ ਸ਼ਖ਼ਸੀਅਤ ਬਾਰੇ ਡਾ. ਰਘਵੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸੀਤਾ ਰਾਮ ਬਾਂਸਲ, ਪ੍ਰੇਮ ਕੁਮਾਰ ਚੁੰਬਰ ਅਤੇ ਮੇਰੇ ਸ਼ਬਦ "ਕਿੰਝ ਲਿਖ ਹੋਈ ਪੁਸਤਕ" ਲੇਖਾਂ ਤੋਂ ਬਾਅਦ ਲਗਾਤਾਰ ਇਸ ਦਸਤਾਵੇਜ਼ ਨੂੰ ਛਾਪਿਆ ਜਾ ਰਿਹਾ ਹੈ। ਇਹੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਯਾਦ ਵਿਚ ਸੱਚੀ ਸ਼ਰਧਾਂਜਲੀ ਹੋਵੇਗੀ।

### ਕਿੰਝ ਲਿਖ ਹੋਈ ਪੁਸਤਕ...

ਫਰਵਰੀ 2011 ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ ਹੁਸ਼ਿਆਰਪੁਰ ਵਿਖੇ ਅਸੀਂ ਇਕ ਸਵੈ-ਸੇਵੀ ਸੰਸਥਾ 'ਅਵੇਅਰਨੈੱਸ ਮਿਸ਼ਨ ਹੁਕੜਾਂ ਬ੍ਰਦਰਜ਼' ਦੇ ਸਹਿਯੋਗ ਨਾਲ 'ਕੁੜੀਆਂ ਦੀ ਲੋਹੜੀ' ਅਤੇ 'ਔਰਤ ਸਸ਼ਕਤੀਕਰਨ' ਵਿਸ਼ੇ ਤੇ ਵੱਡਾ ਸਮਾਗਮ ਕਰਵਾਇਆ, ਜਿਸ ਵਿਚ ਜ਼ਿਲ੍ਹੇ ਦੇ ਸੈਕੰਡਰੀ ਸਕੂਲਾਂ ਦੀਆਂ ਤਕਰੀਬਨ ਸੱਤ-ਅੱਠ ਹਜ਼ਾਰ ਕੁੜੀਆਂ ਨੇ ਭਾਗ ਲਿਆ। ਸਮਾਗਮ ਦੇ ਮੁੱਖ ਮਹਿਮਾਨ ਸਾਹਿਤ ਅਕਾਦਮੀ ਸਨਮਾਨ ਪ੍ਰਾਪਤ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਸਨ। ਸਟੇਜ ਸੰਚਾਲਨ ਦਾ ਕੰਮ ਮੇਰੇ ਜ਼ਿੰਮੇ ਸੀ। ਸਮਾਗਮ ਸਫਲਤਾ ਪੂਰਵਕ ਸਿਰੇ ਚੜ੍ਹ ਗਿਆ ਅਤੇ ਅਸੀਂ ਗੁਲਜ਼ਾਰ ਸਿੰਘ ਸੰਧੂ ਹੁਰਾਂ ਨੂੰ ਚਾਹ-ਪਾਣੀ ਪਿਆਉਣ ਵਾਸਤੇ ਦਫ਼ਤਰ ਵੱਲ ਲੈ ਕੇ ਜਾ ਰਹੇ ਸੀ। ਰਸਤੇ ਵਿਚ ਜਾਂਦਿਆਂ ਉਹ ਮੇਰੇ ਨਾਲ ਗੱਲੀਂ ਪੈ ਗਏ:

"ਕਾਕਾ, ਸੋਹਣਾ ਬੋਲਦਾਂ। ਕਿੱਥੋਂ ਦਾ ਰਹਿਣ ਵਾਲਾ ਤੇ ਕੀ ਕਰਦਾਂ?"

"ਜੀ ਸਾਹਰੀ। ਮੈਂ ਸਾਹਰੀ ਰਹਿੰਦਾ ਤੇ ਸਾਹਰੀ ਦੇ ਸੈਕੰਡਰੀ ਸਕੂਲ 'ਚ ਪੜ੍ਹਾ ਰਿਹਾ।"

ਸਾਹਰੀ ਪਿੰਡ ਦਾ ਨਾਂ ਸੁਣ ਕੇ ਉਹ ਰੁਕ ਗਏ ਅਤੇ ਤੇਜ਼ੀ ਨਾਲ ਮੇਰੇ ਵੱਲ ਵੱਧ ਕੇ ਗੋਡੀਂ ਹੱਥ ਲਾਉਣ ਲੱਗ ਪਏ। "ਬਾਬਿਓ, ਇਹ ਕੀ ਕਰਦੇ ਓ। ਅਸੀਂ ਤਾਂ ਤੁਹਾਡੇ ਬੱਚੇ ਹਾਂ। ਤੁਹਾਡੀਆਂ ਲਿਖਤਾਂ ਪੜ੍ਹ ਕੇ ਸਿਖ ਰਹੇ ਆਂ ਮਾੜਾ ਮੋਟਾ ਲਿਖਣਾ।" ਮੈਂ ਉਹਨਾਂ ਦੇ ਹੱਥ ਫੜਦਿਆਂ ਅਤੇ ਪੈਰ ਛੂੰਹਦਿਆਂ ਆਖਿਆ।

"ਓਏ ਕਾਕਾ ਮੈਂ ਤੇਰੇ ਗੋਡੇ ਹੱਥ ਤਾਂ ਲਾ ਰਿਹਾ ਬਈ ਤੂੰ ਉਸ ਮਿੱਟੀ 'ਚ ਪੈਦਾ ਹੋਇਆਂ ਜਿਸ ਮਿੱਟੀ ਨੇ ਇੱਡੇ ਵੱਡੇ ਗਦਰੀ ਯੋਧੇ ਬਾਬੂ ਹਰਨਾਮ ਸਿੰਘ ਨੂੰ ਜਣਿਆਂ। ਮੈਂ ਤਾਂ ਉਸ ਮਿੱਟੀ ਨੂੰ ਨਤਮਸਤਕ ਹੋ ਰਿਹਾਂ।"

ਸੁਣ ਕੇ ਮੇਰੀ ਦੇਹ ਵਿਚ ਇਕ ਤਾਰ ਜਿਹੀ ਫਿਰ ਗਈ। ਘਰ ਆ ਕੇ ਵੀ ਮੇਰੇ ਮਨ ਵਿਚ ਇਹੀ ਖਿਆਲ ਦੌੜੀ ਜਾਣ ਕਿ ਸੰਧੂ ਵਰਗਾ ਵੱਡਾ ਲੇਖਕ ਬਾਬੂ ਹਰਨਾਮ ਸਿੰਘ ਕਰਕੇ ਮੈਨੂੰ ਕਿੰਨਾ ਸਨਮਾਨ ਦੇ ਗਿਆ। ਤੇ ਫਿਰ ਬਾਬੂ ਹਰਨਾਮ ਸਿੰਘ ਦਾ ਰੁਤਬਾ ਕਿੱਡਾ ਵੱਡਾ ਹੋਵੇਗਾ। ਇਸੇ ਤਰ੍ਹਾਂ ਦਾ ਇਕ ਵਾਕਿਆ ਮੇਰੇ ਨਾਲ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਵਾਪਰਿਆ ਜਦੋਂ ਮੈਂ ਸ੍ਰੀ ਸ਼ਾਮ ਲਾਲ ਕੋਲੋਂ ਕਿਤਾਬਾਂ ਖਰੀਦ ਰਿਹਾ ਸੀ। ਉਹਨਾਂ ਕੋਲ ਸ੍ਰੀ ਸੀ. ਐਲ. ਚੁੰਬਰ ਖੜ੍ਹੇ ਸਨ। ਕਹਿੰਦੇ- ਕਾਕਾ, ਤੂੰ ਕਿੱਥੋਂ? ਮੈਂ ਆਪਣੇ ਪਿੰਡ ਦੇ ਮੌਜੂਦਾ ਚਰਚਿਤ ਜਾਣਕਾਰ ਦਾ ਨਾਂ ਦੱਸਦੇ ਹੋਏ ਕਿਹਾ ਕਿ ਮੈਂ ਉਸ ਦੇ ਸਾਹਰੀ ਪਿੰਡ ਦਾ ਹੀ ਰਹਿਣ ਵਾਲਾ ਹਾਂ। ਉਹ ਤਲਖੀ 'ਚ ਆ ਕੇ ਕਹਿਣ ਲੱਗੇ ਕਿ ਤੂੰ ਏਦਾਂ ਕਿਉਂ ਨੀ ਕਿਹਾ ਬਈ ਮੈਂ ਮਹਾਨ ਗਦਰੀ ਬਾਬੂ ਹਰਨਾਮ ਸਿੰਘ ਸਾਹਰੀ ਦੇ ਪਿੰਡ ਦਾ ਹਾਂ। ਸੁਣ ਕੇ ਮੈਂ ਨਿਰਉਤਰ ਹੋ ਗਿਆ ਮੈਨੂੰ ਕੋਈ ਗੱਲ ਨਾ ਆਹੁੜੀ। ਅਸੀਂ ਸਥਾਨਕ ਲੋਕ ਖਾਸ ਕਰਕੇ ਨੌਜਵਾਨ ਅਤੇ ਬੱਚੇ ਤਾਂ ਇਹਨਾਂ ਦੀ ਸ਼ਹਾਦਤ ਤੋਂ ਬਿਲਕੁਲ ਅਨਜਾਣ ਹਾਂ। ਸਥਾਪਿਤ ਸਰਕਾਰਾਂ ਤਾਂ ਲੋਕ ਨਾਇਕਾਂ ਤੋਂ ਮੂੰਹ ਮੋੜੀ ਖੜ੍ਹੀਆਂ ਹਨ ਪਰ ਸਥਾਨਕ ਲੋਕਾਂ ਨੇ ਕਿਉਂ ਇਹਨਾਂ ਨੂੰ ਮਨੋਂ ਵਿਸਾਰਿਆ ਹੋਇਆ ਹੈ। ਆਪਣੀਆਂ ਖੁਸ਼ੀਆਂ ਖੇੜਿਆਂ ਨੂੰ ਆਪਣੇ ਹੱਥੀਂ ਤੀਲੀ ਲਾ ਕੇ ਖੂਨ ਦਾ ਇਕ ਇਕ ਕਤਰਾ ਦੇਸ਼ ਦੇ ਲੇਖੇ ਲਾਉਣ ਵਾਲੇ ਸ਼ਹੀਦਾਂ ਦੀ ਵਿਰਾਸਤ ਨੂੰ ਅਸੀਂ ਕਿੰਨਾ ਸਾਂਭਿਆ ਹੈ ਅਤੇ ਇਸ ਤੇ ਕਿੰਨਾ ਪਹਿਰਾ ਦਿੱਤਾ ਹੈ ਆਦਿ ਵਿਚਾਰ ਮੇਰੇ ਅੰਦਰ ਖਲਲ ਪਾਉਣ ਲੱਗੇ। ਬੈਠਿਆਂ ਬੈਠਿਆਂ ਮੈਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਮੈਂ ਪੱਚੀ ਸਾਲ ਦਾ ਲੰਬਾ ਅਰਸਾ ਅੱਖ ਦੀ ਝਪਕ ਵਿਚ ਹੀ ਉਲੰਘ ਕੇ ਬਚਪਨ 'ਚ ਜਾ ਪਹੁੰਚਿਆ।

ਪ੍ਰਾਇਮਰੀ ਸਕੂਲ ਜਿਸਨੂੰ ਚੋਅ ਵਾਲਾ ਸਕੂਲ ਕਹਿੰਦੇ ਸਨ ਵਿਚ ਪੜ੍ਹਦਿਆਂ ਅਸੀਂ ਹੋਲੇ ਮੁਹੱਲੇ ਮੌਕੇ ਸਕੂਲ ਦੇ ਖੇਡ ਦੇ ਮੈਦਾਨ ਵਿਚ ਹੁੰਦੀਆਂ ਕਬੱਡੀਆਂ ਸਮੇਂ ਬਾਬੂ ਹਰਨਾਮ ਸਿੰਘ ਦਾ ਨਾਂ ਸੁਣਦੇ ਹੁੰਦੇ ਸੀ। ਛਪੇ ਪੋਸਟਰਾਂ ਉਤੇ ਵੀ ਉਹਨਾਂ ਦਾ ਨਾਂ ਉਕਰਿਆ ਹੁੰਦਾ ਸੀ। ਮੇਲੇ ਵਿਚ ਇਹ ਵੀ ਸੁਣਨ ਨੂੰ ਮਿਲਦਾ ਸੀ ਕਿ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਬਾਬੂ ਹਰਨਾਮ ਸਿੰਘ ਨੇ ਮੋਹਰੀ ਭੂਮਿਕਾ ਨਿਭਾਈ। ਗ੍ਰਿਫ਼ਤਾਰ ਹੋਣ ਉਪਰੰਤ ਅੰਗਰੇਜ਼ੀ ਸਰਕਾਰ ਨੇ ਇਹਨਾਂ ਉਪਰ ਬਹੁਤ ਜ਼ੁਲਮ ਢਾਹੇ ਤੇ ਇਹਨਾਂ ਨੂੰ ਬੇਲਣੇ 'ਚ ਪੀੜ ਕੇ ਮਾਰਿਆ ਸੀ। ਸਾਨੂੰ ਨਿੱਕੇ ਹੁੰਦਿਆਂ ਦੇਸ਼ ਅਤੇ ਸ਼ਹੀਦਾਂ ਬਾਰੇ ਗੱਲਾਂ ਸੁਣਨੀਆਂ ਚੰਗੀਆਂ ਲੱਗਦੀਆਂ। ਅਸੀਂ ਸਾਰਾ ਸਾਲ ਇਸ ਮੇਲੇ ਨੂੰ ਉਡੀਕਦੇ ਰਹਿੰਦੇ। ਮੇਲੇ ਤੋਂ ਬਾਅਦ ਮੈਂ ਆਪਣੇ ਪਿਤਾ ਨਾਲ ਕੰਮ ਧੰਦਾ ਕਰਾਉਂਦਾ ਬਾਬੂ ਹਰਨਾਮ ਸਿੰਘ ਬਾਰੇ ਪੁੱਛ-ਪੜਤਾਲ ਕਰਦਾ। ਜਿੰਨਾ ਕੁ ਉਹਨਾਂ ਨੂੰ ਪਤਾ ਸੀ ਉਹ ਮੈਨੂੰ ਦੱਸ ਕੇ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰਦੇ:



ਡਾ.ਜਸਵੰਤ ਰਾਏ
98158 25999

"ਕਾਕਾ, ਏਹ ਬੀਰ ਹਰਨਾਮ ਸੂੰਹ ਸੂਬੇਦਾਰ ਜੁਗਿੰਦਰ ਸੂੰ ਹੁਰਾਂ ਦੇ ਟੱਬਰ 'ਚੋਂ ਹੋਇਆ ਦੱਸਦੇ ਆਂ। ਏਹ ਭਗਤ ਸੂੰਹ ਬੀਰ ਆਗੂ ਬੜਾ ਬਹਾਦਰ ਸੀ। ਡਰਦਾ ਨੀ ਸੀ ਕਿਸੇ ਕੋਲੋਂ ਵੀ। ਸਾਡਾ ਦੇਸ਼ ਆਜ਼ਾਦ ਕਰਾਇਆ ਏਹਨੇ।"

ਮੈਂ ਚੁੱਪ-ਚਾਪ ਸੁਣਦਾ ਰਹਿੰਦਾ ਪਰ ਮੇਰੇ ਮਨ ਸੰਤੁਸ਼ਟ ਨਾ ਹੁੰਦਾ। ਹੋਲੇ-ਮੁਹੱਲੇ ਦੇ ਮੇਲੇ ਕਰਕੇ ਇਕ ਤਰ੍ਹਾਂ ਨਾਲ ਸਾਲ ਬਾਅਦ ਬਾਬੂ ਹਰਨਾਮ ਸਿੰਘ ਨੂੰ ਯਾਦ ਕਰ ਲਿਆ ਜਾਂਦਾ। ਪਰ ਬਦਕਿਸਮਤ ਨੂੰ ਇਹ ਮੇਲਾ ਜਿਹੜਾ ਸਾਡੀ ਲੋਕਧਾਰਕ ਵਿਰਾਸਤ ਨੂੰ ਸਾਂਭੀ ਬੈਠਾ ਸੀ, ਇਕ ਤਰ੍ਹਾਂ ਨਾਲ ਸ਼ਹੀਦਾਂ ਦੀ ਹਾਜ਼ਰੀ ਲਵਾਉਂਦਾ ਸੀ ਵੀ ਬਾਅਦ ਵਿਚ ਪੰਜਾਬ 'ਚ ਝੁੱਲੀ ਕਾਲੇ ਦਿਨਾਂ ਦੀ ਹਨ੍ਹੇਰੀ ਵਿਚ ਗੁੰਮ-ਗੁਆਚ ਗਿਆ। ਬਾਬੂ ਹਰਨਾਮ ਸਿੰਘ ਦੇ ਨਾਂ ਤੇ ਹੁੰਦਾ ਇਕੋ ਇਕ ਸਮਾਗਮ ਵੀ ਠੱਪ ਹੋ ਕੇ ਰਹਿ ਗਿਆ।

ਅੱਜ ਇੰਨੇ ਚਿਰਾਂ ਬਾਅਦ ਕਹਾਣੀਕਾਰ ਸੰਧੂ ਦੀ ਗੱਲ ਨੇ ਫਿਰ ਸਾਰਾ ਕੁਝ ਤਰੋ-ਤਾਜ਼ਾ ਕਰਵਾ ਦਿੱਤਾ। ਮੇਰੇ ਬਾਲਮਨ ਵਿਚ ਬਾਬੂ ਹਰਨਾਮ ਸਿੰਘ ਦੀ ਸ਼ਹੀਦੀ ਬਾਰੇ ਸੱਚ ਜਾਨਣ ਦੀ ਛੁਪੀ ਬੈਠੀ ਤਾਂਘ ਨੇ ਫਿਰ ਅੰਗੜਾਈ ਲੈ ਲਈ। ਇਨ੍ਹਾਂ ਦਿਨਾਂ ਵਿਚ ਮੇਰੇ ਪੀ. ਐਚ. ਡੀ. ਦੇ ਖੋਜ ਕਾਰਜ ਨੂੰ ਸੰਪੰਨ ਕਰਨ ਦਾ ਕੰਮ ਵੀ ਜ਼ੋਰਾਂ 'ਤੇ ਸੀ। ਖੋਜ ਦਾ ਸੰਕਲਪ ਤਾਂ ਮੇਰੇ ਮਨ-ਮਸਤਕ 'ਚ ਬੈਠਾ ਹੀ ਸੀ ਸੋ ਇਸ ਨਾਲ ਇਕ ਹੋਰ ਵਿਸ਼ਾ ਬਾਬੂ ਹਰਨਾਮ ਸਿੰਘ ਵੀ ਰਲ ਗਿਆ। ਸਹੀ ਸੋਚ ਵਾਲੇ ਲੋਕਾਂ ਦਾ ਮੱਕਾ 'ਦੇਸ਼ ਭਗਤ ਯਾਦਗਾਰ ਹਾਲ' ਜਲੰਧਰ ਵਿਖੇ ਮੇਰੇ ਹਫਤੇ ਦੇ ਇਕ-ਦੋ ਚੱਕਰ ਲੱਗਣ ਲੱਗੇ। ਇੱਥੇ ਲਾਇਬ੍ਰੇਰੀ ਵਿਖੇ ਬਾਬੂ ਹਰਨਾਮ ਸਿੰਘ ਦੀ ਲੱਗੀ ਤਸਵੀਰ ਦੇਖ ਕੇ ਮੈਨੂੰ ਕੰਮ ਕਰਨ ਦੀ ਹੋਰ ਪ੍ਰੇਰਨਾ ਮਿਲੀ। ਗਦਰ ਲਹਿਰ ਨਾਲ ਸਬੰਧਿਤ ਜਿਹੜੀ ਵੀ ਕਿਤਾਬ ਮੇਰੇ ਹੱਥ ਲੱਗਦੀ ਉਹ ਮੈਂ ਖਰੀਦਦਾ ਗਿਆ। ਹਰ ਫੇਰੇ ਵਿਚ ਮੈਂ ਕਿੱਟ ਭਰ-ਭਰ ਕਿਤਾਬਾਂ ਖਰੀਦ ਕੇ ਘਰ ਲਿਆਉਂਦਾ ਗਿਆ। ਇੱਥੇ ਹੀ ਮੇਰਾ ਮੇਲ ਚਰੰਜੀ ਲਾਲ ਕੰਗਣੀਵਾਲ ਨਾਲ ਹੋਇਆ, ਜਿਹੜੇ ਉਨ੍ਹਾਂ ਦਿਨਾਂ ਵਿਚ ਦੁਆਬੇ ਦੇ ਨਕਲੀਆਂ ਤੇ ਕੰਮ ਕਰ ਰਹੇ ਸਨ। ਮੇਰੇ ਨਾਲ ਇਕ-ਦੋ ਫੇਰੇ ਇਹਨਾਂ ਨਕਲੀਆਂ ਦੇ ਗੜ੍ਹ ਪਿਪਲਾਂਵਾਲਾ ਦੇ ਵੀ ਲਾਏ। ਆਉਂਦੇ ਜਾਂਦੇ ਬਾਬੂ ਹਰਨਾਮ ਸਿੰਘ ਬਾਰੇ ਗੱਲਾਂ ਚੱਲਦੀਆਂ ਰਹਿੰਦੀਆਂ। ਚਰੰਜੀ ਲਾਲ ਨੇ ਵੀ ਮੈਨੂੰ ਬਾਬੂ ਹਰਨਾਮ ਸਿੰਘ ਬਾਰੇ ਲਿਖਣ ਲਈ ਕਿਹਾ। ਇਨ੍ਹਾਂ ਨੇ ਮੈਨੂੰ 31 ਅਗਸਤ, 2011 ਨੂੰ 'ਕਿਰਤੀ' ਅਖ਼ਬਾਰ ਵਿਚ ਬਾਬੂ ਹਰਨਾਮ ਸਿੰਘ ਬਾਰੇ ਛਪੀ ਲਿਖਤ ਦੀ ਕਾਪੀ ਦਿੱਤੀ। ਇਹ ਛੋਟੀ ਜਿਹੀ ਲਿਖਤ ਵੀ ਮੇਰੇ ਲਈ ਬਹੁਤ ਉਪਯੋਗੀ ਸਿੱਧ ਹੋਈ।

ਗਦਰ ਲਹਿਰ ਦਾ ਇਤਿਹਾਸ ਅਤੇ ਇਸ ਨਾਲ ਸਬੰਧਤ ਹੋਰ ਬਹੁਤ ਸਾਰੀਆਂ ਕਿਤਾਬਾਂ ਦੇ ਅਧਿਐਨ ਤੋਂ ਬਾਅਦ ਮੇਰੀ 'ਗਦਰ ਲਹਿਰ' ਬਾਰੇ ਚੇਤੰਨਤਾ ਵਿਚ ਤਾਂ ਵਾਧਾ ਹੋ ਰਿਹਾ ਸੀ ਪਰ ਵੱਡੀਆਂ ਵੱਡੀਆਂ ਪੁਸਤਕਾਂ ਵਿਚ ਵੀ ਬਾਬੂ ਹਰਨਾਮ ਸਿੰਘ ਬਾਰੇ ਇਕ-ਅੱਧੀ ਸਤਰ ਜਾਂ ਇਕ-ਅੱਧਾ ਪੈਰ੍ਹਾ ਹੀ ਲਿਖਿਆ ਮਿਲਦਾ ਸੀ। ਮੈਂ ਯੂਨੀਵਰਸਿਟੀਆਂ ਅਤੇ ਨੈੱਟ ਨਾਲ ਸਿਰ-ਖਪਾਈ ਕੀਤੀ ਪਰ ਮੈਨੂੰ ਸੰਤੁਸ਼ਟੀ ਨਾ ਮਿਲੀ। ਕਿਤਾਬਾਂ ਦੇ ਰੈਫਰੈਂਸਾਂ 'ਚੋਂ ਪੜ੍ਹ-ਪੜ੍ਹ ਮੈਂ ਹੋਰ ਕਿਤਾਬਾਂ ਇਕੱਠੀਆਂ ਕੀਤੀਆਂ। ਸੀਤਾ ਰਾਮ ਬਾਂਸਲ ਤੋਂ ਮੈਨੂੰ ਬਰ੍ਹਮਾ ਕਾਂਸਪੀਰੇਸੀ ਕੇਸ ਦੀ ਸਮੁੱਚੀ ਰਿਪੋਰਟ ਅਤੇ 'ਗਦਰ' ਅਖ਼ਬਾਰ ਦੀਆਂ ਕਾਪੀਆਂ ਪ੍ਰਾਪਤ ਹੋਈਆਂ। ਇਹ ਸਾਰੀ ਸਮੱਗਰੀ ਮੇਰੇ ਲਈ ਬਹੁਤ ਕੀਮਤੀ ਸੀ। ਮੈਂ ਨਿੱਠ ਕੇ ਇਸਦੀ ਪੜਚੋਲ ਕਰਨੀ ਸ਼ੁਰੂ ਕਰ ਦਿੱਤੀ।

ਇਕ ਦਿਨ ਮੈਂ ਆਪਣੇ ਘਰ ਲਾਇਬ੍ਰੇਰੀ ਵਿਚ ਬੈਠਾ ਪੜ੍ਹ ਰਿਹਾ ਸੀ। ਰੈਫਰੈਂਸ ਬਾਬੂ ਹਰਨਾਮ ਸਿੰਘ, ਸੋਹਣ ਲਾਲ ਪਾਠਕ ਅਤੇ ਅਮਰ ਸਿੰਘ ਦੁਆਰਾ ਘਣੇ ਜੰਗਲਾਂ ਵਿਚੀਂ ਬਰ੍ਹਮਾ ਨੂੰ ਜਾਣ ਸਮੇਂ ਮੁਹਿੰਮ ਬਾਰੇ ਸਨ। ਮੈਨੂੰ ਬਾਬੂ ਹਰਨਾਮ ਸਿੰਘ ਦਾ ਬਿੰਬ ਸਾਕਾਰ ਰੂਪ ਵਿਚ ਦਿਖਾਈ ਦੇਣ ਲੱਗਾ। ਉਹ ਘਣੇ ਜੰਗਲਾਂ ਵਿਚੀਂ ਦਾਤ ਨਾਲ ਰੁੱਖਾਂ ਦੇ ਟਾਹਣ ਵੱਢ-ਵੱਢ ਰਸਤਾ ਬਣਾਉਂਦੇ ਹੋਏ ਕੰਪਾਸ ਦੀ ਮਦਦ ਨਾਲ ਆਪਣੇ ਦੋਹਾਂ ਗਦਰੀ ਸਾਥੀਆਂ ਦੀ ਅਗਵਾਈ ਕਰ ਰਹੇ ਸਨ। ਨਕਸ਼ਾ ਉਹਨਾਂ ਦੇ ਕੋਲ ਸੀ। ਜਿੱਥੋਂ ਕਿਤੋਂ ਰਸਤੇ ਬਾਰੇ ਉਲਝਣ ਪੈਂਦੀ, ਨਕਸ਼ੇ ਦੀ ਸਹਾਇਤਾ ਲੈ ਲੈਂਦੇ। ਨਦੀ ਕਿਨਾਰੇ ਅੱਤ ਦੇ ਸਿੱਲ੍ਹੇ ਰਸਤੇ ਤੇ ਚੱਲਦਿਆਂ, ਜੋਕਾਂ ਉਹਨਾਂ ਦੀਆਂ ਲੱਤਾਂ ਦੀਆਂ ਪਿੰਨੀਆਂ ਨਾਲ ਚੁੰਬੜ-ਚੁੰਬੜ ਕੇ ਖੂਨ ਪੀ ਰਹੀਆਂ ਸਨ। ਉਹ ਦਾਤ ਨਾਲ ਪਿੰਨੀਆਂ ਤੋਂ ਜੋਕਾਂ ਨੂੰ ਛਿੱਲ-ਛਿੱਲ ਕੇ ਲਾਹੁੰਦੇ ਹੋਏ ਅੱਗੇ ਵੱਧ ਰਹੇ ਸਨ। ਕਈ ਦਿਨਾਂ ਦੇ ਭੁੱਖਣ-ਭਾਣੇ ਤੁਰਦਿਆਂ ਪੈਰ ਪਾਥੀਆਂ ਵਰਗੇ ਹੋ ਗਏ ਸਨ। ਪਰ ਚਿਹਰੇ ਦੇ ਜਲੌਅ ਵਿਚ ਕੋਈ ਫਰਕ ਨਹੀਂ ਸੀ ਪਿਆ। ਇਹ ਸੋਚ ਕੇ ਮੇਰੀਆਂ ਅੱਖਾਂ ਘਰਾਲਾਂ ਵਾਂਗ ਵਗਣ ਲੱਗ ਪਈਆਂ ਕਿ ਪਤਾ ਨਹੀਂ ਕਿਹੋ ਜਿਹੀ ਮਿੱਟੀ ਦੇ ਬਣੇ ਸਨ ਇਹ ਲੋਕ। ਇੰਨੀਆਂ ਤਕਲੀਫਾਂ ਦੇ ਬਾਵਜੂਦ ਵੀ ਨਹੀਂ ਸਨ ਡੋਲਦੇ। ਮੇਰਾ ਮਨ ਕਰਦਾ ਸੀ ਮੈਂ ਕੂਕ-ਕੂਕ ਦੱਸਾਂ ਕਿ ਲੋਕੋ ਦੇਖੋ ਬਾਬੂ ਹਰਨਾਮ ਸਿੰਘ ਦੀ ਕੁਰਬਾਨੀ ਨੂੰ। ਪਰ ਮੇਰੀ ਜ਼ੁਬਾਨ ਠਾਕੀ ਪਈ ਸੀ ਤੇ ਅੱਖਾਂ ਵਗ ਰਹੀਆਂ ਸਨ। ਐਨ ਇਸੇ ਮੌਕੇ ਮੇਰੀ ਬੇਟੀ ਦਰਵਾਜ਼ਾ ਖੋਲ੍ਹ ਕੇ ਸਵਾਲ ਸਮਝਣ ਮੇਰੇ ਕੋਲ ਆਈ। ਮੇਰੇ ਚਿਹਰੇ ਵੱਲ ਦੇਖ ਕੇ ਉਸ ਹੱਥੋਂ ਕਿਤਾਬਾਂ ਡਿੱਗ ਪਈਆਂ ਤੇ ਉਹ ਜ਼ੋਰ ਨਾਲ ਚੀਕੀ-

"ਮੰਮਾ ਜੀ ਦੌੜ ਕੇ ਆਇਓ, ਪਾਪਾ ਨੂੰ ਪਤਾ ਨੀ ਕੀ ਹੋ ਗਿਆ।"

ਪਤਨੀ ਕੱਪੜੇ ਧੋ ਰਹੀ ਸੀ। ਵਾਸ਼ਿੰਗ ਮਸ਼ੀਨ ਬੰਦ ਕਰਕੇ ਭੱਜੀ ਆਈ।

"ਕੀ ਹੋਇਆ ਤੁਹਾਨੂੰ?"

"ਕੁਝ ਨੀ। ਬੱਸ ਆਹ ਬਾਬੂ ਹਰਨਾਮ ਸਿੰਘ ਬਾਰੇ ਪੜ੍ਹ ਰਿਹਾ ਸੀ।"

ਮੇਰੇ ਕੋਲੋਂ ਇੰਨਾ ਕੁ ਬੋਲ ਹੋਇਆ। ਉਹ ਮੇਰੇ ਲਈ ਛੇਤੀ ਨਾਲ ਪਾਣੀ ਦਾ ਗਿਲਾਸ ਲੈ ਕੇ ਆਈ। ਮੈਂ ਕਈ ਦੇਰ ਬਾਅਦ ਆਮ ਵਾਂਗ ਹੋਇਆ, ਮਨ ਵਿਚ ਇਹ ਫੈਸਲਾ ਕਰਕੇ ਕਿ ਬਾਬੂ ਜੀ ਅਸੀਂ ਜ਼ਿੰਦਾ ਰੱਖਾਂਗੇ ਤੁਹਾਨੂੰ। ਹੁਣ ਤੁਸੀਂ ਸਿਰਫ ਆਪਣੇ ਟੱਬਰ ਤੱਕ ਸੀਮਿਤ ਨਹੀਂ ਰਹੇ। ਤੁਸੀਂ ਸਾਡੇ ਸਾਰਿਆਂ ਦੀ ਸਾਂਝੀ ਵਿਰਾਸਤ ਹੋ।

ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਚਾਂਦ ਫਾਂਸੀ ਅੰਕ ਨਵੰਬਰ 1928 ਵਿਚ ਜਿਹੜੇ ਸ਼ਹੀਦਾਂ ਦੀਆਂ ਜੀਵਨੀਆਂ ਛਾਪੀਆਂ ਉਹਨਾਂ ਵਿਚ ਸ਼ਹੀਦ ਬਾਬੂ ਹਰਨਾਮ ਸਿੰਘ ਦੀ ਸਾਢੇ ਤਿੰਨ ਪੰਨਿਆਂ ਦੀ ਜੀਵਨੀ ਵੀ ਅਗਿਆਤ ਨਾਂ ਹੇਠ ਦਰਜ ਹੈ। ਚਾਂਦ ਫਾਂਸੀ ਅੰਕ ਇਕ ਇਤਿਹਾਸਕ ਦਸਤਾਵੇਜ਼ ਬਣ ਗਿਆ ਸੀ। ਇਸ ਅੰਕ ਵਿਚ ਸਿਰਲੱਥ ਯੋਧਿਆਂ ਦੀਆਂ ਜੀਵਨੀਆਂ ਨੂੰ ਸ਼ਾਮਿਲ ਕਰਨਾ ਅਤੇ ਇਸ ਅੰਕ ਨੂੰ ਦੇਸ਼ ਦੇ ਕੋਨੇ ਕੋਨੇ ਤੱਕ ਲੈ ਕੇ ਜਾਣ ਦਾ ਅਸਲ ਮਕਸਦ ਅਵਾਮ ਦੇ ਮਨ ਵਿਚ ਆਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕਰਨਾ ਸੀ। ਚਾਂਦ ਫਾਂਸੀ ਅੰਕ ਦੀ ਮਹੱਤਤਾ ਦਾ ਇੱਥੋਂ ਪਤਾ ਲੱਗਦਾ ਹੈ ਕਿ ਸੂਹ ਮਿਲਦਿਆਂ ਹੀ ਅੰਗਰੇਜ਼ੀ ਹਕੂਮਤ ਨੇ ਇਸ ਅੰਕ ਨੂੰ ਜ਼ਬਤ ਕਰਨ ਦਾ ਹੁਕਮ ਚਾੜ੍ਹ ਦਿੱਤਾ ਸੀ। ਪਰ ਉਸ ਸਮੇਂ ਤੱਕ ਇਸਦੀਆਂ ਬਹੁਤ ਸਾਰੀਆਂ ਕਾਪੀਆਂ ਲੋਕਾਂ ਦੇ ਹੱਥ ਲੱਗ ਚੁੱਕੀਆਂ ਸਨ। ਸ਼ਹੀਦ ਬਾਬੂ ਹਰਨਾਮ ਸਿੰਘ ਤੇ ਉਸਦੇ ਅਹਿਮ ਸਾਥੀਆਂ ਭਾਈ ਭਾਗ ਸਿੰਘ ਭਿਖੀਵਿੰਡ, ਭਾਈ ਬਲਵੰਤ ਸਿੰਘ ਖੁਰਦਪੁਰ, ਭਾਈ ਬਤਨ ਸਿੰਘ ਕਾਹਰੀ ਅਤੇ ਸੋਹਣ ਲਾਲ ਪਾਠਕ ਦੀਆਂ ਤਸਵੀਰਾਂ ਵੀ ਚਾਂਦ ਫਾਂਸੀ ਅੰਕ ਵਿਚ ਛਪੀਆਂ ਸਨ। ਸ਼ਹੀਦ ਭਗਤ ਸਿੰਘ ਦੇ ਸਾਂਡਰਸ ਕਤਲ ਕੇਸ ਵਿਚ ਚਾਂਦ ਫਾਂਸੀ ਅੰਕ ਦਾ ਅਦਾਲਤ ਵਿਚ ਵਾਰ ਵਾਰ ਜ਼ਿਕਰ ਆਉਂਦਾ ਸੀ। ਸ਼ਹੀਦ ਭਗਤ ਸਿੰਘ ਬਾਬੂ ਹਰਨਾਮ ਸਿੰਘ ਵਰਗੇ ਗਦਰੀਆਂ ਅਤੇ ਬੱਬਰਾਂ ਦੀ ਪੈਦਾਇਸ਼ ਸੀ।

ਯੂਰਪ ਦੀ ਧਰਤੀ ਉਤੇ ਪ੍ਰੈਸ ਅਤੇ ਅਖ਼ਬਾਰ ਦੀਆਂ ਜੜ੍ਹਾਂ ਲਾਉਣ ਵਾਲੇ ਬਾਬੂ ਹਰਨਾਮ ਸਿੰਘ ਸਨ। ਗੁਰਮੁਖੀ ਵਿਚ ਕੰਮ ਕਰਨ ਅਤੇ ਯੂਰਪ ਵਿਚ ਪਹਿਲੇ ਪੰਜਾਬੀ ਜਰਨਲਿਸਟ ਹੋਣ ਦਾ ਤਾਜ ਵੀ ਇਹਨਾਂ ਦੇ ਸਿਰ ਸੱਜਦਾ ਹੈ। ਪ੍ਰੈਸ ਅਤੇ ਅਖ਼ਬਾਰ ਦੀ ਮਹੱਤਤਾ ਤੋਂ ਜਾਣੂ ਹੋਣ ਕਰਕੇ ਹੀ ਇਹਨਾਂ ਨੇ 'ਸਵਦੇਸ਼ ਸੇਵਕ' ਅਖ਼ਬਾਰ ਕੱਢਣੀ ਸ਼ੁਰੂ ਕੀਤੀ ਸੀ। 'ਸਵਦੇਸ਼ ਸੇਵਕ' ਅਖ਼ਬਾਰ ਨੇ ਥੋੜ੍ਹੇ ਸਮੇਂ ਵਿਚ ਹੀ ਅੰਗਰੇਜ਼ੀ ਪ੍ਰਸ਼ਾਸਨ ਦੇ ਪੈਰਾਂ ਥੱਲੇ ਅੱਗ ਮਚਾ ਦਿੱਤੀ ਸੀ। ਭਾਰਤ ਵਿਚ ਤਾਂ 'ਸਵਦੇਸ਼ ਸੇਵਕ' ਦੇ ਆਉਣ ਤੇ ਮੁਕੰਮਲ ਰੋਕ ਲਗਾ ਦਿੱਤੀ ਗਈ ਸੀ ਅਤੇ ਵਿਦੇਸ਼ੀ ਧਰਤੀ ਤੇ ਰੋਕ ਲਗਾਉਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾਉਣੇ ਸ਼ੁਰੂ ਕਰ ਦਿੱਤੇ ਗਏ ਸਨ। ਇਹ ਮੇਰੀ ਬਦਕਿਸਮਤੀ ਹੈ ਕਿ ਖੋਜ ਕਰਨ ਦੇ ਬਾਵਜੂਦ ਵੀ ਮੈਨੂੰ 'ਸਵਦੇਸ਼ ਸੇਵਕ' ਦੀ ਕੋਈ ਕਾਪੀ ਪ੍ਰਾਪਤ ਨਾ ਹੋ ਸਕੀ। ਹੋ ਸਕਦਾ ਹੈ ਜ਼ਬਤ ਹੋ ਜਾਣਾ ਉਪਰੰਤ ਜਿਹੜੇ ਕੁਝ ਅੰਕ ਬਾਬੂ ਹਰਨਾਮ ਸਿੰਘ ਹੁਰਾਂ ਕੋਲ ਹੋਣ ਉਹ ਵੀ ਤਬਾਹ ਕਰ ਦਿੱਤੇ ਗਏ ਹੋਣ ਤਾਂ ਕਿ ਪੁਲਿਸ ਹੱਥ ਆਜ਼ਾਦੀ ਦੀ ਲਹਿਰ ਨਾਲ ਸਬੰਧਤ ਹੋਰ ਭੇਤ ਨਾ ਲੱਗ ਜਾਣ। ਬਾਬੂ ਹਰਨਾਮ ਸਿੰਘ ਦਾ ਆਪਣੇ ਬਾਰੇ ਲਿਖਿਆ ਕੋਈ ਕਥਨ ਵੀ ਨਹੀਂ ਮਿਲਦਾ। ਨਾ ਹੀ ਇਹਨਾਂ ਦੇ ਕੁਨਬੇ ਕੋਲ ਕੋਈ ਲਿਖਤੀ ਸੂਚਨਾ ਉਪਲਬਧ ਹੈ।

ਸ਼ਹੀਦ ਬਾਬੂ ਹਰਨਾਮ ਸਿੰਘ ਦੇ ਆਰ-ਪਰਿਵਾਰ ਨੂੰ ਮੈਂ ਅਕਸਰ ਮਿਲਦਾ ਰਿਹਾ ਤਾਂ ਕਿ ਕੋਈ ਲਿਖਤੀ ਜਾਣਕਾਰੀ ਉਪਲਬਧ ਹੋ ਸਕੇ। ਮੇਰਾ ਮਨ ਸੀ ਮੈਨੂੰ ਬਾਬੂ ਹਰਨਾਮ ਸਿੰਘ ਦੀ ਧਰਮ ਪਤਨੀ ਬੀਬੀ ਰਾਅ ਕੌਰ ਦੀ ਤਸਵੀਰ ਮਿਲ ਜਾਂਦੀ। ਪਰ ਏਦਾਂ ਹੋ ਨਹੀਂ ਸਕਿਆ। ਉਨ੍ਹਾਂ ਦੇ ਪੋਤਰੇ ਲਗਦੇ ਸ. ਹਰਭਜਨ ਸਿੰਘ ਨਾਲ ਜਦੋਂ ਉਹਨਾਂ ਦੀ ਸ਼ਹੀਦੀ ਬਾਰੇ ਗੱਲ ਛੇੜੀ ਤਾਂ ਉਹਦਾ ਗੱਚ ਭਰ ਆਇਆ। ਉਸਨੇ ਕਿਹਾ ਕਿ ਛੋਟੇ ਹੁੰਦਿਆਂ ਮੈਂ ਦਾਦੀ ਰਾਅ ਕੌਰ ਨੂੰ ਸਿਰਫ ਦੇਖਿਆ ਹੀ ਨਹੀਂ ਸਗੋਂ ਉਸਦਾ ਪਿਆਰ ਵੀ ਮਾਣਿਆ ਹੈ। ਉਨ੍ਹਾਂ ਦਿਨਾਂ ਵਿਚ ਫੋਟੋ ਖਿੱਚਣ ਦਾ ਰਿਵਾਜ ਕਿੱਥੇ ਸੀ। ਜੇਕਰ ਹੁੰਦਾ ਤਾਂ ਸਾਡੇ ਕੋਲ ਦਾਦੀ ਰਾਅ ਕੌਰ ਦੀ ਕੋਈ ਨਾ ਕੋਈ ਤਸਵੀਰ ਜ਼ਰੂਰ ਹੁੰਦੀ। ਬਾਬੂ ਹਰਨਾਮ ਸਿੰਘ ਦੀਆਂ ਤਸਵੀਰਾਂ ਸਾਡੇ ਕੋਲ ਹਨ। ਮੈਂ ਛੋਟੇ ਹੁੰਦੇ ਨੇ ਉਨ੍ਹਾਂ ਬਜ਼ੁਰਗਾਂ ਕੋਲੋਂ ਆਪ ਕਈ ਗੱਲਾਂ-ਬਾਤਾਂ ਸੁਣੀਆਂ ਹਨ ਜਿਹਨਾਂ ਨੇ ਬਾਬੂ ਹਰਨਾਮ ਸਿੰਘ ਨਾਲ ਬਚਪਨ ਦੇ ਪਲ ਗੁਜ਼ਾਰੇ ਹਨ। ਉਨ੍ਹਾਂ ਬਜ਼ੁਰਗਾਂ 'ਚੋਂ ਇਕ ਬਜ਼ੁਰਗ ਸੀ ਧੰਨਾ ਸਿੰਘ ਮਿਸਤਰੀ।

ਧੰਨਾ ਸਿੰਘ ਮਿਸਤਰੀ ਦੱਸਦਾ ਕਿ ਹਰਨਾਮ ਸੂੰਹ ਨੇ ਘੋੜੀ ਰੱਖੀ ਹੁੰਦੀ ਸੀ। ਉਹ ਘੋੜ-ਸਵਾਰੀ ਕਰਨ ਦਾ ਬਹੁਤ ਸ਼ੌਕੀਨ ਸੀ। ਤਕਾਲਾਂ ਨੂੰ ਕੰਮ-ਕਾਰ ਤੋਂ ਵਿਹਲਾ ਹੋ ਕੇ ਘੋੜੀ ਦੌੜਾਉਂਦਾ ਹੁੰਦਾ ਸੀ। ਸਾਨੂੰ ਚਿੰਗੜਪੋਟ ਨੂੰ ਵੀ ਕੱਠਿਆਂ ਕਰਕੇ ਨਾਲ ਲੈ ਜਾਣਾ। ਇਕ ਦਿਨ ਸਾਨੂੰ ਕਹਿੰਦਾ ਅਖੇ ਤੁਸੀਂ ਸਾਰੇ ਜਣੇ ਘੋੜੀ ਦੇ ਨਾਲ-ਨਾਲ ਦੌੜੋ। ਅਸੀਂ ਦੌੜ ਪਏ। ਦੌੜੇ ਜਾਂਦੇ ਦੇ ਮੇਰੇ ਪੈਰ ਵਿਚ ਥੋਹਰ ਦਾ ਕੰਡਾ ਲੱਗ ਗਿਆ। ਬੜੀ ਦਰਦ ਹੋਣ ਲੱਗ ਪਈ। ਮੈਥੋਂ ਦਰਦ ਬਰਦਾਸ਼ਤ ਨਾ ਹੋਈ ਤੇ ਮੈਂ ਰੋਣ ਲੱਗ ਗਿਆ। ਹਰਨਾਮ ਸੂੰਹ ਘੋੜੀ ਮੋੜ ਕੇ ਲੈ ਆਇਆ। ਕਹਿੰਦਾ-ਓਏ ਮਿਸਤਰੀ ਤਾਂ ਬੜੇ ਕਰੜੇ ਹੁੰਦੇ ਆਂ। ਪਰਵਾਹ ਨੀ ਕਰਦੇ ਦੁਖ ਤਕਲੀਫ਼ ਦੀ। ਤੂੰ ਕੰਡਾ ਲੱਗੇ ਤੋਂ ਰੋਣ ਲੱਗ ਪਿਆ। ਉਨ੍ਹੇ ਉਦੋਂ ਹੀ ਜੇਬ 'ਚੋਂ ਦੋ ਮੋਰੀ ਵਾਲੇ ਨਿੱਕੇ ਪੈਸੇ ਕੱਢੇ। ਉਹਨਾਂ ਨੂੰ ਜੋੜ ਕੇ ਕੰਡਾ ਬੂਥੀ ਤੋਂ ਫੜਿਆ ਤੇ ਕੱਢ ਕੇ ਅਹੁ ਮਾਰਿਆ ਬਾਹਰ। ਨਾਲੇ ਕਹਿੰਦਾ- ਲੈ ਕੰਡਾ ਨਿਕਲ ਗਿਆ। ਹੁਣ ਦੌੜ ਘੋੜੀ ਦੇ ਨਾਲ ਨਾਲ। ਮੈਂ ਫਿਰ ਦੌੜਨ ਲੱਗ ਪਿਆ। ਉਹਨੂੰ ਘੁਟਵੀਂ ਮੋਹਰੀ ਵਾਲੀ ਪਤਲੂਨ ਬੜੀ ਪਸੰਦ ਸੀ। ਇਹੋ ਪਤਲੂਨ ਤੇ ਉੱਚੀ ਅੱਡੀ ਵਾਲੀ ਗੁਰਗਾਬੀ ਪਹਿਨ ਕੇ ਅੱਖ ਦੇ ਫੋਰ 'ਚ ਪਲਾਕੀ ਮਾਰ ਕੇ ਘੋੜੀ ਤੇ ਜਾ ਚੜ੍ਹਦਾ। ਤੇਜ਼ ਤਰਾਰ ਬਹੁਤ ਸੀ। ਉਹ ਭਰਤੀ ਵੀ ਘੋੜ ਸਵਾਰ ਰਸਾਲੇ ਵਿਚ ਈ ਹੋਇਆ ਸੀ।

ਦੂਜੀ ਗੱਲ ਮੈਨੂੰ ਜਗਦੀਸ਼ ਨਾਈ ਦੀ ਯਾਦ ਆ। ਜਦੋਂ ਵੀ ਅਸੀਂ ਉਸਦੀ ਦੁਕਾਨ ਤੇ ਜਾਂਦੇ ਉਹ ਬਾਬੂ ਹਰਨਾਮ ਸਿੰਘ ਦੀਆਂ ਗੱਲਾਂ ਛੇੜ ਬਹਿੰਦਾ। ਜਗਦੀਸ਼ ਦੱਸਦਾ ਬਈ ਮੈਂ ਇਕ ਦਫਾ ਮਾਲਵੇ ਗੱਡੀ ਵਿਚ ਸਫਰ ਕਰ ਰਿਹਾ ਸੀ। ਭੀੜ ਬਹੁਤ ਸੀ ਗੱਡੀ ਵਿਚ। ਤਿਲ ਸੁੱਟਣ ਨੂੰ ਵੀ ਜਗ੍ਹਾ ਨਹੀਂ ਸੀ। ਮੈਂ ਮੁਸ਼ਕਿਲ ਨਾਲ ਖੜ੍ਹਾ ਸੀ। ਮੇਰੇ ਲਾਗਲੀ ਸੀਟ ਤੇ ਤਿੰਨ ਸਰਦਾਰ ਆਰਾਮ ਨਾਲ ਬੈਠੇ ਹਾਸਾ-ਠੱਠਾ ਕਰ ਰਹੇ ਸੀ। ਘੰਟੇ ਕੁ ਬਾਅਦ ਉਨ੍ਹਾਂ ਮੈਥੋਂ ਪੁੱਛਿਆ- ਭਾਈ ਤੂੰ ਕਿੱਥੋਂ ਏਂ? ਮੈਂ ਆਖਿਆ ਕਾਹਰੀ-ਸਾਹਰੀ। ਕਾਹਰੀ-ਸਾਹਰੀ ਦਾ ਨਾਂ ਸੁਣ ਕੇ ਉਨ੍ਹਾਂ ਦੇ ਚਿਹਰੇ ਗੰਭੀਰ ਹੋ ਗਏ। ਉਨ੍ਹਾਂ ਇਕ ਦੂਜੇ ਵੱਲ ਦੇਖਿਆ ਤੇ ਸੀਟ ਤੋਂ ਉੱਠ ਖੜ੍ਹੇ ਹੋਏ। ਇਕ ਨੇ ਉਪਰੋਂ ਪੜਛੱਤੀ ਤੋਂ ਕੰਬਲ ਲਾਹਿਆ ਅਤੇ ਉਸਨੂੰ ਚਹੁਰਾ ਕਰਕੇ ਸੀਟ ਤੇ ਵਿਛਾ ਦਿੱਤਾ। ਹੱਥਾਂ ਦੀਆਂ ਤਲੀਆਂ ਨਾਲ ਕੰਬਲ ਦੀਆਂ ਸੱਲੀਆਂ ਕੱਢਦੇ ਹੋਏ ਕਹਿੰਦੇ- ਭਾਈ ਤੂੰ ਇੱਥੇ ਬੈਠ ਅਸੀਂ ਖੜ੍ਹਦੇ ਹਾਂ। ਮੈਂ ਕਿਹਾ ਭਾਜੀ ਇੰਨਾ ਪਰਉਪਕਾਰ ਕਿਉਂ। ਕਹਿੰਦੇ ਭਾਈ ਤੂੰ ਬਾਬੂ ਹਰਨਾਮ ਸਿੰਘ ਦੇ ਪਿੰਡ ਦਾ ਏਂ ਇਸ ਕਰਕੇ। ਮਾਫ ਕਰੀਂ ਤੈਨੂੰ ਐਨਾ ਚਿਰ ਸਾਡੇ ਕੋਲ ਖੜ੍ਹਨਾ ਪਿਆ। ਉਸ ਪਿੰਡ ਦਾ ਤੇ ਜੇ ਸਾਨੂੰ ਜਾਨਵਰ ਵੀ ਮਿਲੇ ਤਾਂ ਅਸੀਂ ਉਸਨੂੰ ਵੀ ਹੱਥਾਂ ਤੇ ਚੁੱਕ ਲਈਏ ਤੂੰ ਤਾਂ ਫਿਰ ਵੀ ਇਨਸਾਨ ਏਂ। ਬੜੀ ਮਦਦ ਕੀਤੀ ਸੀ ਬਾਬੂ ਹਰਨਾਮ ਸਿੰਘ ਨੇ ਸਾਡੀ ਵੈਨਕੂਵਰ 'ਚ। ਜੇ ਉਹ ਨਾ ਹੁੰਦੇ ਤਾਂ ਅੰਬੈਸੀ ਵਾਲਿਆਂ ਨੇ ਸਾਨੂੰ ਅੰਦਰ ਡੱਕ ਦੇਣਾ ਸੀ। ਅੱਜ ਉਹਦੇ ਕਰਕੇ ਅਸੀਂ ਜਿਊਂਦੇ ਆਂ। ਇਹ ਗੱਲ ਦੱਸਦਿਆਂ ਹਰਭਜਨ ਸਿੰਘ ਦੀ ਆਵਾਜ਼ ਭਰੜਾ ਗਈ। ਐਨਕ ਦੇ ਸ਼ੀਸ਼ੇ ਸਾਫ ਕਰਦਿਆਂ ਉਸਨੇ ਅੱਗੇ ਦੱਸਣਾ ਸ਼ੁਰੂ ਕੀਤਾ।

ਬਾਪੂ ਹੋਰੀਂ ਦੱਸਦੇ ਸੀ ਕਿ ਸਾਨੂੰ ਹਰਨਾਮ ਸੂੰਹ ਦੀ ਚਿੱਠੀ ਘੱਟ ਵੱਧ ਹੀ ਆਉਂਦੀ ਸੀ। ਉਸਦਾ ਆਪਣੇ ਚਾਚੇ ਨੱਥਾ ਸਿੰਘ ਨਾਲ ਚਿੱਠੀ ਪੱਤਰ ਹੁੰਦਾ ਰਹਿੰਦਾ ਸੀ। ਜਦੋਂ ਬਾਬੂ ਹਰਨਾਮ ਸਿੰਘ ਨੂੰ ਫਾਂਸੀ ਹੋਣੀ ਸੀ ਤਾਂ ਬਰ੍ਹਮਾ ਤੋਂ ਪੰਜਾਬ-ਹੁਸ਼ਿਆਰਪੁਰ ਨੂੰ ਪੁਲਿਸ ਦੀਆਂ ਤਾਰਾਂ ਖੜਕ ਪਈਆਂ। ਤਿੰਨ-ਚਾਰ ਪੁਲਿਸ ਵਾਲੇ ਪਛਾਣ ਮੁਜਬ ਉਸਦੀ ਫੋਟੋ ਲੈ ਕੇ ਸਾਡੇ ਘਰ ਆਏ। ਆ ਕੇ ਆਖਣ ਲੱਗੇ ਅਖੇ ਬਾਬੂ ਹਰਨਾਮ ਸਿੰਘ ਦਾ ਬਰ੍ਹਮਾ ਵਿਚ ਐਕਸੀਡੈਂਟ ਹੋ ਗਿਆ ਹੈ। ਲੋਕ ਸਾਡੇ ਘਰ ਇਕੱਠੇ ਹੋਣੇ ਸ਼ੁਰੂ ਹੋ ਗਏ। ਜਦੋਂ ਬੁੜੀਆਂ ਨੂੰ ਪਤਾ ਲੱਗਾ ਤਾਂ ਉਹ ਬਾਬੂ ਹਰਨਾਮ ਸਿੰਘ ਦੀ ਫੋਟੋ ਦੇਖ ਕੇ ਰੋਣ ਲੱਗ ਪਈਆਂ। ਪੁਲਿਸ ਵਾਲੇ ਜਿਨ੍ਹਾਂ ਨਾਲ ਇਕ ਅੰਗਰੇਜ਼ ਅਫਸਰ ਵੀ ਸੀ ਇਕ ਪਾਸੇ ਹੋ ਕੇ ਘੁਸਰ-ਮੁਸਰ ਕਰਨ ਲੱਗ ਪਏ। ਸ਼ਾਇਦ ਉਹ ਇਹ ਪਤਾ ਕਰਨ ਆਏ ਸਨ ਕਿ ਬਾਬੂ ਹਰਨਾਮ ਸਿੰਘ ਸੱਚ-ਮੁੱਚ ਸਾਹਰੀ ਪਿੰਡ ਦਾ ਹੀ ਹੈ ਜਾਂ ਕਿਧਰੇ ਕਿਸੇ ਹੋਰ ਇਲਾਕੇ ਦਾ ਹੈ। ਆਪਣੀ ਤਸੱਲੀ ਕਰਕੇ ਉਹ ਤੁਰਦੇ ਬਣੇ ਸਨ। ਲੰਬਾ ਸਾਹ ਭਰਦਿਆਂ ਹਰਭਜਨ ਸਿੰਘ ਹੋਰੀਂ ਸੋਫੇ ਤੋਂ ਉੱਠ ਖਲੋਤੇ ਇਹ ਕਹਿੰਦਿਆਂ ਕਿ ਮੈਂ ਤੁਹਾਡੇ ਲਈ ਕੁਝ ਖਾਣ-ਪੀਣ ਨੂੰ ਲੈ ਕੇ ਆਉਂਦਾ। ਮੈਂ ਉਨ੍ਹਾਂ ਦਾ ਹੱਥ ਫੜ ਕੇ ਫਿਰ ਬਿਠਾ ਲਿਆ ਅਤੇ ਕਿਹਾ ਕਿ ਮੈਨੂੰ ਖਾਣ ਪੀਣ ਦੀ ਕੋਈ ਇੱਛਾ ਨਹੀਂ। ਆਪਾਂ ਗੱਲਾਂ ਕਰਦੇ ਹਾਂ। ਮੈਂ ਵੀ ਬਾਬੂ ਹਰਨਾਮ ਸਿੰਘ ਬਾਰੇ ਕੁਝ ਅਹਿਮ ਘਟਨਾਵਾਂ ਉਨ੍ਹਾਂ ਨਾਲ ਸਾਂਝੀਆਂ ਕੀਤੀਆਂ। ਹਰਭਜਨ ਸਿੰਘ ਦੀਆਂ ਅੱਖਾਂ ਵਿਚ ਨਮੀ ਸੀ। ਕੁਝ ਯਾਦ ਕਰਦਿਆਂ ਉਨ੍ਹਾਂ ਗੱਲਾਂ ਦੀ ਲੜੀ ਨੂੰ ਹੋਰ ਅੱਗੇ ਤੋਰਦਿਆਂ ਕਿਹਾ-

ਬਾਪੂ ਹੋਰੀਂ ਦੱਸਦੇ ਸੀ ਕਿ ਫਾਂਸੀ ਤੋਂ ਬਾਅਦ

(ਬਾਕੀ ਅਗਲੇ ਸਫੇ ਤੇ)

# ਡਾ. ਰਾਮ ਮੂਰਤੀ ਦਾ ਪਲੇਠਾ ਨਾਵਲ 'ਕਥਾ ਬਿਖੜੇ ਰਾਹਾਂ ਦੀ' ਲੋਕ ਅਰਪਿਤ

**ਜਲੰਧਰ (ਸੰਤੋਖ ਪੰਨੂੰ)**– ਪਿੰਡ ਸੰਘੇ ਖ਼ਾਲਸਾ ਵਿਖੇ ਹੋਏ ਸੱਭਿਆਚਾਰਕ ਅਤੇ ਨਾਟਕ ਮੇਲੇ ਦੌਰਾਨ ਉੱਘੇ ਲੇਖਕ ਡਾ. ਰਾਮ ਮੂਰਤੀ ਦਾ ਪਲੇਠਾ ਨਾਵਲ 'ਕਥਾ ਬਿਖੜੇ ਰਾਹਾਂ ਦੀ' ਲੋਕ ਅਰਪਿਤ ਕੀਤਾ ਗਿਆ।



ਡਾ. ਰਾਮ ਮੂਰਤੀ ਨੇ ਦੱਸਿਆ ਕਿ ਇਹ ਨਾਵਲ ਪਿੰਡ ਸੰਘੇ ਖ਼ਾਲਸਾ ਵਿੱਚ ਸਮਾਜ-ਸੁਧਾਰ ਦੇ ਹੋ ਰਹੇ ਕਾਰਜਾਂ ਤੋਂ ਪ੍ਰੇਰਿਤ ਹੋ ਕੇ ਲਿਖਿਆ ਗਿਆ ਹੈ ਅਤੇ ਇਹ ਪ੍ਰਵਾਸੀ ਪੰਜਾਬੀਆਂ ਦੀ ਇੰਗਲੈਂਡ ਦੀ ਧਰਤੀ 'ਤੇ ਕੀਤੀ ਸਖ਼ਤ ਮੁਸ਼ੱਕਤ ਨਸਲੀ ਵਿਤਕਰੇ ਅਤੇ ਉੱਥੇ ਕੀਤੀ ਤਰੱਕੀ ਦਾ ਅਸਲਵਾਦੀ ਬਿਰਤਾਂਤ ਵੀ ਸਿਰਜਦਾ ਹੈ। ਇਸ ਦੇ ਨਾਲ-ਨਾਲ ਪੰਜਾਬ ਦੀ ਧਰਤੀ 'ਤੇ ਆ ਕੇ ਜਿਹੜੇ ਪ੍ਰਵਾਸੀ ਪੰਜਾਬੀ ਏਥੇ ਸਮਾਜ-ਸੁਧਾਰ ਦਾ ਬੀੜਾ ਚੁੱਕਦੇ ਹਨ ਤੇ ਆਪਣੇ ਹੀ ਲੋਕਾਂ ਹੱਥੋਂ ਕਿਵੇਂ ਖੱਜਲ-ਖੁਆਰ ਹੁੰਦੇ ਹਨ ਇਸ ਦੀ ਬਾਤ ਵੀ ਇਹ ਨਾਵਕ ਪਾਉਂਦਾ ਹੈ। ਪ੍ਰਿੰਸੀਪਾਲ ਕੁਲਵਿੰਦਰ ਸਿੰਘ ਸਰਾਏ ਨੇ ਇਸ ਨਾਵਲ ਨੂੰ ਇੱਕ ਇਤਿਹਾਸਕ ਨਾਵਲ ਵੀ ਦੱਸਿਆ ਜੋ ਧਰਤੀ ਉੱਪਰ ਹੋ ਰਹੇ ਕਾਰਜਾਂ ਦੀ ਕਹਾਣੀ ਦੱਸਦਾ ਹੈ। ਕੰਗ ਨਿਰਵਾਣਾ ਜੇਜੋਂ ਦੇ ਐਮ. ਡੀ. ਸ੍ਰੀ ਅਜਮੇਰ ਕੰਗ ਨੇ ਕਿਹਾ ਕਿ ਇਸ ਨਾਵਲ ਨੂੰ ਦੇਖ ਪੜ੍ਹ ਕੇ ਸਾਡੇ ਬਚਪਨ ਦੀਆਂ ਯਾਦਾਂ ਤਾਜ਼ੀਆਂ ਹੋ ਗਈਆਂ ਹਨ।

ਇਸ ਨਾਵਲ ਨੂੰ ਲੋਕ ਅਰਪਣ ਕਰਨ ਦੀ ਰਸਮ ਸਰਬ ਸ੍ਰੀ ਕਾਮਰੇਡ ਕੁਲਦੀਪ ਸਿੰਘ ਚੀਮਾ, ਡਾ. ਰਾਮ ਮੂਰਤੀ, ਸੰਤੋਖ ਸਿੰਘ ਸੰਘਾ, ਅਜਮੇਰ ਕੰਗ, ਨਵਾਂ ਜ਼ਮਾਨਾਂ ਦੇ ਮੁੱਖ ਸੰਪਾਦਕ ਸ੍ਰੀ ਜਤਿੰਦਰ ਪੰਨੂੰ, ਸਰਬਜੀਤ ਸਿੰਘ ਕਨੇਡਾ, ਦਰਸ਼ਨ ਸਿੰਘ ਰੰਧਾਵਾ, ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ, ਮਨੁੱਖੀ ਅਧਿਕਾਰ ਮੰਚ ਦੇ ਕੌਮੀ ਪ੍ਰਧਾਨ ਡਾ. ਜੇ. ਐਸ. ਖੇੜਾ, ਸੁਰਜੀਤ ਸਿੰਘ ਜੀਤਾ, ਡਾ. ਨਰਿੰਦਰ ਸਿੰਘ ਕੰਗ, ਡਾ. ਆਸਾ ਸਿੰਘ ਘੁੰਮਣ, ਸੂਬੇਦਾਰ ਰਤਨ ਸਿੰਘ, ਪਰਮਜੀਤ ਆਦਿ ਪਤਵੰਤਿਆਂ ਨੇ ਲੋਕ ਅਰਪਿਤ ਕੀਤਾ ਤੇ ਡਾ. ਰਾਮ ਮੂਰਤੀ ਨੂੰ ਵਧਾਈ ਦਿੱਤੀ। ਇਹ ਸਮਾਗਮ ਪ੍ਰਸਿੱਧ ਵਾਤਾਵਰਣ ਪ੍ਰੇਮੀ ਡਾ. ਨਰਿੰਦਰ ਸਿੰਘ ਕੰਗ ਨੂੰ ਸਵ. ਸਤਨਾਮ ਸਿੰਘ ਰੰਧਾਵਾ ਯਾਦਗਾਰੀ ਅਵਾਰਡ ਪ੍ਰਦਾਨ ਕਰਨ ਹਿੱਤ ਰਚਾਇਆ ਗਿਆ ਸੀ। ਇਸ ਸਮਾਗਮ ਵਿੱਚ ਲੋਕ ਰੰਗ ਮੰਚ ਜੀਰਾ ਦੀ ਟੀਮ ਨੇ ਮੇਘ ਰਾਜ ਰੱਲਾ ਦੀ ਨਿਰਦੇਸ਼ਨਾਂ ਹੇਠ 'ਛਿਪਣ ਤੋਂ ਪਹਿਲਾਂ' ਨਾਟਕ ਵੀ ਖੇਡਿਆ ਅਤੇ ਗਾਇਕ ਨਵਦੀਪ ਗਿੱਲ ਨੇ ਸੱਭਿਆਚਾਰਕ ਗਾਇਕੀ ਪੇਸ਼ ਕੀਤੀ ਅਤੇ ਮੰਚ ਦਾ ਸੰਚਾਲਨ ਤੀਰਥ ਸਪਰਾ ਨੇ ਬਾਖ਼ੂਬੀ ਨਿਭਾਇਆ।

# ਹੈਦਰਾਬਾਦ ਯੂਨੀਵਰਸਿਟੀ ਦੇ ਦਲਿਤ ਵਿਦਿਆਰਥੀ ਰੋਹਿਤ ਵੇਮੂਲੇ ਦੀ ਮੌਤ ਲਈ ਭਾਜਪਾ ਸਰਕਾਰ ਜਿੰਮੇਵਾਰ ਕਰੀਮਪੁਰੀ

**ਫਗਵਾੜਾ (ਬੀ ਕੇ ਰੱਤੂ )**– ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਤੇ ਸਾਬਕਾ ਮੈਂਬਰ ਰਾਜਸਭਾ ਸ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਹੈ ਕਿ ਹੈਦਰਾਬਾਦ ਯੂਨੀਵਰਸਿਟੀ ਦੇ ਦਲਿਤ ਵਿਦਿਆਰਥੀ ਰੋਹਿਤ ਵੇਮੂਲੇ ਦੀ ਮੌਤ ਲਈ ਭਾਜਪਾ ਸਰਕਾਰ ਜਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵਲੋਂ ਦੇਸ਼ ਭਰ ਵਿਚ ਪਹਿਲਾਂ ਦੀਆਂ ਕਾਂਗਰਸ ਸਰਕਾਰਾਂ ਦੀ ਤਰ੍ਹਾਂ ਹੀ ਦਲਿਤਾਂ, ਪਛੜਿਆਂ ਤੇ ਘੱਟਗਿਣਤੀਆਂ ਖਿਲਾਫ ਹਿੰਸਾ ਦਾ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਮੌਤ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦਲਿਤ ਵਿਦਿਆਰਥੀਆਂ ਨੂੰ ਜਾਣਬੁੱਝ ਕੇ ਉੱਚ ਵਿੱਦਿਅਕ ਅਦਾਰਿਆਂ ਵਿਚ ਮਾਨਸਿਕ ਤੌਰ 'ਤੇ ਪਰੇਸ਼ਾਨ ਕੀਤਾ ਜਾਂਦਾ ਹੈ ਤਾਂ ਕਿ ਉਹ ਪੜਾਈ ਛੱਡ ਜਾਣ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਦੇ ਕੇਂਦਰੀ ਰਾਜ ਮੰਤਰੀ ਬੰਡਾਰੂ ਦੱਤਾਤ੍ਰੇਅ ਵਲੋਂ ਹੈਦਰਾਬਾਦ ਯੂਨੀਵਰਸਿਟੀ ਦੇ ਪੰਜ ਦਲਿਤ ਵਿਦਿਆਰਥੀਆਂ ਨੂੰ ਪਰੇਸ਼ਾਨ ਕਰਕੇ ਹਾਸਟਲ ਵਿਚੋਂ ਕੱਢ ਦਿੱਤਾ ਗਿਆ ਤੇ ਉਨ੍ਹਾਂ ਲਈ ਹਾਲਾਤ ਮਾੜੇ ਕੀਤੇ ਗਏ, ਜਿਸ ਕਾਰਨ ਰੋਹਿਤ ਨੇ ਆਪਣੀ ਜਿੰਦਗੀ ਖਤਮ ਕਰ ਲਈ। ਉਨ੍ਹਾਂ ਕਿਹਾ ਕਿ ਇਹ ਖੁਦਕੁਸ਼ੀ ਨਹੀਂ, ਬਲਕਿ ਭਾਜਪਾ ਸਰਕਾਰ ਤੇ ਯੂਨੀਵਰਸਿਟੀ ਪ੍ਰਸ਼ਾਸਨ ਵਲੋਂ ਮਿਲਕੇ ਰੋਹਿਤ ਦਾ ਅਸਲ ਵਿਚ ਕਤਲ ਕੀਤਾ ਗਿਆ ਹੈ। ਸ. ਕਰੀਮਪੁਰੀ ਨੇ ਕਿਹਾ ਕਿ ਉਚ ਵਿੱਦਿਅਕ ਸੰਸਥਾਨ ਦਲਿਤ ਵਿਦਿਆਰਥੀਆਂ ਦੇ ਸ਼ੋਸ਼ਣ ਦੇ ਕੇਂਦਰ ਬਣ ਚੁੱਕੇ ਹਨ ਤੇ ਜਾਤੀਵਾਦੀ ਮਾਨਸਿਕਤਾ ਦੀਆਂ ਸਰਕਾਰਾਂ ਤੇ ਵਿੱਦਿਅਕ ਸੰਸਥਾਵਾਂ ਦਾ ਜਾਤੀਵਾਦੀ ਪ੍ਰਬੰਧ ਵਲੋਂ ਦਲਿਤਾਂ ਵਿਦਿਆਰਥੀਆਂ ਨੂੰ ਇੰਨਾ ਪਰੇਸ਼ਾਨ ਕੀਤਾ ਜਾਂਦਾ ਹੈ ਕਿ ਉਹ ਜਿੰਦਗੀ ਖਤਮ ਕਰ ਲੈਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਦਇਆਨੰਦ ਮੈਡੀਕਾਲ ਕਾਲਜ ਵੀ ਦਲਿਤ ਵਿਦਿਆਰਥਣ ਸੁਪਰੀਆ ਵਲੋਂ ਜਾਤੀਵਾਦੀ ਭੇਦਭਾਵ ਕਰਕੇ ਖੁਦਕੁਸ਼ੀ ਕੀਤੀ ਗਈ ਸੀ, ਇਸ ਤਰ੍ਹਾਂ ਹੀ ਏਮਸ ਤੇ ਹੋਰ ਵਿੱਦਿਅਕ ਸੰਸਥਾਵਾਂ ਵਿਚ ਹੋ ਚੁੱਕਿਆ ਹੈ। ਕਈ ਹੋਣਹਾਰ ਨੌ-ਜਵਾਨ ਆਪਣੀ ਜਾਨ ਗੁਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਵਿਚ ਕਾਂਗਰਸ ਤੇ ਭਾਜਪਾ ਦੀਆਂ ਸਰਕਾਰਾਂ ਵਲੋਂ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਦੀ ਬਜਾਏ ਇਸਦੇ ਮੰਤਰੀਆਂ ਵਲੋਂ ਖੁਦ ਹੀ ਦਲਿਤ ਵਿਦਿਆਰਥੀਆਂ ਨੂੰ ਪਰੇਸ਼ਾਨ ਕਰਕੇ ਉਨ੍ਹਾਂ ਨੂੰ ਮੌਤ ਦਿੱਤੀ ਜਾ ਰਹੀ ਹੈ। ਸ. ਕਰੀਮਪੁਰੀ ਨੇ ਕਿਹਾ ਕਿ ਸਮੁੱਚੇ ਬਹੁਜਨ ਸਮਾਜ ਨੂੰ ਇਸ ਤਰ੍ਹਾਂ ਦੀਆਂ ਘਟਨਾਵਾਂ ਦੇ ਵਿਰੋਧ ਵਿਚ ਇਕਜੁੱਟ ਹੋਣਾ ਚਾਹੀਦਾ ਹੈ ਤੇ ਇਸਦੇ ਨਾਲ ਹੀ ਜਾਤੀਵਾਦੀ ਮਾਨਸਿਕਤਾ ਖਿਲਾਫ ਵੀ ਸੰਘਰਸ਼ ਕਰਨਾ ਚਾਹੀਦਾ ਹੈ।

# ਕੌਮ ਦਾ ਸਿਤਾਰਾ- ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ

ਪਹਿਲੀ ਵਾਰ ਹਰਨਾਮ ਸਿੰਘ ਦੀ ਕੀਤੀ ਕਮਾਈ ਸਾਡੇ ਘਰ ਆਈ ਸੀ। ਸ਼ਾਇਦ ਇਹ ਪੈਸੇ ਉਨ੍ਹਾਂ ਦੇ ਕਿਸੇ ਖਾਤੇ ਵਿਚ ਜਮ੍ਹਾ ਹੋਣ। ਅਸੀਂ ਦੋ ਘੋੜੀਆਂ ਤੇ ਚਾਂਦੀ ਦਿਆਂ ਸਿੱਕਿਆਂ ਦੀਆਂ ਖੁਰਜੀਆਂ ਭਰ ਕੇ ਘਰ ਲਿਆਏ ਸੀ। ਪਰ ਇਸ ਕਮਾਈ ਵਿਚੋਂ ਅਸੀਂ ਇਕ ਨਿੱਕਾ ਪੈਸਾ ਵੀ ਘਰ ਨੀ ਸੀ ਖਰਚਿਆ। ਸਾਡੇ ਘਰ ਲੋਕਾਂ ਦਾ ਮੇਲਾ ਲੱਗਿਆ ਰਹਿੰਦਾ ਸੀ। ਮਾਲਵੇ ਤੋਂ ਬਹੁਤ ਸਾਰੇ ਲੋਕਾਂ ਦੀ ਔਤਕ-ਜਾਂਤਕ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਅਸੀਂ ਤਾਂ ਉਸ ਮਾਂ ਅਤੇ ਮਿੱਟੀ ਨੂੰ ਸਲਾਮ ਕਰਨ ਆਏ ਹਾਂ ਜਿਸਨੇ ਬਾਬੂ ਹਰਨਾਮ ਸਿੰਘ ਵਰਗੇ ਯੋਧੇ ਨੂੰ ਜਨਮ ਦਿੱਤਾ ਹੈ। ਜਿੰਨੇ ਕੁ ਪੈਸੇ ਪ੍ਰਾਪਤ ਹੋਏ ਉਹ ਸਾਰੇ ਇਨ੍ਹਾਂ ਲੋਕਾਂ ਲਈ ਲਗਾਏ ਗਏ ਲੰਗਰ-ਪਾਣੀ ਤੇ ਖਰਚ ਕਰ ਦਿੱਤੇ।

ਸ. ਹਰਭਜਨ ਸਿੰਘ ਕੋਲੋਂ ਭਾਵੇਂ ਮੈਨੂੰ ਬਾਬੂ ਹਰਨਾਮ ਸਿੰਘ ਹੋਰਾਂ ਦੀ ਕੋਈ ਲਿਖਤ ਜਾਂ ਨਿਸ਼ਾਨੀ ਨਹੀਂ ਸੀ ਮਿਲੀ ਪਰ ਉਨ੍ਹਾਂ ਬਾਰੇ ਗੱਲਾਂ ਕਰਕੇ ਮਨ ਨੂੰ ਸਕੂਨ ਜ਼ਰੂਰ ਮਿਲਿਆ ਸੀ।

ਉਂਝ ਵੀ ਗਦਰੀ ਯੋਧੇ ਆਪਣੇ ਬਾਰੇ ਲਿਖਣ ਜਾਂ ਜਾਣਕਾਰੀ ਦੇਣ ਵਿਚ ਘੱਟ ਹੀ ਯਕੀਨ ਰੱਖਦੇ ਸਨ। ਆਪਣੇ ਆਪ ਲਈ ਤਾਂ ਉਹਨਾਂ ਕੋਲ ਉੱਕਾ ਹੀ ਸਮਾਂ ਨਹੀਂ ਸੀ। ਉਹ ਤਾਂ ਆਪਣੀ ਜ਼ਿੰਦਗੀ ਦੇ ਹਰ ਇਕ ਪਲ ਨੂੰ ਦੇਸ਼ ਦੇ ਲੇਖੇ ਲਾਉਣ ਦੇ ਮਨਸੂਬੇ ਬਣਾਉਂਦੇ ਰਹਿੰਦੇ ਸਨ। ਆਪਣੇ ਬਾਰੇ ਲਿਖਣ ਦੀ ਉਹਨਾਂ ਕੋਲ ਵਿਹਲ ਹੀ ਕਿੱਥੇ ਸੀ। 'ਸਵਦੇਸ਼ ਸੇਵਕ' ਅਖ਼ਬਾਰ ਦੇ ਲੈਟਰ ਪੈਡ ਉਤੇ ਜੀ. ਡੀ. ਕੁਮਾਰ ਦਾ ਲਿਖਿਆ ਇਕ ਕਥਨ ਮਿਲਦਾ ਹੈ ਜੋ ਹੂ-ਬ-ਹੂ ਅੰਤਿਕਾ 'ਚ ਛਾਪਿਆ ਗਿਆ ਹੈ। ਜੀ. ਡੀ. ਕੁਮਾਰ ਨੇ 'ਸਵਦੇਸ਼ ਸੇਵਕ' ਅਖ਼ਬਾਰ ਚਲਾਉਣ ਵਿਚ ਬਾਬੂ ਹਰਨਾਮ ਸਿੰਘ ਦਾ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੱਤਾ। ਗਦਰ ਲਹਿਰ ਦਾ ਇਤਿਹਾਸ ਅਤੇ ਗਦਰੀ ਯੋਧਿਆਂ ਸਬੰਧੀ ਮਿਲਦੀ ਲਿਖਣ ਸਮੱਗਰੀ ਵਿਚ ਤਰੀਕਾਂ ਅਤੇ ਘਟਨਾਵਾਂ ਸਬੰਧੀ ਬਹੁਤ ਸਾਰਾ ਧੁੰਦਲਕਾ ਹੈ। ਸ਼ਹੀਦ ਬਾਬੂ ਹਰਨਾਮ ਸਿੰਘ ਵਰਗੇ ਹੋਰ ਪਤਾ ਨਹੀਂ ਕਿੰਨੇ ਕੁ ਯੋਧੇ ਹੋਣਗੇ ਜਿਹਨਾਂ ਬਾਰੇ ਇਤਿਹਾਸ ਦੇ ਪੰਨੇ ਅਜੇ ਬਿਲਕੁਲ ਕੋਰੇ ਪਏ ਹੋਏ ਹਨ। ਬਹੁਤ ਵਾਰ ਅਜਿਹੇ ਯੋਧਿਆਂ ਦੁਆਰਾ ਅਹਿਮ ਘਟਨਾਵਾਂ ਵਿਚ ਪਾਏ ਯੋਗਦਾਨ ਨੂੰ ਵੀ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਹੈ। ਸਚਿੰਦਰ ਨਾਥ ਸਾਨਿਆਲ ਦੁਆਰਾ ਲਿਖੀ ਸਵੈ-ਜੀਵਨੀ 'ਬੰਦੀ ਜੀਵਨ' ਜੋ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਨੇ ਛਾਪੀ ਹੈ ਵਿਚ 'ਬਰ੍ਹਮਾ ਦੀ ਕਹਾਣੀ' ਵਾਲੇ ਕਾਂਡ ਵਿਚ ਬਾਬੂ ਹਰਨਾਮ ਸਿੰਘ ਦੇ ਨਾਂ ਤੱਕ ਦਾ ਵੀ ਜ਼ਿਕਰ ਨਹੀਂ ਆਉਂਦਾ। ਹਾਲਾਂਕਿ ਉਹ ਬਰ੍ਹਮਾ ਦਾ ਤਖਤਾ ਪਲਟਾਉਣ ਵਾਲੀ ਮੁਹਿੰਮ ਦੇ ਘਾੜਿਆਂ ਵਿਚੋਂ ਸਨ। ਇਸਦੀ ਹਾਮੀ ਬਰ੍ਹਮਾ ਕਾਂਸਪੀਰੇਸੀ ਕੇਸ ਵੀ ਭਰਦਾ ਹੈ। ਪਤਾ ਨਹੀਂ ਕਿਸ ਕਾਰਨ ਕਰਕੇ ਬਾਬੂ ਹਰਨਾਮ ਸਿੰਘ ਦਾ ਨਾਂ ਬਰ੍ਹਮਾ ਦੀ ਕਹਾਣੀ ਵਿਚੋਂ ਗਾਇਬ ਹੋ ਗਿਆ। ਇਸੇ ਤਰ੍ਹਾਂ ਮੈਂ ਸ਼ਹੀਦ ਸੋਹਣ ਲਾਲ ਪਾਠਕ ਅਤੇ ਸ਼ਹੀਦ ਬਾਬੂ ਹਰਨਾਮ ਸਿੰਘ ਦੀਆਂ ਤਸਵੀਰਾਂ ਹੇਠਾਂ ਸ਼ਹੀਦੀ ਤਰੀਕ 10 ਫਰਵਰੀ, 1916 ਲਿਖੀ ਹੋਈ ਦੇਖੀ ਹੈ। ਜਦ ਕਿ ਇਹਨਾਂ ਦੋਹਾਂ ਗਦਰੀਆਂ ਤੇ ਅਲੱਗ-ਅਲੱਗ ਕੇਸ ਚੱਲੇ ਅਤੇ ਅਲੱਗ-ਅਲੱਗ ਤਰੀਕਾਂ ਨੂੰ ਫਾਂਸੀਆਂ ਹੋਈਆਂ। ਸ਼ਹੀਦ ਬਾਬੂ ਹਰਨਾਮ ਸਿੰਘ ਨੂੰ ਤਾਂ ਫਾਂਸੀ ਦੀ ਸਜ਼ਾ ਵੀ 27 ਜੁਲਾਈ, 1916 ਈ. ਨੂੰ ਸੁਣਾਈ ਗਈ ਸੀ। ਸੋਹਣ ਲਾਲ ਪਾਠਕ ਦੀ ਸ਼ਹੀਦੀ ਮਿਤੀ ਤਾਂ ਸਹੀ ਹੈ ਪਰ ਬਾਬੂ ਹਰਨਾਮ ਸਿੰਘ ਦੀ ਸਹੀ ਨਹੀਂ ਹੈ। ਇਹਨਾਂ ਦੀ ਫਾਂਸੀ ਦੀ ਸਹੀ ਤਰੀਕ 14 ਨਵੰਬਰ, 1916 ਈ. ਹੈ। ਇਸ ਤਰ੍ਹਾਂ ਜਾਣਕਾਰੀਆਂ ਵਿਚ ਅਸਪੱਸ਼ਟਤਾ ਵੀ ਇਤਿਹਾਸਕ ਕੰਮਾਂ ਵਿਚ ਬੜਾ ਭੰਬਲਭੂਸਾ ਪਾਉਂਦਾ ਹੈ।

ਸ਼ਹੀਦ ਬਾਬੂ ਹਰਨਾਮ ਸਿੰਘ ਦੇ ਆਜ਼ਾਦੀ ਸੰਗਰਾਮ ਵਿਚ ਕੀਤੇ ਸੰਘਰਸ਼ ਨੂੰ ਪੰਜ ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ 'ਗਦਰ ਲਹਿਰ ਦਾ ਇਤਿਹਾਸਕ ਪਿਛੋਕੜ' ਵਿਚ ਗਦਰ ਲਹਿਰ ਦੇ ਸ਼ਾਨਾਮੱਤੀ ਇਤਿਹਾਸ ਦਾ ਵਰਣਨ ਕੀਤਾ ਗਿਆ ਹੈ। ਅਸਲ ਵਿਚ ਗਦਰ ਲਹਿਰ ਸਿਰਫ 1913 ਈ. ਵਿਚ ਹੀ ਨਹੀਂ ਸੀ ਪੈਦਾ ਹੋਈ ਸਗੋਂ ਇਸਦੀ ਪਿੱਠ-ਭੂਮੀ ਵਿਚ 'ਕੂਕਾ-ਲਹਿਰ', '1857 ਈ. ਦੀ ਬਗਾਵਤ' ਅਤੇ ਭਗਤੀ ਲਹਿਰ ਦੀ ਜੁਝਾਰੂ ਵਿਚਾਰਧਾਰਾ ਪਈ ਸੀ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੇ ਸ਼ੁਰੂ ਵਿਚ ਅਮਰੀਕਾ ਕਨੇਡਾ ਨੂੰ ਕਮਾਈ ਕਰਨ ਗਏ ਹਿੰਦੁਸਤਾਨੀ ਖਾਸ ਕਰਕੇ ਪੰਜਾਬੀ ਉਥੋਂ ਦੀ ਅਜ਼ਾਦ ਫਿਜ਼ਾ ਨੂੰ ਦੇਖ ਕੇ ਦੰਗ ਰਹਿ ਗਏ। ਪਰ ਛੇਤੀ ਹੀ ਇਹਨਾਂ ਦੇ ਕੰਮ ਕਰਨ ਦੇ ਸੁਭਾਅ ਕਰਕੇ ਉਥੋਂ ਦੇ ਸਥਾਨਕ ਨਾਗਰਿਕ ਇਹਨਾਂ ਨਾਲ ਖਹਿਣ ਲੱਗ ਪਏ। ਸਿੱਟੇ ਵਜੋਂ ਇਹਨਾਂ ਨੂੰ ਨਸਲੀ ਟਿੱਪਣੀਆਂ ਦਾ ਸ਼ਿਕਾਰ ਹੋਣਾ ਪਿਆ। ਇੱਥੇ ਆ ਕੇ ਇਹਨਾਂ ਨੂੰ ਗੁਲਾਮੀ ਦਾ ਦਰਦ ਮਹਿਸੂਸ ਹੋਇਆ। ਇਸ ਦਰਦ ਨੇ ਸਵੈਮਾਣ ਨੂੰ ਜਗਾਇਆ ਅਤੇ ਇਹਨਾਂ ਨੇ ਆਪਣੇ ਆਪ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਸੰਗਠਨ ਦੀ ਸਥਾਪਨਾ ਅਤੇ ਗਦਰੀ ਅਖ਼ਬਾਰਾਂ ਨੇ ਹਿੰਦੁਸਤਾਨੀਆਂ ਦੀ ਚੇਤਨਤਾ ਵਿਚ ਵਾਧਾ ਕੀਤਾ। ਵਿਦੇਸ਼ੀ ਧਰਤੀ ਤੋਂ ਗਦਰ ਦਾ ਆਗਾਜ਼ ਕਰਕੇ, ਕੀਤੀਆਂ ਕਮਾਈਆਂ ਨੂੰ ਠੁੱਡ ਮਾਰ ਕੇ ਗਦਰੀ ਯੋਧਿਆਂ ਨੇ ਹਿੰਦੋਸਤਾਨ ਵੱਲ ਵਹੀਰਾਂ ਘੱਟ ਦਿੱਤੀਆਂ।ਅੰਗਰੇਜ਼ੀ ਹਕੂਮਤ ਨੂੰ ਹੱਥਾਂ ਪੈਰਾਂ ਦੀ ਪੈ ਗਈ। ਇਸ ਸੁਤੰਤਰਤਾ ਅੰਦੋਲਨ ਦੀਆਂ ਵਿਦੇਸ਼ਾਂ ਵਿਚ ਜੜ੍ਹਾਂ ਲਾਉਣ ਵਾਲੇ ਗਦਰੀ ਯੋਧਿਆਂ ਵਿਚੋਂ ਬਾਬੂ ਹਰਨਾਮ ਸਿੰਘ ਪ੍ਰਮੁੱਖ ਸੀ।

ਕਿਤਾਬ ਦਾ ਦੂਸਰਾ ਅਧਿਆਇ 'ਪਿੰਡ ਸਾਹਰੀ ਤੋਂ ਵਿਦੇਸ਼ ਜਾਣ ਤੱਕ' ਬਾਰੇ ਹੈ। ਇਸਨੂੰ ਅੱਗੇ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਪਿੰਡ ਸਾਹਰੀ ਦਾ ਸਮਾਜ ਤੇ ਸਭਿਆਚਾਰ ਹੈ। ਇਸ ਵਿਚ ਪਿੰਡ ਸਾਹਰੀ ਦਾ ਨਾਮਕਰਨ, ਇਸਦੀ ਪੁਰਾਤਨਤਾ ਅਤੇ ਸਭਿਆਚਾਰ ਬਾਰੇ ਜਾਣਕਾਰੀ ਹੈ। ਭਾਵੇਂ ਇਹ ਪਤਾ ਨੀ ਲੱਗ ਸਕਿਆ ਕਿ ਪਿੰਡ ਸਾਹਰੀ ਦੀ ਮੋਹੜੀ ਕਿਸਨੇ ਗੱਡੀ ਹੈ ਪਰ ਫਿਰ ਵੀ ਬਜ਼ੁਰਗਾਂ ਤੋਂ ਸੁਣੀਆਂ ਦੰਦ ਕਥਾਵਾਂ ਦੇ ਆਧਾਰ ਤੇ ਇਸਦੇ ਨਾਂ ਅਤੇ ਪੁਰਾਤਨਤਾ ਬਾਰੇ ਸਾਰਥਕ ਜਾਣਕਾਰੀ ਪ੍ਰਾਪਤ ਹੋਈ ਹੈ। ਸੰਤਾਂ ਮਹਾਂਪੁਰਸ਼ਾਂ ਅਤੇ ਗਦਰੀ ਯੋਧਿਆਂ ਦੀ ਨਗਰੀ ਸਾਹਰੀ ਆਪਣੀ ਧਾਰਮਿਕ, ਸਭਿਆਚਾਰਕ, ਸਮਾਜਿਕ ਅਤੇ ਰਾਜਨੀਤਿਕ ਚੇਤਨਤਾ ਕਰਕੇ ਦੁਆਬੇ ਦੀ ਸੁਪ੍ਰਸਿੱਧ ਨਗਰੀ ਹੈ। ਇਸੇ ਅਧਿਆਇ ਦੇ ਦੂਸਰੇ ਹਿੱਸੇ ਵਿਚ ਬਾਬੂ ਹਰਨਾਮ ਸਿੰਘ ਦੇ ਜਨਮ, ਬਚਪਨ, ਪੜ੍ਹਾਈ, ਨੌਕਰੀ, ਵਿਆਹ ਅਤੇ ਵਿਦੇਸ਼ ਨੂੰ ਜਾਣ ਤੱਕ ਦੀਆਂ ਸਰਗਰਮੀਆਂ ਬਾਰੇ ਵੇਰਵੇ ਦਿੱਤੇ ਗਏ ਹਨ।

ਤੀਸਰਾ ਅਧਿਆਇ ਹੈ 'ਗਦਰ ਲਹਿਰ ਤੋਂ ਪਹਿਲਾਂ'। ਇਸ ਵਿਚ ਗਦਰ ਪਾਰਟੀ ਦੀ ਸਥਾਪਨਾ ਤੋਂ ਪਹਿਲਾਂ ਬਾਬੂ ਹਰਨਾਮ ਸਿੰਘ ਦੁਆਰਾ ਵਿਦੇਸ਼ੀ ਧਰਤੀ ਤੇ ਆਰੰਭੀਆਂ ਕ੍ਰਾਂਤੀਕਾਰੀ ਗਤੀਵਿਧੀਆਂ ਦਾ ਵਰਣਨ ਕੀਤਾ ਗਿਆ ਹੈ। ਬਾਬੂ ਹਰਨਾਮ ਸਿੰਘ ਦੀ ਜਥੇਬੰਦਕ ਸੂਝ ਕਮਾਲ ਦੀ ਸੀ। ਅਸਲ ਵਿਚ 'ਗਦਰ ਪਾਰਟੀ' ਪਿੱਛੇ ਬਾਬੂ ਹਰਨਾਮ ਸਿੰਘ ਹੁਰਾਂ ਦੁਆਰਾ ਬਣਾਈ 'ਹਿੰਦੋਸਤਾਨ ਐਸੋਸੀਏਸ਼ਨ' ਅਤੇ 'ਗਦਰ' ਅਖ਼ਬਾਰ ਪਿੱਛੇ ਉਹਨਾਂ ਦੁਆਰਾ ਸ਼ੁਰੂ ਕੀਤਾ ਪਹਿਲਾ ਗੁਰਮੁਖੀ ਅਖ਼ਬਾਰ 'ਸਵਦੇਸ਼ ਸੇਵਕ' ਅਤੇ ਉਸਦੀ ਅਮੀਰ ਪ੍ਰੰਪਰਾ ਖੜ੍ਹੀ ਸੀ। ਆਪਣੇ ਹਮਵਤਨੀਆਂ ਦੀਆਂ ਇਮੀਗ੍ਰੇਸ਼ਨ ਨਾਲ ਸਬੰਧਤ ਮੁਸ਼ਕਿਲਾਂ ਦਾ ਹੱਲ ਕਰਨਾ, ਉਹਨਾਂ ਨੂੰ ਆਪਣੇ ਘਰ ਸੱਦ ਕੇ ਦੋ ਘੰਟੇ ਪੜ੍ਹਾਉਣਾ, ਸਵਦੇਸ਼ ਸੇਵਕ ਅਖ਼ਬਾਰ ਕੱਢਣਾ, ਬਾਬਾ ਸੋਹਣ ਸਿੰਘ ਭਕਨਾ ਦਾ ਵਿਦੇਸ਼ ਪਹੁੰਚ ਕੇ ਪਹਿਲੀ ਰਾਤ ਉਹਨਾਂ ਦੇ ਘਰ ਕੱਟਣਾ, ਵਿਚਾਰ-ਚਰਚਾ ਕਰਨਾ, ਗੁਰੂ ਨਾਨਕ ਮਾਇਨਿੰਗ ਐਂਡ ਟਰੱਸਟ ਕੰਪਨੀ ਦੇ ਜ਼ਿੰਮੇਵਾਰੀ ਵਾਲੇ ਅਹੁਦੇ ਤੇ ਕੰਮ ਕਰਨਾ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਰੰਭੇ ਸੰਘਰਸ਼ ਨਾਲ ਲਗਾਤਾਰ ਤਾਲ-ਮੇਲ ਬਣਾਈ ਰੱਖਣੀ ਇਸ ਸਿਰੜੀ ਯੋਧੇ ਦੇ ਹੱਥ ਆਇਆ ਹੈ।

ਕਿਤਾਬ ਦਾ ਚੌਥਾ ਅਧਿਆਇ ਹੈ 'ਗਦਰ ਪਾਰਟੀ ਅਤੇ ਕਾਮਾਗਾਟਾਮਾਰੂ ਦੇ ਘਟਨਾਕ੍ਰਮ 'ਚ ਲਾਸਾਨੀ ਭੂਮਿਕਾ'। ਗਦਰ ਪਾਰਟੀ ਦੀਆਂ ਸਰਗਰਮੀਆਂ ਵਿਚ ਬਾਬੂ ਹਰਨਾਮ ਸਿੰਘ ਨੇ ਜੀਅ-ਜਾਨ ਨਾਲ ਕੰਮ ਕੀਤਾ। ਇਸਦੇ ਅਖ਼ਬਾਰ 'ਗਦਰ' ਵਿਚ ਤਾਂ ਇਹਨਾਂ ਦੇ ਲੇਖ ਅਤੇ ਕਾਰਟੂਨ ਅਕਸਰ ਛਪਦੇ ਰਹਿੰਦੇ ਸਨ। ਕਾਰਟੂਨ ਬਣਾਉਣ ਦੀ ਇਹਨਾਂ ਨੂੰ ਇੰਨੀ ਮੁਹਾਰਤ ਸੀ ਕਿ ਇਹ ਇਹਨਾਂ ਰਾਹੀਂ ਅੰਗਰੇਜ਼ੀ ਹਕੂਮਤ ਦੀ ਲੁੱਟ ਅਤੇ ਜ਼ੁਲਮ ਦੀ ਕਹਾਣੀ ਨੂੰ ਥੋੜ੍ਹੀ ਜਿਹੀ ਜਗ੍ਹਾ ਵਿਚ ਹੀ ਬਾਖ਼ੂਬੀ ਬਿਆਨ ਕਰ ਦਿੰਦੇ ਸਨ।

ਗਦਰ ਪਾਰਟੀ ਦੇ ਇਤਿਹਾਸ ਵਿਚ ਕਾਮਾਗਾਟਾਮਾਰੂ ਦੀ ਘਟਨਾ ਦਾ ਇਕ ਵੱਡਾ ਸਥਾਨ ਹੈ। ਇਸ ਘਟਨਾ ਨੇ ਜਿੱਥੇ ਅੰਗਰੇਜ਼ੀ ਪ੍ਰਸ਼ਾਸਨ ਦੀ ਘਿਨਾਉਣੀ ਸੋਚ ਨੂੰ ਨੰਗਿਆਂ ਕੀਤਾ ਸੀ ਉਥੇ ਆਜ਼ਾਦੀ ਲਈ ਲੜੀ ਜਾ ਰਹੀ ਜੰਗ ਵਿਚ ਏਕਤਾ, ਬਗਾਵਤੀ ਅਤੇ ਅਤਿ ਦੀ ਤੇਜ਼ੀ ਵਾਲੇ ਭਾਵ ਵੀ ਉਤਪੰਨ ਕੀਤੇ ਸਨ। ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰਾਂ ਦੀ ਮਦਦ ਲਈ ਬਣੀ ਸ਼ੋਅਰ ਕਮੇਟੀ ਦੇ ਮੈਂਬਰ ਵਜੋਂ ਮੁਸਾਫਿਰਾਂ ਨੂੰ ਹਥਿਆਰ ਪਹੁੰਚਾਉਣ ਦੀ ਜ਼ਿੰਮੇਵਾਰੀ ਬਾਬੂ ਹਰਨਾਮ ਸਿੰਘ ਦੀ ਲੱਗੀ ਸੀ ਤਾਂ ਕਿ ਵਿਦੇਸ਼ੀ ਹਕੂਮਤ ਦੀਆਂ ਮਾਰੂ ਨੀਤੀਆਂ ਦੇ ਝੰਬੇ ਇਹ ਮੁਸਾਫਿਰ ਹਿੰਦੋਸਤਾਨ ਵਿਚ ਜਾ ਕੇ ਹਥਿਆਰਬੰਦ ਜੰਗ ਲੜਨ। ਇਹ ਅਧਿਆਇ ਬਾਬੂ ਹਰਨਾਮ ਸਿੰਘ ਅਤੇ ਉਹਨਾਂ ਦੇ ਜਾਂਬਾਜ਼ ਸਾਥੀਆਂ ਦੇ ਬਹਾਦਰੀ ਭਰੇ ਕਾਰਨਾਮਿਆਂ ਦੀ ਬਾਤ ਪਾਉਂਦਾ ਹੈ।


ਕਿਤਾਬ ਦਾ ਪੰਜਵਾਂ ਅਤੇ ਆਖਰੀ ਅਧਿਆਇ 'ਬਰ੍ਹਮਾ ਦੀ ਗਦਰ ਲਹਿਰ ਅਤੇ ਬਾਬੂ ਹਰਨਾਮ ਸਿੰਘ' ਬਾਰੇ ਹੈ। ਇਹ ਬਾਬੂ ਹਰਨਾਮ ਸਿੰਘ ਦੁਆਰਾ ਬਰ੍ਹਮਾ ਦਾ ਤਖਤਾ ਪਲਟਾਉਣ ਦੀਆਂ ਇਨਕਲਾਬੀ ਸਰਗਰਮੀਆਂ ਉਪਰ ਕੇਂਦਰਿਤ ਹੈ। ਅਸਲ ਵਿਚ ਬਰ੍ਹਮਾ ਪਹਿਲਾਂ ਭਾਰਤ ਦਾ ਹੀ ਸੂਬਾ ਸੀ। ਅਮਰੀਕਾ ਕਨੇਡਾ ਤੋਂ ਦੇਸ਼ ਵੱਲ ਵਹੀਰਾਂ ਘੱਤੀ ਆਏ ਆਜ਼ਾਦੀ ਸਰਗਰਮੀਆਂ ਨੇ ਆਉਂਦਿਆਂ ਹੀ ਦੇਸ਼ ਵਿਚ ਗਦਰ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਪਰ ਕੁਝ ਕਾਰਨਾਂ ਕਰਕੇ ਗਦਰੀਆਂ ਦਾ ਸੰਘਰਸ਼ ਸਫਲ ਨਹੀਂ ਸੀ ਹੋ ਸਕਿਆ। ਬਾਬੂ ਹਰਨਾਮ ਸਿੰਘ ਹੁਰੀਂ ਆਪਣੀ ਸਮੁੱਚੀ ਟੀਮ ਨਾਲ ਬਰ੍ਹਮਾ ਵਿਚ ਡੱਟ ਗਏ ਸਨ। ਉਹ ਇੱਥੋਂ ਹਥਿਆਰਬੰਦ ਸੰਘਰਸ਼ ਕਰਕੇ ਪਹਿਲਾਂ ਬਰ੍ਹਮਾ ਨੂੰ ਅੰਗਰੇਜ਼ੀ ਚੁੰਗਲ 'ਚੋਂ ਆਜ਼ਾਦ ਕਰਾਉਣਾ ਚਾਹੁੰਦੇ ਸਨ ਅਤੇ ਬਾਅਦ ਵਿਚ ਹਿੰਦੋਸਤਾਨ ਤੇ ਧਾਵਾ ਬੋਲ ਕੇ ਇੱਥੋਂ ਵੀ ਵਿਦੇਸ਼ੀ ਹਕੂਮਤ ਦਾ ਬਿਸਤਰਾ ਗੋਲ ਕਰਨਾ ਚਾਹੁੰਦੇ ਸਨ। ਬਾਬੂ ਹਰਨਾਮ ਸਿੰਘ ਹੁਰਾਂ ਦੀ ਕਾਰਜ ਪ੍ਰਣਾਲੀ ਅੰਗਿਆਰਾਂ ਤੇ ਤੁਰਨ ਵਾਲੀ ਗੱਲ ਸੀ। ਉਹ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਮਿਸ਼ਨ ਨੂੰ ਛੇਤੀ ਤੋਂ ਛੇਤੀ ਸਿਰੇ ਲਾਉਣਾ ਚਾਹੁੰਦੇ ਸਨ। ਪਰ ਕਿਸਮਤ ਨੇ ਇੱਥੇ ਵੀ ਉਨ੍ਹਾਂ ਦਾ ਸਾਥ ਨਾ ਦਿੱਤਾ। ਸਿੱਟੇ ਵਜੋਂ ਉਹਨਾਂ ਦੀਆਂ ਗ੍ਰਿਫਤਾਰੀਆਂ ਹੋਈਆਂ। ਇਸ ਅਧਿਆਇ ਵਿਚ ਬਾਬੂ ਹਰਨਾਮ ਸਿੰਘ ਦੇ ਅਦਾਲਤ ਵਿਚ ਜੱਜਾਂ ਨਾਲ ਹੋਏ ਸਵਾਲ ਜਵਾਬ ਹੂ-ਬ-ਹੂ ਦਿੱਤੇ ਗਏ ਹਨ। ਬਿਆਨਾਂ ਨੂੰ ਪੜ੍ਹ ਕੇ ਉਹਨਾਂ ਦੀ ਹਾਜ਼ਰ ਜਵਾਬੀ ਅਤੇ ਕਾਬਲੀਅਤ ਦਾ ਪਤਾ ਲੱਗਦਾ ਹੈ। ਇਸ ਵਿਚ ਬਾਬੂ ਹਰਨਾਮ ਸਿੰਘ ਹੁਰਾਂ ਨੂੰ ਫਾਂਸੀ ਤੱਕ ਦੀਆਂ ਘਟਨਾਵਾਂ ਦਾ ਬਿਆਨ ਕੀਤਾ ਗਿਆ ਹੈ, ਜਿਸਨੂੰ ਪੜ੍ਹ ਕੇ ਇਸ ਮਾਣ-ਮੱਤੇ ਸ਼ਹੀਦ ਦੀ ਸ਼ਹਾਦਤ ਦਾ ਪਤਾ ਲੱਗਦਾ ਹੈ।

ਸ਼ਹੀਦ ਬਾਬੂ ਹਰਨਾਮ ਸਿੰਘ ਬਾਰੇ ਜਿੰਨੀ ਵੀ ਜਾਣਕਾਰੀ ਉਪਲਬਧ ਹੋ ਸਕੀ ਹੈ, ਉਹ ਸਾਰੀ ਇਕ ਥਾਂ ਤੇ ਇਕੱਤਰ ਕਰ ਲਈ ਗਈ ਹੈ। ਇਹ ਆਸਾਨ ਕੰਮ ਨਹੀਂ ਸੀ। ਮੈਨੂੰ ਲਗਾਤਾਰ ਤਿੰਨ ਸਾਲ ਇਸ ਖੋਜ ਕਾਰਜ ਨੂੰ ਸਿਰੇ ਚਾੜ੍ਹਨ ਲਈ ਜੂਝਣਾ ਪਿਆ ਹੈ। ਇਸੇ ਕਰਕੇ ਇਹ ਦਸਤਾਵੇਜ਼ੀ ਰੂਪ ਤਿਆਰ ਹੋ ਸਕਿਆ ਹੈ।

ਪੁਸਤਕ ਨੂੰ ਪੂਰਨ ਰੂਪ ਵਿਚ ਮੁਕੰਮਲ ਕਰਵਾਉਣ ਲਈ ਡਾ. ਕਰਮਜੀਤ ਸਿੰਘ, ਸਾਬਕਾ ਚੇਅਰਮੈਨ, ਪੰਜਾਬੀ ਵਿਭਾਗ, ਕੁਰੂਕਸ਼ੇਤਰਾ ਯੂਨੀਵਰਸਿਟੀ ਕੁਰੂਕਸ਼ੇਤਰਾ ਦਾ ਮੈਂ ਰਿਣੀ ਰਹਾਂਗਾ। ਇਹਨਾਂ ਦੀ ਯੋਗ ਅਗਵਾਈ ਅਤੇ ਹੱਲਾਸ਼ੇਰੀ ਬਾਬੂ ਹਰਨਾਮ ਸਿੰਘ ਬਾਰੇ ਖੋਜ ਕਾਰਜ ਕਰਦਿਆਂ ਮੇਰੇ ਅੰਗ-ਸੰਗ ਰਹੀ।

ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਵੱਲੋਂ ਜਨਰਲ ਸਕੱਤਰ ਡਾ. ਰਘਵੀਰ ਕੌਰ ਅਤੇ ਸ੍ਰੀ ਸੀਤਾ ਰਾਮ ਬਾਂਸਲ ਹੁਰਾਂ ਦਾ ਵੀ ਮੈਂ ਸ਼ੁਕਰ-ਗੁਜ਼ਾਰ ਹਾਂ ਜਿਨ੍ਹਾਂ ਨੇ ਇਸ ਪੁਸਤਕ ਦਾ ਖਰੜਾ ਪੜ੍ਹਨ ਉਪਰੰਤ ਭੂਮਿਕਾ ਲਿਖਣ ਲਈ ਹਾਮੀ ਭਰੀ।

ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੇ ਮੈਂਬਰ ਸ੍ਰੀ ਚਰੰਜੀ ਲਾਲ ਕੰਗਣੀਵਾਲ, ਲਾਇਬ੍ਰੇਰੀਅਨ ਸ਼੍ਰੀਮਤੀ ਬਲਵਿੰਦਰ ਕੌਰ ਅਤੇ ਸੀਤਾ ਰਾਮ ਬਾਂਸਲ ਦਾ ਵੀ ਸਮੇਂ-ਸਮੇਂ ਤੇ ਲੋੜੀਂਦੀ ਗਦਰੀ ਸਮੱਗਰੀ ਉਪਲਬਧ ਕਰਵਾਉਣ ਲਈ ਮੈਂ ਧੰਨਵਾਦ ਕਰਦਾ ਹਾਂ। ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਦਾਰਾ 'ਦੇਸ਼ ਦੁਆਬਾ (ਵੀਕਲੀ) ਅਤੇ ਅੰਬੇਦਕਰ ਟਾਈਮਜ਼' ਅਮਰੀਕਾ ਹੁਰਾਂ ਦਾ ਜਿਹਨਾਂ ਨੇ ਇਸ ਪੁਸਤਕ ਨੂੰ ਛਪਣ ਤੇ ਆਉਣ ਵਾਲੇ ਖਰਚ ਦੀ ਹਾਮੀ ਭਰੀ। ਇਸ ਤੋਂ ਪਹਿਲਾਂ ਉਹਨਾਂ ਨੇ ਮੇਰੀ 'ਕਥਾਵਾਂ ਬਿਸਤ ਦੁਆਬ ਦੀਆਂ' ਪੁਸਤਕ ਛਾਪ ਕੇ ਦੁਆਬੇ ਦੀ ਧਰਤੀ ਤੇ ਖਤਮ ਹੋ ਰਹੀਆਂ ਲੋਕ-ਕਥਾਵਾਂ ਨੂੰ ਸਾਂਭਣ ਵਾਸਤੇ ਵੱਡੇ ਹੰਭਲਾ ਮਾਰਿਆ ਸੀ। ਵਿਦੇਸ਼ੀ ਧਰਤੀ ਤੇ ਬੈਠ ਕੇ ਵੀ ਉਹ ਸਾਹਿਤ ਤੇ ਸਮਾਜ ਨੂੰ ਨਿੱਘ ਦੇਣ ਵਾਲੇ ਕਾਰਜ ਕਰ ਰਹੇ ਹਨ। ਇਸਦੀ ਇਕ ਉਦਾਹਰਣ 'ਦੇਸ਼ ਦੁਆਬਾ' ਪਰਚੇ ਵਿਚ ਲਗਾਤਾਰ ਗਦਰੀ ਬਾਬਿਆਂ ਦੇ ਸੰਘਰਸ਼ ਦੀ ਗਾਥਾ ਖਾਸ ਕਰਕੇ ਮੰਗੂ ਰਾਮ ਮੁੱਗੋਵਾਲੀਆ ਦੇ ਮਿਸ਼ਨ ਨੂੰ ਛਾਪਣਾ ਹੈ। ਬਾਬੂ ਮੰਗੂ ਰਾਮ ਨੇ ਆਜ਼ਾਦੀ ਦੀ ਦੋਹਰੀ ਜੰਗ ਲੜੀ ਸੀ। ਇਕ ਦੇਸ਼ ਨੂੰ ਆਜ਼ਾਦ ਕਰਾਉਣ ਲਈ ਅੰਗਰੇਜ਼ਾਂ ਖਿਲਾਫ ਅਤੇ ਦੂਸਰੀ ਦੱਬੇ ਕੁਚਲੇ ਸਮਾਜ ਨੂੰ ਆਪਣਿਆਂ ਤੋਂ ਆਜ਼ਾਦ ਕਰਾਉਣ ਲਈ ਆਪਣਿਆਂ ਖਿਲਾਫ।ਬਾਬੂ ਹਰਨਾਮ ਸਿੰਘ ਇਤਿਹਾਸਕ ਇਤਿਹਾਸਕ ਦਸਤਾਵੇਜ਼ ਛਾਪਣ ਬਾਰੇ ਮੈਂ ਜਦੋਂ ਹੀ ਚੁੰਬਰ ਹੁਰਾਂ ਨਾਲ ਖਿਆਲ ਸਾਂਝਾ ਕੀਤਾ ਤਾਂ ਉਹਨਾਂ ਨੇ ਇਸਨੂੰ ਖੁਸ਼ੀ ਨਾਲ ਸਵੀਕਾਰਦਿਆਂ ਕਿਹਾ ਕਿ ਬਾਬੂ ਹਰਨਾਮ ਸਿੰਘ ਨਾਲ ਤਾਂ ਸਾਡਾ ਦੂਹਰਾ ਸਾਕ ਹੈ। ਇਕ ਅਖੇ ਗਦਰ ਪਾਰਟੀ ਦੇ ਰੂਹੇ ਰਵਾਂ ਹੋਣ ਕਰਕੇ ਅਤੇ ਦੂਜਾ ਦੁਆਬੇ ਦੀ ਧਰਤੀ ਤੋਂ ਉੱਠ ਕੇ ਪਹਿਲੇ ਅੰਤਰ ਰਾਸ਼ਟਰੀ ਪੰਜਾਬੀ ਪੱਤਰਕਾਰ ਵਜੋਂ 'ਸਵਦੇਸ਼ ਸੇਵਕ' ਅਖ਼ਬਾਰ ਕੱਢਣ ਕਰਕੇ। ਬੇਗਾਨੀ ਧਰਤੀ ਤੇ ਤਿੰਨ ਅਖ਼ਬਾਰਾਂ 'ਹਾਰਡ' ਅਤੇ 'ਸਾਫਟ' ਰੂਪ ਵਿਚ ਛਾਪਣ ਪਿੱਛੇ ਬਾਬੂ ਹਰਨਾਮ ਸਿੰਘ ਤਾਂ ਸਾਡੇ ਪ੍ਰੇਰਨਾ ਸਰੋਤ ਹਨ। ਚੁੰਬਰ ਹੁਰਾਂ ਵੱਲੋਂ ਮਿਲੀ ਹੱਲਾਸ਼ੇਰੀ ਨਾਲ ਮੈਂ ਇਸ ਇਤਿਹਾਸਕ ਦਸਤਾਵੇਜ਼ ਨੂੰ ਸੁਹਿਰਦ ਪਾਠਕਾਂ ਅਤੇ ਵਿਦਵਾਨਾਂ ਤੱਕ ਪੁੱਜਦਾ ਕਰਨ ਵਿਚ ਸਫਲ ਹੋਇਆ ਹਾਂ। ਮੈਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਬਹੁਤ ਰਿਣੀ ਰਹਾਂਗਾ।


ਜੋਤੀ ਰਾਉ ਫੂਲੇ


ਡਾ ਅੰਬੇਡਕਰ

# (ਬਾਬਾਣੀਆਂ ਕਹਾਣੀਆਂ ਪੁੱਤ ਸਪੁਤ ਕਰੇਨਿ)

# ਗ਼ੁਲਾਮਗਿਰੀ

**(ਪ੍ਰਸੰਗ ਲਿਖਤ 1872 ਈ: ਅਤੇ ਮਹਾਤਮਾ ਜੋਤੀ ਰਾਉ ਫੂਲੇ ਧਨੰਜੇ ਕੀਰ) 'ਜੋਤੀ ਰਾਉ ਫੂਲੇ ਦਰਸ਼ਨ' ਵਿੱਚੋਂ**

## ਜੋਤੀ ਰਾਉ ਦੇ ਇਤਿਹਾਸਕ ਪ੍ਰਵਰਤਨ ਦੀ ਮਹਾਨ ਕਥਾ


ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

**(ਚੌਥੀ ਕਿਸਤ)**

ਬਿਪਰੀਤ ਦਾ ਅਰਥ ਹੈ ਬ੍ਰਾਹਮਣ ਦੀ ਰੀਤ ਤੋਂ ਉਲਟ ਕੰਮ ਕਰਨਾ।

(ਸਫਾ 189) ਜਮਦੂਤ ਬੋਲੇ 'ਜੋ ਵੇਦ ਸ਼ਾਸਤਰ ਵਿੱਚ ਸ਼ੁਭ ਕਰਮ ਲਿਖਿਆ ਹੈ (ਭਾਵ ਜੋ ਬ੍ਰਾਹਮਣ ਕਹਿੰਦਾ ਹੈ ਉਹੀ ਕਰੋ, ਕੁੱਤਿਆਂ ਬਿੱਲੀਆਂ ਦੀ ਮੌਤ ਮਰੋ, ਸਵਰਗ ਦਾ ਲਾਲਚ ਕਰੋ) ਉਸਨੂੰ ਧਰਮ ਅਤੇ ਜਿਸ ਨੂੰ ਅਸ਼ੁਭ ਕਰਮ ਕਹਿੰਦੇ ਹਨ ਉਸਨੂੰ ਅਧਰਮ ਕਹਿਣਾ ਚਾਹੀਦਾ ਹੈ।'

ਮੂਲ ਨਿਵਾਸੀ ਰਾਜ ਬਿਤਰਾਸੁਰ ਨੇ ਵੀ ਆਰੀਅਨਾਂ ਤੋਂ ਰਾਜ ਵਾਪਸ ਖੋਹ ਲਿਆ ਸੀ।

(ਸਫਾ 202-03)

ਉਸਦੀ (ਬਿਤਰਾਸੁਰ ਦੀ) ਲਲਕਾਰ ਸੁਣਕੇ ਦੇਵਤੀ ਧਰਤੀ 'ਤੇ ਡਿੱਗ ਪਏ। ਤਾਂ ਬਿਤਰਾਸੁਰ ਨੇ ਸਭ ਨੂੰ ਲੱਤਾਂ ਨਾਲ਼ ਮਲ ਦਿੱਤਾ। ਇੰਦਰ ਨੇ ਗਦਾ ਚਲਾਈ ਬਿਤਰਾਸੁਰ ਨੇ ਕੱਟ ਦਿੱਤੀ। ...ਫੇਰ ਇੰਦਰ ਸਾਹਮਣੇ ਗਿਆ। ਦੈਂਤ ਨੇ ਕਿਹਾ, ਤੂੰ ਮਾਰਨ ਵਾਲ਼ੇ, ਮੇਰੇ ਸਾਹਮਣੇ ਆਇਆ ਹੈਂ। ਅੱਜ ਤੈਨੂੰ ਦੇਵਤਿਆਂ ਸਮੇਤ ਤਿਰਸ਼ੂਲ ਨਾਲ਼ ਮਾਰ ਕੇ ਯੱਗ ਕਰਾਂਗਾ... ਇਹ ਗੱਲ ਕਹਿ ਕੇ ਬਿਤਰਾਸੁਰ ਨੇ ਈਸ਼ਵਰ ਦੇ ਚਰਨਾਂ ਦਾ ਧਿਆਨ ਕਰਕੇ, ਇੰਦਰ ਦੀ ਗਦਾ ਖੋਹ ਲਈ ਤਾਂ ਇੰਦਰ ਗਦਾ ਖੋਹੀ ਜਾਣ 'ਤੇ ਸ਼ਰਮਸਾਰ ਹੋ ਗਿਆ।'

ਬਿਤਰਾਸੁਰ ਨੇ ਦੇਵਤਿਆਂ ਨੂੰ ਲੱਤਾਂ ਮਾਰ ਮਾਰ ਕੇ ਮਲ ਦਿੱਤਾ ਤੇ ਇੰਦਰ ਤੋਂ ਗਦਾ ਖੋਹ ਲਈ ਏਸੇ ਕਰਕੇ ਉਸਨੂੰ ਦੈਂਤ ਕਹਿ ਕੇ ਨਫ਼ਰਤ ਕਰਵਾਈ ਗਈ ਤੇ ਕਿਹਾ ਗਿਆ ਕਿ ਦੇਵਤਿਆਂ ਨੂੰ ਮਾਰਨ ਵਾਲ਼ੇ ਤਾਂ ਕੁੰਭੀ ਨਰਕ ਜਾਣਗੇ ਪ੍ਰੰਤੂ ਦੈਂਤਾਂ ਨੂੰ ਮਾਰਨ ਵਾਲ਼ੇ ਸੁਰਗ ਜਾਣਗੇ। ਏਸੇ ਕਰਕੇ ਕਿਹਾ ਗਿਆ ਹੈ ਕਿ ਵੇਦਾਂ ਸ਼ਾਸਤਰਾਂ ਦੀ ਗੱਲ ਨਾ ਮੰਨਣਾ ਅਧਰਮ ਹੈ। ਜਦੋਂ ਕਿ ਬ੍ਰਾਹਮਣਾਂ ਦੀ ਨਾ ਮੰਨਣਾ ਧਰਮ ਹੀ ਨਹੀਂ।

'ਬਿਤਰਾਸੁਰ ਚਿਤਰ ਕੇਤੂ ਨਾਮ ਦੇ ਸੱਤਾਂ ਦੀਪਾਂ ਦਾ ਰਾਜਾ ਸੀ। ਉਹ ਧਰਮ ਦਾ ਰਾਜ ਕਰਦਾ ਸੀ। (ਸਫਾ 205) ਧਰਮ ਦਾ ਰਾਜ ਕਰਨ ਵਾਲ਼ੇ ਹੀ ਬ੍ਰਾਹਮਣ ਲਈ ਦੁਸ਼ਟ, ਦੈਂਤ, ਰਾਖਸ਼ ਆਦਿ ਹਨ।

(ਸਫਾ 210) 'ਹਰਨਾਕਸ਼ਪ ਨੂੰ ਨਰਸਿੰਘ ਦਾ ਅਵਤਾਰ ਧਾਰ ਕੇ ਮਾਰਿਆ ਗਿਆ ਸੀ। ਅਤੇ ਹਰਨਾਖਸ਼ ਨੇ ਵੇਖਿਆ ਕਿ ਧਰਤੀ 'ਤੇ ਯੱਗ ਹੋਣ ਨਾਲ਼ ਦੇਵਤੇ ਖੁਸ਼ ਰਹਿੰਦੇ ਹਨ, ਸੋ ਕਿਸ ਕਿਸ ਨੂੰ ਹਟਾਇਆ ਜਾਏਗਾ। ਇਸ ਲਈ ਸਾਰੀ ਧਰਤੀ ਨੂੰ ਫੂੜ੍ਹੀ ਦੀ ਤਰ੍ਹਾਂ ਲਪੇਟ ਕੇ ਪਤਾਲ ਨੂੰ ਲੈ ਗਿਆ। (ਇਸ ਦਾ ਸਿੱਧਾ ਅਰਥ ਹੈ ਕਿ ਉਸਨੇ ਆਪਣਾ ਰਾਜ ਬ੍ਰਾਹਮਣ ਦੇਵਤਿਆਂ ਤੋਂ ਪੂਰੀ ਤਰ੍ਹਾਂ ਮੁਕਤ ਕਰਵਾ ਲਿਆ, ਤਾਂ ਨਰਾਇਣ ਨੇ ਬੈਰਾਹ ਅਵਤਾਰ ਧਾਰਨ ਕਰਕੇ ਪਤਾਲ 'ਚ (ਦੱਖਣ) ਜਾ ਕੇ ਹਰਨਾਕਸ਼ਪ ਨੂੰ ਮਾਰ ਕੇ ਸਿਰ 'ਤੇ ਧਰਤੀ ਉਠਾ ਲਿਆਇਆ। (ਭਾਵ ਉਸ ਦਾ ਰਾਜ ਖੋਹ ਲਿਆ)

ਭਾਰਤੀ ਮੂਲਵਾਸੀ ਰਾਜੇ ਆਪਣੀ ਧਰਤੀ ਨੂੰ ਬਚਾਉਣ ਲਈ ਉਸ ਦੀ ਰੱਖਿਆ ਕਰਨ ਲਈ ਕੀ ਸੋਚਦੇ ਸਨ, ਦੇਖੋ (ਸਫਾ 210) 'ਇਸ ਵਾਸਤੇ ਤੁਸੀਂ ਉਹਨਾਂ ਦਾ ਮੂਲ ਉਖਾੜਨ ਦਾ ਇਹ ਉਪਾ ਕਰੋ, ਜਿੱਥੇ ਰਿਸ਼ੀ ਤਪੱਸਵੀ, ਬ੍ਰਾਹਮਣ ਯੱਗ ਜਾਂ ਹਵਨ ਕਰਦੇ ਹੋਣ ਉਹਨਾਂ ਨੂੰ ਦੁਖੀ ਕਰੋ। ਸੰਸਾਰ ਵਿੱਚ (ਭਾਵ ਭਾਰਤੀ ਧਰਤੀ 'ਤੇ) ਕਿਸੇ ਨੂੰ ਤਪ ਅਤੇ ਜਪ ਅਤੇ ਹੋਰ ਭਜਨ ਮਤ ਕਰਨ ਦਿਉ। ਇਹ ਬਾਤ ਸੁਣ ਕੇ ਦੈਂਤ ਲੋਕ ਸਭ ਜਗ੍ਹਾ ਢੂੰਡ ਕੇ ਬ੍ਰਾਹਮਣਾਂ ਨੂੰ ਦੁੱਖ ਦੇਣ ਲੱਗੇ।' ਸਪੱਸ਼ਟ ਹੈ ਕਿ ਦੇਵਤਿਆਂ ਬ੍ਰਾਹਮਣਾਂ ਦਾ ਯੱਗ, ਹਵਨ, ਜਪ, ਤਪ, ਭਜਨ, ਮੂਲਵਾਸੀਆਂ ਤੋਂ ਰਾਜ ਖੋਹ ਲੈਣ ਦੇ ਤੌਰ ਤਰੀਕਿਆਂ ਨੂੰ ਘੜਨ ਦਾ ਇੱਕ ਉਪਰਾਲਾ ਮਾਤਰ ਸੀ। ਇਸੇ ਕਰਕੇ, ਬ੍ਰਾਹਮਣ ਆਦਿ ਜਿੱਥੇ ਵੀ ਇਕੱਠੇ ਹੁੰਦੇ, ਉਹ ਮੂਲਵਾਸੀ ਭਾਰਤੀ ਉਹਨਾਂ ਦੇ ਮਗਰ ਪਏ ਰਹਿੰਦੇ ਸਨ। ਵਾਲਮੀਕ ਰਮਾਇਣ ਦੇ ਸ਼ੁਰੂ ਵਿੱਚ ਹੀ ਕਿਹਾ ਗਿਆ ਹੈ ਕਿ ਰਾਵਣ ਆਪਣੇ ਖੇਤਰਾਂ ਵਿੱਚ ਬ੍ਰਾਹਮਣ ਦੇਵਤਿਆਂ ਨੂੰ ਯੱਗ ਨਹੀਂ ਸੀ ਕਰਨ ਦਿੰਦਾ। ਮਾਰਦਾ ਕੁੱਟਦਾ ਸੀ। ਪਸ਼ੂਆਂ ਨੂੰ ਖੋਲ੍ਹ ਦਿੰਦਾ ਸੀ। ਦੇਵਤੇ ਬਹੁਤ ਦੁਖੀ ਸਨ। ਕਾਰਨ ਤਾਂ ਬੜੀ ਅਸਾਨੀ ਨਾਲ਼ ਸਮਝ ਪੈਂਦਾ ਹੈ ਕਿ ਦੇਵਤੇ ਕਿਉਂ ਦੁਖੀ ਸਨ?

ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ 'ਚ ਪੰਡਤਾਂ ਦੀ ਰੱਥ ਯਾਤਰਾ, ਅਯੁੱਧਿਆ ਤੇ ਦਿੱਲੀ 'ਚ ਕੀਤੇ ਹੋਮ ਯੱਗ ਕਾਹਦੇ ਲਈ ਸਨ? ਮਥਰਾ ਦੇ ਬਿੰਦਰਾਬਨ ਦੇ ਇਲਾਕਿਆਂ 'ਚ ਉਹ ਯੱਗ ਕਿਉਂ ਕਰਨਾ ਚਾਹੁੰਦੇ ਸਨ? ਇਸ ਸਭ ਕੁੱਝ ਨੂੰ ਪੁਰ-ਾਤਨ ਸੰਘਰਸ਼ਾਂ ਦੇ ਪ੍ਰਸੰਗਾਂ ਵਿੱਚ ਰੱਖ ਕੇ ਸਮਝਣਾ ਕੋਈ ਔਖੀ ਗੱਲ ਨਹੀਂ ਹੈ।

(ਸਫਾ 212) 'ਤੂੰ (ਹਰਨਾਕਸ਼ਪ) ਹੁਣ ਸੱਤਾਂ ਦੀਪਾਂ ਦਾ ਰਾਜਾ ਹੋਇਆ। ....ਹੁਣ ਦੇਵਤਿਆਂ ਨੂੰ ਮਾਰ ਕੇ ਰਾਜ ਕਰੇਂਗਾ। ਸੱਤਾਂ ਦੀਪਾਂ ਨੂੰ ਜਿੱਤ ਕੇ ਰਾਜ ਕਰਨ ਲੱਗਾ ਤਾਂ ਦੇਵਤੇ ਬ੍ਰਹਮਾ ਪਾਸ ਗਏ ਤੇ ਕਿਹਾ ਕਿ ਉਹ ਸਾਡਾ ਸਭ ਕੁੱਝ ਖੋਹਕੇ ਸਾਨੂੰ ਨਸ਼ਟ ਕਰਨਾ ਚਾਹੁੰਦਾ ਹੈ। ਬ੍ਰਹਮਾ ਜੀ ਨੇ ਕਿਹਾ ਹੁਣ ਤੁਹਾਡਾ ਬੁਰਾ ਹਾਲ ਹੋਵੇਗਾ। ਸੋ ਜਾ ਕੇ 'ਲੁਕ ਛਿਪ ਕੇ ਤਪ ਕਰੋ।' ਜਦੋਂ ਤੁਹਾਡੇ ਭਾਗ ਅੱਛੇ ਹੋਣਗੇ ਤੁਹਾਡਾ ਰਾਜ ਹੋਵੇਗਾ। ਤਾਂ ਉਹ ਸਮੁੰਦਰ ਦੇ ਕਿਨਾਰੇ ਜਾ ਕੇ ਤਪ ਕਰਨ ਲੱਗੇ।' ਯਾਦ ਰਹੇ ਕਿ ਸ਼ੰਭੂਕ ਨੂੰ ਵਣਾਂ 'ਚ ਤਪ ਕਰਨ ਕਾਰਨ, ਰਾਮ ਚੰਦਰ ਨੇ ਬ੍ਰਾਹਮਣਾਂ ਦੇ ਕਹਿਣ 'ਤੇ ਕਤਲ ਕਰ ਦਿੱਤਾ ਸੀ। ਬ੍ਰਹਮਾਂ ਬ੍ਰਾਹਮਣਾਂ ਨੂੰ ਛੁਪ ਲੁਕ ਕੇ ਰਹਿਣ ਤੇ ਸੰਗਠਤ ਹੋਣ ਦੀ ਨਸੀਹਤ ਦਿੰਦਾ ਹੈ।

ਇਸ ਬਿਰਤਾਂਤ 'ਚੋਂ ਤਪ ਦਾ ਅਰਥ ਸਮਝ ਪੈਂਦਾ ਹੈ। ਉਹ ਵੀ ਲੁੱਕ ਛਿਪ ਕੇ, ਤਿਆਰੀ ਕਰਨ ਲਈ ਤੇ ਕੋਈ ਢੰਗ ਕੱਢ ਕੇ ਰਾਜ ਲੈਣ ਲਈ। ਜੋ ਤਰੀਕਾ ਈਜਾਦ ਕੀਤਾ ਉਸ ਬਾਰੇ (ਸਫਾ 212 'ਤੇ) ਲਿਖਿਆ ਹੈ:

'ਹਰਨਾਕਸ਼ਪ ਦਾ ਪੁੱਤਰ ਪ੍ਰਹਿਲਾਦ, ਗੁਰੂ ਬ੍ਰਾਹਮਣ ਸੰਤਾਂ ਤੋਂ ਪੜ੍ਹਿਆ। ਜਦੋਂ ਪਿਤਾ ਨੇ ਪ੍ਰਹਿਲਾਦ ਤੋਂ ਪੁੱਛਿਆ ਕਿ ਤੂੰ ਕੀ ਪੜ੍ਹਿਆ ਹੈਂ? ਤਾਂ ਉਸ ਨੇ ਕਿਹਾ, 'ਰਾਮ ਨਾਮ ਪੜ੍ਹਿਆ ਹੈ। ਸੰਤਾਂ ਦੀ ਸੇਵਾ ਕਰਨੀ, ਬ੍ਰਾਹਮਣਾਂ ਦੀ ਸੇਵਾ ਕਰਨੀ। ਮੈਂ ਤਾਂ ਇਹੀ ਅੱਛਾ ਸਮਝਿਆ ਹੈ। ਹੋਰ ਕੁੱਝ ਨਹੀਂ ਪੜ੍ਹਿਆ। ਉਸ ਨੇ ਪ੍ਰਹਿਲਾਦ ਨੂੰ ਕਿਹਾ ਕਿ ਮੂਰਖ ਤੂੰ ਇਹ ਨਹੀਂ ਜਾਣਦਾ ਕਿ ਜਿਸ ਨਰਾਇਣ ਨੇ ਮੇਰੇ ਭਰਾ ਨੂੰ ਮਾਰਿਆ ਹੈ ਤੂੰ ਉਸੇ ਦਾ ਨਾਂ ਜਪਦਾ ਹੈਂ, ਬੇਟਾ! ਆਪਣਾ ਧਰਮ ਛੱਡ ਕੇ ਦੂਜੇ ਦਾ ਧਰਮ ਧਾਰਨਾ ਚੰਗਾ ਨਹੀਂ ਹੈ।' (ਹਰਨਾਖਸ਼ ਇੱਕ ਦਮ ਸਹੀ ਸ਼ਿਖਸ਼ਾ ਦਿੰਦਾ ਹੈ, ਆਪਣੇ ਗੁੰਮਰਾਹ ਹੋਏ ਪੁੱਤਰ ਨੂੰ)

ਕੀ ਕੋਈ ਸਾਬਤ ਕਰ ਸਕਦਾ ਹੈ ਕਿ ਹਰਨਾਕਸ਼ਪ ਨੇ ਇਸ ਵਿੱਚ ਕੀ ਬੁਰਾ ਕਿਹਾ ਹੈ? ਜੇ ਪ੍ਰਹਿਲਾਦ ਬਦੇਸ਼ੀ ਬ੍ਰਾਹਮਣਾਂ ਦਾ ਪੜ੍ਹਾਇਆ ਪਿਤਾ ਦੇ ਵਿਰੋਧੀ ਭਾਵ ਦੁਸ਼ਮਣ ਦੇ ਗੁਣ ਗਾਵੇਗਾ ਤਾਂ ਪਿਤਾ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਹੈ। ਪ੍ਰਹਿਲਾਦ ਰਾਮ ਨਰਾਇਣ ਭਗਤ ਤਾਂ ਹੈ ਪ੍ਰੰਤੂ ਉਹ ਪਿਤਾ ਮਾਤਾ ਦੀ ਜਨਮ ਭੂਮੀ, ਰਾਜ ਭੂਮੀ ਅਤੇ ਸਮਾਜ ਦਾ ਵਿਰੋਧੀ ਹੈ। ਉਸਨੂੰ ਦੇਸ਼ ਧਰੋਹੀ ਕਿਹਾ ਜਾ ਸਕਦਾ ਹੈ। ਅਗਰ ਬਾਪ ਦੇਸ਼ ਧਰੋਹੀ ਨੂੰ ਸਜਾ ਦਿੰਦਾ ਹੈ ਤਾਂ ਇਸ ਵਿੱਚ ਕੁੱਝ ਵੀ ਬੁਰਾ ਨਹੀਂ ਹੈ। ਕਿਉਂਕਿ ਪ੍ਰਹਿਲਾਦ ਦੀ ਸਹਾਇਤਾ ਨਾਲ਼ ਹੀ ਨਰਾਇਣ ਨਰਸਿੰਘ ਦਾ ਰੂਪ ਧਾਰ ਕੇ, ਹਰਨਾਕਸ਼ਪ ਦੇ ਮਹਿਲ ਦੇ ਅੰਦਰ ਤੱਕ ਪਹੁੰਚ ਗਿਆ ਸੀ ਤੇ ਥਮ੍ਹਲਿਆਂ ਉਹਲੇ ਲੁਕ ਖੜੋਤਾ ਸੀ। (ਦੇਖੋ ਸਫਾ 215) ਜਦੋਂ ਹਰਨਾਕਸ਼ਪ ਪ੍ਰਹਿਲਾਦ ਨੂੰ ਮਾਰਨ ਲੱਗਾ ਤਾਂ, 'ਪ੍ਰਹਿਲਾਦ ਪਰਮੇਸ਼ਰ ਦਾ ਧਿਆਨ ਕਰਕੇ ਥਮ੍ਹਲੇ ਵੱਲ ਵੇਖਣ ਲੱਗਾ। ਉਸ ਵਿੱਚੋਂ ਨਰਾਇਣ ਨਰਸਿੰਘ ਦੇ ਅਵਤਾਰ ਨੇ ਦਰਸ਼ਨ ਦਿੱਤਾ। ਜਿਸ ਦਾ ਥੱਲੇ ਦਾ ਧੜ ਆਦਮੀ ਦਾ ਤੇ ਉੱਪਰ ਦਾ ਹਿੱਸਾ ਸ਼ੇਰ ਦਾ ਹੈ। ....

ਸੋ ਨਰਸਿੰਘ ਨੇ ਭਿਆਨਕ ਸਰੂਪ ਨਾਲ਼ ਉਸਦਾ ਪੇਟ ਨੌਹਾਂ ਨਾਲ ਪਾੜ ਦਿੱਤਾ। ....ਉਸਨੇ ਕਿਹਾ, ਇੰਦਰ ਨੇ ਮੇਰੇ ਸਰੀਰ 'ਤੇ ਗਦਾ ਮਾਰੀ ਪਰ ਉਹ ਟੁੱਟ ਗਈ। ਹੁਣ ਨੌਹਾਂ ਨਾਲ਼ ਮੇਰਾ ਪੇਟ ਪਾੜਿਆ ਜਾ ਰਿਹਾ ਹੈ।' ਭਾਵ ਇੱਕ ਲਾਚਾਰ ਤੇ ਨਿਹੱਥੀ ਸਥਿਤੀ 'ਚ ਪ੍ਰਹਿਲਾਦ ਨੇ ਪਿਉ ਨੂੰ, ਵਿਰੋਧੀ ਤੋਂ ਮਰਵਾ ਦਿੱਤਾ। ਸਿੱਟੇ ਵਜੋਂ ....ਨਰਸਿੰਘ (ਨਰਾਇਣ ਦਾ ਅਵਤਾਰ) ਉਸਦੀਆਂ ਆਂਦਰਾਂ ਦੀ ਮਾਲ਼ਾ ਪਹਿਨਕੇ ਰਾਜ ਸਿੰਘਾਸਣ 'ਤੇ ਬੈਠਾ। ਤਾਂ ਦੇਵਤਿਆਂ ਨੇ ਬ੍ਰਹਮਾ ਨੂੰ ਕਿਹਾ ਕਿ ਤੁਸੀਂ ਜਾ ਕੇ ਉਪਮਾ ਕਰੋ।'

(ਸਫਾ 217) ਨਰਸਿੰਘ ਜੀ ਨੇ ਪ੍ਰਹਿਲਾਦ ਨੂੰ ਰਾਜ ਸਿੰਘਾਸਣ 'ਤੇ ਬਿਠਾ ਕੇ ਤਿਲਕ ਲਗਾਇਆ। ਦੇਵਤਿਆਂ ਨੇ ਉਸਤਤੀ ਕੀਤੀ ਕਿ ਤੁਸੀਂ ਬਹੁਤ ਚੰਗਾ ਕੀਤਾ, ਅਜਿਹੇ ਅਧਰਮੀ ਨੂੰ ਮਾਰਿਆ।' ਜਦੋਂਕਿ ਹਰਨਾਕਸ਼ਪ ਧਰਮੀ ਹੈ। ਦੇਸ਼ ਦਾ ਰਾਖਾ ਹੈ।

ਹੁਣ ਇਹ ਕਥਾ ਸਾਡੇ ਸਾਹਮਣੇ ਹੈ। ਕੀ ਧਰਮ ਹੈ ਤੇ ਕੀ ਅਧਰਮ, ਇਸ ਨੂੰ ਸਮਝਣ ਲਈ ਤਾਂ ਮੋਟੀ ਬੁੱਧੀ ਹੀ ਕਾਫੀ ਹੈ। ਜੇ ਪਿਉ ਨੂੰ ਮਰਵਾ ਕੇ, ਰਾਜ ਭਾਗ, ਇੱਜ਼ਤ, ਸਨਮਾਨ ਖੁਹਾ ਕੇ, ਪ੍ਰਹਿਲਾਦ ਉੱਤਮ ਭਗਤ ਹੈ ਤਾਂ, ਇਨਸਾਨੀ ਦ੍ਰਿਸ਼ਟੀਕੋਣ ਤੋਂ ਇਹ ਧਰਮ ਦੇ ਨਾਂ 'ਤੇ ਕੋਰਾ ਅਧਰਮ ਅਤੇ ਮਹਾਂ ਪਾਪ ਹੈ। ਨਿਰਾ ਪਾਪ ਹੈ, ਧਰੋਹ ਹੈ। ਵਿਸ਼ੇਸ਼ ਤੌਰ 'ਤੇ ਇਸ ਹਕੀਕਤ ਨੂੰ ਸਮਝਣ ਦੀ ਲੋੜ ਉਸ ਬਹੁਜਨ ਸਮਾਜ ਨੂੰ ਹੈ, ਜਿਸਨੂੰ ਮੁੱਠੀ ਭਰ ਸ਼ੈਤਾਨ ਲੋਕਾਂ ਨੇ ਮੂਰਖ ਵੀ ਬਣਾਇਆ ਅਤੇ ਰੱਜ ਕੇ ਲੁੱਟਿਆ ਹੈ, ਅਧਰਮ ਨੂੰ ਧਰਮ ਕਹਿ ਕੇ। ਤੁਸੀਂ ਸੰਤ ਗੁਰੂ ਕਬੀਰ ਦਾ, ਇਸ ਪ੍ਰਸੰਗ ਵਿੱਚ ਇਹ ਸ਼ਲੋਕ ਸਮਝਣ ਦੀ ਕੋਸ਼ਿਸ਼ ਕਰੋ ਕਿ ;

'ਸੰਤੋ ਪਾਂਡੇ ਨਿਪੁੰਨ ਕਸਾਈ।'

ਇਸ ਸੱਚ ਨੂੰ ਪਰਖਣ ਲਈ ਮਦ ਭਾਗਵਤ ਦੀ ਕਥਾ (ਸਫਾ 227) ਇਉਂ ਹੈ:

'ਤਬ ਭਗਵਾਨ ਨੇ ਕਿਹਾ ....ਅਬ ਸਭ ਦੇਵਤਿਆਂ ਨੂੰ ਚਾਹੀਦਾ ਹੈ ਕਿ ਦੈਂਤਾਂ ਪਾਸ ਜਾ ਕੇ, ਉਹਨਾਂ ਨਾਲ਼ ਪ੍ਰੀਤ ਕਰਕੇ ਦੋਹੇਂ ਮਿਲ ਕੇ ਖੀਰ ਸਮੁੰਦਰ ਨੂੰ ਰਿੜਕਣ। ਮੰਦਰਾਚਲ ਦੀ ਮਧਾਣੀ ਬਣਾਈ ਜਾਵੇ, ਸੱਪਾਂ ਦੀ ਰੱਸੀ ਲਗਾਈ ਜਾਵੇ। ਉਸਨੂੰ ਰਿੜਕਣ ਨਾਲ਼ ਅੰਮ੍ਰਿਤ ਆਦਿ ਚੌਦਾਂ ਰਤਨ ਨਿੱਕਲਣਗੇ। ਉਹ ਅੰਮ੍ਰਿਤ ਦੇਵਤਿਆਂ ਨੂੰ ਪਿਆਉਂਗੇ ਤਾਂ ਅਮਰ ਹੋ ਕੇ ਦੈਂਤਾਂ ਨੂੰ ਜਿੱਤੋਂਗੇ। ਰਾਜ ਪਾਉਂਗੇ ਤਾਂ ਨੂੰ ਖੇਚ਼ਲ ਹੀ ਰਹੇਗੀ। ਕੁੱਝ ਨਹੀਂ ਮਿਲੇਗਾ। ਤੁਸੀਂ ਧੀਰਜ ਰੱਖੋ। ਜਿਸ ਤਰ੍ਹਾਂ ਸੱਪ ਨੇ ਜਾਲ਼ 'ਚ ਫਸ ਕੇ ਚੂਹੇ ਨਾਲ਼ ਮਿੱਤਰਤਾ ਕੀਤੀ ਸੀ। ....ਜੋ ਗੱਲ ਦੈਂਤ ਲੋਕ ਕਹਿਣ ਉਸ ਨੂੰ ਮੰਨ ਲੈਣਾ। ਅਧਿਕ ਲੋਭ ਨਾ ਕਰਨਾ।

ਉਸ ਸਮੇਂ ਬਲੀ ਰਾਜਾ ਸੀ। (ਬਲੀ, ਪ੍ਰਹਿਲਾਦ ਦਾ ਪੋਤਰਾ, ਵਿਰੋਚਨ ਦਾ ਲੜਕਾ, ਹਰਨਾਕਸ਼ਪ ਦਾ ਪੜਪੋਤਰਾ ਸੀ) ਸੋ ਬਲੀ ਕੋਲ਼ ਮਿੱਤਰਤਾ ਲਈ ਗਏ। ....ਤਾਂ ਰਾਜਾ ਬਲੀ ਨੇ ਕਿਹਾ ਅਸੀਂ ਮਦਦ ਤਾਂ ਦਿਆਂਗੇ ਪਰ ਅੰਮ੍ਰਿਤ ਆਦਿ ਸਭ ਚੀਜ਼ਾਂ ਨੂੰ ਵੰਡ ਲਵਾਂਗੇ। ਦੇਵਤਿਆਂ ਨੇ ਕਿਹਾ ਸਾਨੂੰ ਮਨਜ਼ੂਰ ਹੈ।'

ਦੇਖੋ ਦੇਵਤਿਆਂ ਦਾ ਭਗਵਾਨ, ਉਹਨਾਂ ਨੂੰ ਛਲ ਕਪਟ ਕਰਨਾ ਸਿਖਾਉਂਦਾ। ਤੇ ਇਹ ਵੀ ਕਹਿੰਦਾ ਹੈ ਕਿ ਤੁਸੀਂ ਦੈਂਤਾਂ ਦੀ ਗੱਲ ਮੰਨ ਲੈਣਾ। ਪਰ ਮੈਂ ਅੰਮ੍ਰਿਤ ਦੇਵਤਿਆਂ ਨੂੰ ਹੀ ਪਿਆ ਦਿਆਂਗਾ। ਅਸ਼ਕੇ ਜਾਈਏ ਅਜਿਹੇ ਭਗਵਾਨ ਦੇ। ਜੋ ਸੱਪ ਨੂੰ ਚੂਹਾ ਖਾਣ ਲਈ ਯਾਰੀ ਪਾਉਣ ਦੀਆਂ ਵਿਉਂਤਾਂ ਸਿਖਾਉਂਦਾ।

(ਸਫਾ 228 'ਤੇ) ਸ਼ਿਵ ਜੀ ਵੱਲੋਂ, ਹਾਥੀ ਦਾ ਸਿਰ ਕੱਟ ਕੇ, ਪਾਰਬਤੀ ਦੇ ਪੁੱਤਰ ਦੇ ਸਿਰ 'ਤੇ ਲਾ ਕੇ, ਗਣੇਸ਼ ਨੂੰ ਪੈਦਾ ਕਰਨ ਦੀ ਕਥਾ ਹੈ।

ਸਮੁੰਦਰ ਨੂੰ ਰਿੜਕੀਂਦਾ ਰਿਹਾ। ਰਤਨ ਨਿਕ਼ਲਦੇ ਰਹੇ, ਜਿਵੇਂ ਕਾਮਧੇਨ ਗਊ ਨਿਕ਼ਲੀ, ਇੱਕ ਘੋੜਾ ਨਿਕ਼ਲਿਆ। ਦੇਵਤੇ ਤੇ ਦੈਂਤ ਇਹਨਾਂ ਨੂੰ ਇੱਕ ਇੱਕ ਵੰਡਦੇ ਰਹੇ। ਅੰਤ ਅੰਮ੍ਰਿਤ ਨਿੱਕ਼ਲ ਆਇਆ। (ਸਫਾ 230) ਇੱਕ ਦੈਂਤ, ਧਨਵੰਤਰ ਤੋਂ ਅੰਮ੍ਰਿਤ ਦਾ ਕਲਸ ਖੋਹ ਕੇ ਦੌੜ ਗਿਆ ਕਿਉਂਕਿ ਅੱਧਾ ਭਾਗ ਉਹਨਾਂ ਦਾ ਸੀ। ਦੇਵਤੇ ਭਗਵਾਨ ਪਾਸ ਗਏ ਤਾਂ ਭਗਵਾਨ ਨੇ ਕਿਹਾ, 'ਤੁਹਾਡੇ ਕਹਿਣ 'ਤੇ ਦੈਂਤ ਅੰਮ੍ਰਿਤ ਨਹੀਂ ਦੇਣਗੇ, ਮੈਂ ਕੋਈ ਵਿਉਂਤ ਸੋਚਦਾ ਹਾਂ। ਦੈਂਤ ਘੜਾ ਲੈ ਕੇ ਚਲੇ ਗਏ ਤੇ ਆਪਸ ਵਿੱਚ ਲੜਨ ਝਗੜਨ ਲੱਗੇ। ....

ਸੋ ਉਸ ਸਮੇਂ ਭਗਵਾਨ ਮੋਹਣੀ ਸਰੂਪ ਧਾਰ ਕੇ ਉੱਥੇ ਆਏ। ਉਸ ਸੂਰਤ ਨੂੰ ਸਭ ਵੇਖਣ ਲੱਗੇ। ਜਿਸ ਦਾ ਰੂਪ ਦੇਖ ਕੇ ਦੇਵਤਾ ਦੈਂਤ ਮਨੁੱਖ ਯੋਗੀ ਤੇ ਮੁਨੀ ਸਭ ਮੋਹਿਤ ਹੋ ਗਏ। ....ਦੈਂਤ ਹੈਰਾਨ ਹੋ ਕੇ ਉਸ ਮੋਹਣੀ ਦਾ ਰੂਪ ਦੇਖ ਕੇ ਯੁੱਧ ਕਰਨੋਂ ਹਟ ਗਏ। ....ਉਹ ਰੂਪਵਤੀ ਦੈਂਤਾਂ ਨੂੰ ਮਸਕਰੀਆਂ ਕਰਦੀ ਉਹਨਾਂ ਵੱਲ ਗਈ। ਉਹਨਾਂ ਨੇ ਅਤੀ ਪ੍ਰਸੰਨ ਹੋ ਕੇ ਕਿਹਾ ਦੇਖੋ ਸਾਡਾ ਭਾਗ ਚਮਕਿਆ ਹੈ। ਜੋ ਐਸੀ ਸੋਹਣੀ ਔਰਤ ਜਿਸਦੇ ਬਰਾਬਰ ਤਰਲੋਕੀ ਵਿੱਚ ਕੋਈ ਨਹੀਂ ਹੋਏਗਾ ਸਾਡੇ ਵੱਲ ਆ ਰਹੀ ਹੈ। ....ਅਸੀਂ ਅੰਮ੍ਰਿਤ ਇਸ ਦੇ ਹੱਥ ਦੇ ਦਿੰਦੇ ਹਾਂ। ਆਪਸ ਵਿੱਚ ਝਗੜਾ ਚੰਗਾ ਨਹੀਂ।

(231) ....ਜਦੋਂ ਉਹ ਅਲੱਗ ਅਲੱਗ ਬੈਠ ਗਏ ਤਾਂ ਮੋਹਣੀ ਰੂਪ ਭਗਵਾਨ ਨੇ, ਇੱਕ ਕਲਸ ਜੋ ਛਲ (ਕਪਟ) ਦਾ ਬਣਿਆ ਸੀ ਜਿਸ ਵਿੱਚ ਦੋ ਰਖਣੇ ਬਣੇ ਹੋਏ ਸਨ, ਲੈ ਲਿਆ ਅਤੇ ਉਸ ਵਿੱਚ, ਦੋ ਕਲਸ, ਇੱਕ ਸ਼ਰਾਬ ਦਾ, ਦੂਜਾ ਅੰਮ੍ਰਿਤ ਦਾ ਭਰ ਕੇ ਵੰਡਣ ਲੱਗੀ। (ਜਿਸ ਤਰ੍ਹਾਂ ਹਰ ਵਾਰ ਰਾਜ ਭਾਗ ਬਦਲਣ ਵੇ਼ਲੇ ਸ਼ੂਦਰਾਂ ਦੇ ਘਰਾਂ 'ਚ ਸ਼ਰਾਬ ਦੇ ਪੰਪ ਲਗਾਏ ਜਾਂਦੇ ਹਨ ਤੇ ਸ਼ੂਦਰਾਂ ਨੂੰ ਟਕੇ ਸੇਰ ਖਰੀਦ ਕੇ, ਰਾਜ ਭਾਗ ਦਾ ਅੰਮ੍ਰਿਤ ਲੁੱਟ ਲਿਆ ਜਾਂਦਾ ਹੈ)

'ਜਿਸ ਵਕਤ ਦੈਂਤਾਂ ਵੱਲ ਵੰਡਣ ਜਾਂਦੀ ਤਾਂ ਸ਼ਰਾਬ (ਮਦਰਾ) ਪਿਆ ਆਉਂਦੀਤੇ ਦੇਵਤਿਆਂ ਨੂੰ ਅੰਮ੍ਰਿਤ ਪਿਲਾ ਆਉਂਦੀ੧ਓੀ। (ਇਹ ਹੈ ਕਰਤੂਤ ਕਪਟੀ ਭਗਵਾਨ ਦੀ)

ਜਦੋਂ ਵੰਡਦੇ ਵੰਡਦੇ, ਸੂਰਜ ਅਤੇ ਚੰਦਰਮਾ ਤੱਕ ਆਈ (ਭਾਵ ਸੂਰਜ ਵੰਸ਼ੀ ਤੇ ਚੰਦਰ ਵੰਸ਼ੀ ਲੋਕਾਂ ਤੱਕ) ਤਾਂ 'ਰਾਹੂ ਦੈਂਤ' ਨੇ ਦੇਖਿਆ ਕਿ ਇਹ ਤਾਂ ਛਲ ਨਾ਼ਲ ਅੰਮ੍ਰਿਤ ਦੇਵਤੇ ਲੈ ਗਏ, ਸਾਨੂੰ ਨਹੀਂ ਮਿਲੇਗਾ ਤਾਂ ਉਸ ਨੇ ਦੇਵਤਾ ਬਣ ਕੇ ਸੂਰਜ ਅਤੇ ਚੰਦਰਮਾ ਵਿੱਚਕਾਰ ਬੈਠ ਕੇ ਅੰਮ੍ਰਿਤ ਪੀ ਲਿਆ। ਸੂਰਜ ਅਤੇ ਚੰਦਰਮਾ ਨੇ ਪੁਕਾਰ ਕੇ ਕਿਹਾ, ਮਹਾਰਜ! ਇਹ ਦੈਂਤ ਹੈ, ਅੰਮ੍ਰਿਤ ਪੀ ਗਿਆ ਤਾਂ ਭਗਵਾਨ ਨੇ ਬਚਿਆ ਅੰਮ੍ਰਿਤ ਚੰਦਰਮਾ 'ਤੇ ਸੁੱਟ ਦਿੱਤਾ ਅਤੇ ਸੁਦਰਸ਼ਨ ਚੱਕਰ ਨਾ਼ਲ ਉਸ (ਰਾਹੂ) ਦਾ ਸਿਰ ਕੱਟ ਦਿੱਤਾ।' ਜੋ ਅੱਜ ਵੀ ਕੱਟਿਆ ਜਾਂਦਾ ਹੈ। ਪਰੰਤੂ ਮੂਰਖ ਸ਼ੂਦਰਾਂ ਨੂੰ ਇਸ ਦੀ ਸਮਝ ਨਹੀਂ ਪਈ।

ਅੱਜ ਸਾਨੂੰ ਜਿਸ ਵੱਡੀ ਗੱਲ ਦਾ ਪਤਾ ਲੱਗਦਾ ਹੈ ਉਹ ਹੈ 'ਰਾਹੂ'। (ਕੇਤੂ ਦਾ ਜ਼ਿਕਰ ਵੀ ਇਸੇ ਤਰ੍ਹਾਂ ਮਿਲੇਗਾ) ਰਾਹੂ ਜਿਸ ਨੂੰ, ਪੰਡਿਆਂ ਨੇ ਪੂਰੇ ਭਾਰਤ ਦੇ ਹਰ ਬੰਦੇ ਸਾਹਮਣੇ ਰਾਵਣ ਵਾਂਗ ਦੁਸ਼ਟ ਪੇਸ਼ ਕੀਤਾ ਹੈ, ਸਾਰੇ ਦੈਂਤਾਂ ਵਿੱਚੋਂ ਉਹੀ ਇੱਕ ਸਿਆਣਾ ਬੰਦਾ ਸੀ, ਜਿਸ ਨੂੰ ਅਖੀਰ ਸਮਝ ਲੱਗੀ ਕਿ ਭਗਵਾਨ ਨੇ ਉਹਨਾਂ ਨਾ਼ਲ ਧੋਖਾ ਕਰਕੇ ਸਾਰੀ ਸ਼ਕਤੀ ਦੇਵਤਿਆਂ ਨੂੰ ਵਰਤਾ ਦਿੱਤੀ ਹੈ। ਜਦ ਉਸਨੇ ਧੱਕੇ ਨਾ਼ਲ ਹਿੱਸਾ ਵੰਡਾ ਲਿਆ ਤਾਂ ਉਸਦਾ ਸਿਰ ਕੱਟ ਦਿੱਤਾ ਗਿਆ।

ਬ੍ਰਾਹਮਣਾਂ ਖੱਤਰੀਆਂ ਜਾਂ ਵੈਸ਼ਾਂ ਲਈ ਤਾਂ ਉਹ ਦੁਸ਼ਟ ਤੇ ਬੁਰਾ ਸੀ ਕਿਉਂਕਿ ਉਸਨੇ ਉਹਨਾਂ ਦਾ ਛਲ ਕਪਟ ਸਮਝ ਲਿਆ ਸੀ। ਪ੍ਰੰਤੂ ਸ਼ੂਦਰ ਵੀ ਉਸਨੂੰ ਰਾਵਣ, ਭੈਰੋਂ, ਹਰਨਾਖਸ਼ ਤੇ ਕੇਤੂ ਵਾਂਗ ਨਫ਼ਰਤ ਕਰਦੇ ਹਨ।

ਕਿੱਡੀ ਵੱਡੀ ਮੂਰਖਤਾ ਹੈ ਕਿ ਸਾਰੇ ਸ਼ੂਦਰ ਰਾਹੂ ਕੇਤੂ ਨੂੰ ਆਪਣੇ ਘਰੋਂ ਕੱਢਣ ਲਈ ਬ੍ਰਾਹਮਣ ਪਾਂਡਿਆਂ ਨੂੰ ਮੂੰਹ ਮੰਗਿਆ ਦਾਨ ਦਿੰਦੇ ਹਨ। ਰਾਹੂ ਕੇਤੂ ਦਾ ਪਹਿਰਾ ਖਤਮ ਕਰਾਉਂਦੇ ਹਨ ਜਦੋਂ ਕਿ ਰਾਹੂ ਬਿਤਰਾਸਰ ਤੇ ਮੈਧ ਵਾਂਗ ਹੀ ਇੱਕ ਸੁੱਘੜ ਸਿਆਣਾ ਤੇ ਬੁੱਧੀਮਾਨ ਸ਼ੂਦਰ ਸੀ। ਜਿਸ ਦੀ ਪੂਜਾ ਕਰਨੀ ਚਾਹੀਦੀ ਹੈ, ਉਸਨੂੰ ਬ੍ਰਾਹਮਣਾਂ ਦੇ ਕਹੇ ਸ਼ੂਦਰ ਘਰੋਂ ਕੱਢਦੇ ਹਨ।

ਜਿਸਨੂੰ ਦੂਰ ਦੂਰ ਕਰਨੀ ਚਾਹੀਦੀ ਸੀ ਉਸਨੂੰ ਭਗਤ ਕਹਿ ਕੇ ਉਸਦੀਆਂ ਵਾਰਾਂ ਗਾਉਂਦੇ ਹਨ ਤੇ ਜਿਹੜਾ ਭਗਵਾਨ ਤੀਵੀਂ ਬਣਕੇ ਛਲ ਕਰਦਾ ਹੈ ਉਸ ਮੂਹਰੇ ਅੱਡੀਆਂ ਗੋਡੇ ਰਗੜ ਕੇ, ਉਸਤੋਂ ਦੁੱਖਾਂ ਦਾ ਦਾਰੂ ਭਾ਼ਲਦੇ ਮਰ ਜਾਂਦੇ ਹਨ। (ਸਫਾ 232) ਕੁੱਝ ਸਿਆਣੇ ਦੈਂਤਾਂ ਨੂੰ ਜਦ ਸਾਰਾ ਕਿੱਸਾ ਪਤਾ ਚੱਲਿਆ ਤਾਂ ਦੇਵਤਿਆਂ ਅਤੇ ਦੈਂਤਾਂ ਵਿਚਕਾਰ ਲੜਾਈ ਛਿੜ ਪਈ। 'ਇੰਦਰ ਐਰਾਵਤ 'ਤੇ ਚੜ੍ਹਕੇ ਸੂਰਜ ਅਤੇ ਚੰਦਰਮਾ (ਆਰੀਆ ਵੰਸ਼ ਦੇ ਲੋਕ) ਨੂੰ ਲੈ ਆਇਆ। ਦੈਂਤਾਂ ਵੱਲੋਂ ਰਾਜਾ ਬਲੀ ਪ੍ਰਭਾਸ ਨਾਮ ਦੇ ਬਿਬਾਣ 'ਤੇ ਅਸਵਾਰ ਹੋ ਕੇ ਆਇਆ। ਜੋ ਮੈਧ ਦੈਂਤ ਨੇ ਬਣਾ ਕੇ ਦਿੱਤਾ ਸੀ।' ਪਰ ਇਸ ਲੜਾਈ ਵਿੱਚ ਦੇਵਤਿਆਂ ਨਾ਼ਲ ਸੁਰ ਮਿਲਾ ਕੇ, ਜਦੋਂ ਉਹਨਾਂ ਨੇ ਰਾਜਾ ਬਲੀ ਨੂੰ ਇਹ ਬੇਨਤੀ ਕੀਤੀ ਸੀ ਕਿ ਜੇ ਸਾਡਾ ਤੁਹਾਡਾ ਸੁਰ ਮਿਲ ਜਾਵੇ ਤਾਂ ਅੰਮ੍ਰਿਤ ਨਿੱਕ਼ਲ ਸਕਦਾ ਹੈ, ਸ਼ੂਦਰ ਮਾਤ ਖਾ ਗਏ। ਜਿਹੜਾ ਸ਼ੂਦਰ ਦੇ ਜਾ਼ਲ 'ਚ ਫਸ ਚੁੱਕਾ ਸੀ। ਉਸ ਨੇ ਚੂਹੇ ਨਾ਼ਲ ਆੜੀ ਪਾ ਕੇ ਜਾਲ ਵੀ ਕਟਵਾ ਲਿਆ ਤੇ ਚੂਹਾ ਵੀ ਨਿਗ਼ਲ ਲਿਆ। ਦੇਵਤੇ ਅੰਮ੍ਰਿਤ ਰਿੜਕਣ, ਭਾਵ ਰਾਜ ਭਾਗ ਲੁੱਟ ਲੈਣ ਦੇ ਚੌਦਾਂ ਸੂਤਰੀ ਪ੍ਰੋਗਰਾਮ ਵਿੱਚ ਕਾਮਯਾਬ ਹੋਏ ਅਤੇ ਰਾਜਾ ਬਲੀ ਮਾਰਿਆ ਗਿਆ।

ਸ਼ਿਵਜੀ ਦਾ ਰੂਪ ਵੇਖੋ:

(ਸਫਾ 223) ਜਿਸ ਮੋਹਣੀ ਮੂਰਤ ਭਗਵਾਨ ਨੇ ਸ਼ੂਦਰਾਂ ਨੂੰ ਮੋਹਤ ਕਰਕੇ ਛਲ ਕੀਤਾ ਉਸ ਦਾ ਰੂਪ ਵੇਖ ਕੇ 'ਮਹਾਂਦੇਵ ਜੀ ਮੋਹਤ ਹੋ ਗਏ।' ਪਾਰਬਤੀ ਦੀ ਜਿਦ ਕਾਰਨ ਸ਼ਿਵਜੀ ਨੇ ਉਹ ਮੋਹਣੀ ਮੂਰਤ, ਪ੍ਰਗਟ ਕਰਨ ਦਾ ਮੁੜ ਉਪਰਾਲਾ ਕੀਤਾ।

(ਸਫਾ 234) ਇੱਕ ਇਸਤਰੀ ਆਈ, ਸੁੰਦਰ ਭੂਸ਼ਨ (ਗਹਿਣੇ) ਪਹਿਨੇ ਹੋਏ, ਬਿਜਲੀ ਵਾਂਗ, ਮਹਾਂ ਦੇਵ ਦੀ ਤਰਫ਼ ਅੱਖ ਹੋਈ ਤਾਂ ਜ਼ਰਾ ਨੈਣ ਮਿਲਾ ਮੁਸਕਰਾਈ। ਸ਼ਿਵਜੀ ਦੇਖਦੇ ਹੀ ਕਾਮਾਤੁਰ ਹੋ ਕੇ ਮੋਹਤ ਹੋ ਗਏ।

ਮ੍ਰਿਗਛਾਲਾ ਸੁੱਟ ਦਿੱਤੀ (ਜੋ ਲੱਕ ਦੁਆ਼ਲੇ ਬੰਨ੍ਹੀ ਸੀ) ਪਾਰਬਤੀ ਨੂੰ ਇਕੱਲੀ ਛੱਡ ਕੇ ਮੋਹਨੀ ਵੱਲ ਨੰਗੇ ਦੌੜ ਪਏ। ....ਮਹਾਂਦੇਵ ਕਾਮ ਨਾ਼ਲ ਵਿਆਕੁਲ ਹੋਏ। ਕਾਮ ਦੀ ਲਗਾਮ ਖੁੱਲ੍ਹ ਗਈ ਅਤੇ ਵੀਰਜ ਨਿੱਕ਼ਲ ਪਿਆ। ਤਾਂ ਸ਼ਿਵਜੀ ਨੇ ਦੌੜ ਕੇ ਉਸ ਮੋਹਣੀ ਨੂੰ ਗ਼ਲ ਨਾ਼ਲ ਲਾਉਣਾ ਚਾਹਿਆ, ਉਹ ਭੱਜ ਕੇ ਅੱਗੇ ਨਿੱਕ਼ਲ ਗਈ। ....ਤਾਂ ਸ਼ਿਵਜੀ ਨੇ ਉਸਦਾ ਕੱਪੜਾ ਫੜ ਲਿਆ। ਉਸਦਾ ਅੰਗ ਨਜ਼ਰ ਆਇਆ, ਉਸ ਕੱਪੜੇ ਨੂੰ ਲੈ ਕੇ ਸ਼ਿਵਜੀ ਬੜੇ ਅਨੰਦਤ ਹੋਏ। ....ਅਤੇ ਉਹ ਨੰਗੇ ਹੋਏ ਮਗਰ ਮਗਰ ਦੌੜੇ।'

ਇਹ ਹੈ ਹਿੰਦੂਆਂ ਦਾ ਧਾਰਮਿਕ ਗ੍ਰੰਥ ਮਦ ਭਾਗਵਤ। ਇਹ ਹੈ ਉਹਨਾਂ ਦੇ ਛਲੀਆ ਭਗਵਾਨ ਦਾ ਮੋਹਣੀ ਰੂਪ। ਇਹ ਹੈ ਮਹਾਂਦੇਵ, ਭੋ਼ਲੇ ਨਾਥ ਜੋ ਮੂਲਵਾਸੀ ਹੈ ਪ੍ਰੰਤੂ ਕਾਮਪੂਰਤੀ ਵੱਸ ਬ੍ਰਾਹਮਣਾਂ ਨਾ਼ਲ ਜਾ ਖੜ੍ਹਿਆ। ਜੋ ਤੀਵੀਂ ਬਣੇ ਭਗਵਾਨ ਪਿੱਛੇ ਨੰਗਾ ਦੌੜਦਾ ਹੈ। ਤੇ ਭਗਵਾਨ ਤੀਵੀਂ ਬਣਕੇ ਸ਼ੂਦਰਾਂ ਅਤੇ ਮਹਾਂਦੇਵ ਭੋ਼ਲੇ ਨਾਥ ਦੀਆਂ ਤਸੱਲੀਆਂ ਕਰਵਾਉਂਦਾ। ਸੱਚ ਮੁੱਚ ਅਜਿਹੇ ਭਗਵਾਨ ਤੋਂ ਹੀ ਮੁਕਤੀ ਦੀ ਆਸ ਕੀਤੀ ਜਾ ਸਕਦੀ ਹੈ। ਭਵ ਸਾਗਰ ਤੋਂ ਪਾਰ ਲੰਘਿਆ ਜਾ ਸਕਦਾ ਹੈ ਕੁੰਭੀ ਨਰਕ ਤੋਂ ਬਚਿਆ ਜਾ ਸਕਦਾ ਹੈ। ਸੁਰਗ ਪ੍ਰਾਪਤ ਕੀਤਾ ਜਾ ਸਕਦਾ ਹੈ। ਪਾਪਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ।

ਵਿਚਾਰਾ "ਰਾਹੂ" ਅਕਲ ਵਰਤ ਕੇ ਐਡੀ ਗਲਤੀ ਕਰ ਬੈਠਾ ਕਿ ਸ਼ੂਦਰ, ਪੰਡਤਾਂ ਦੇ ਕਹੇ ਅੱਜ ਵੀ ਉਸ ਦੇ ਮਗਰ ਸੋਟਾ ਖਿੱਚੀ ਫਿਰਦੇ ਹਨ। ਰਾਹੂ ਦੀ ਕੀ ਮਜਾਲ ਜੋ ਬਨੇਰੇ 'ਤੇ ਆ ਕੇ ਪਿੱਤਰਾਂ ਤੇ ਕਾਵਾਂ ਦੀ ਥਾਂ ਮੱਲਣ ਦੀ ਹਿੰਮਤ ਕਰੇ।

(ਸਫਾ 235) 'ਦੇਖੋ, ਸੁੰਭ ਨਿਸੁੰਭ ਦੈਂਤ ਬੜੇ ਬਲੀ ਸਨ। ਜਦੋਂ ਭਵਾਨੀ (ਦੁਰਗਾ) ਰੂਪ ਮਾਇਆ (ਮਾਇਆ ਦਾ ਅਰਥ ਏਥੇ ਧਨ ਦੌਲਤ ਨਹੀਂ, ਛਲ ਕਪਟ ਹੈ) ਉਹਨਾਂ ਪਾਸ ਗਈ ਤਾਂ ਉਹ ਸਭ ਮੋਹਤ ਹੋ ਗਏ। (ਭੈਰੋਂ ਦੀ ਵੀ ਅਜਿਹੀ ਕਥਾ ਕਹਾਣੀ ਹੈ) ਤਾਂ ਭਵਾਨੀ ਨੇ ਕਿਹਾ, ਜੋ ਬਲੀ ਹੈ (ਭਾਵ ਤਾਕਤਵਰ) ਉਸ ਕੋ਼ਲ ਰਹਾਂਗੀ। ਸੋ ਦੋਨੋਂ ਆਪਸ ਵਿੱਚ ਲੜ ਕੇ ਮਰ ਗਏ।'

ਇਹਨਾਂ ਦੋਹਾਂ ਕਥਾਵਾਂ ਤੋਂ ਇਹ ਗੱਲ ਭਲੀ ਭਾਂਤ ਸਮਝ ਪੈਂਦੀ ਹੈ ਕਿ, ਰਾਜ ਭਾਗ ਖੋਹਣ ਲਈ ਛਲ ਕਪਟ, ਯੁੱਧ, ਭੇਦ, ਲਾਲਚ ਦੇ ਨਾ਼ਲ ਨਾ਼ਲ ਸੁੰਦਰ ਮਨ ਮੋਹਣੀਆਂ ਔਰਤਾਂ ਵੀ ਵੱਡਾ ਕਿੱਸਾ ਕਰ ਦਿਖਾਉਂਦੀਆਂ ਹਨ।

ਇੰਦਰ ਪਰੀਆਂ ਨੇ ਭਾਰਤੀ ਲੋਕਾਂ ਦਾ ਮਨ ਬਹੁਤ ਆਕਰਸ਼ਤ ਕੀਤਾ ਹੈ। ਭਾਰਤੀ ਫਿਲਮੀ ਦੁਨੀਆਂ ਦੀਆਂ ਨਾਇਕਾਵਾਂ ਨੇ, ਹਿੰਦੂ ਰਾਜ ਦੀ ਸਥਾਪਤੀ ਅਤੇ ਅਵਰਨ ਸਮਾਜ ਨੂੰ ਉ਼ਲਝਾਈ ਰੱਖਣ ਵਿੱਚ ਵਿਸ਼ੇਸ਼ ਤੇ ਕਾਬਲੇ ਤਾਰੀਫ਼ ਯੋਗਦਾਨ ਪਾਇਆ ਹੈ।

**(ਚਲਦਾ)**











ਇੰਡੀਅਨ ਕਮਿਊਨਿਟੀ ਸੈਂਟਰ ਮਿਲਪੀਟਸ ਵਿਖੇ ਭਾਰਤ ਦਾ ਗਣਤੰਤਰ ਦਿਵਸ ਪੂਰਨ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕੌਂਸਲ ਜਨਰਲ ਸ੍ਰੀ ਵੈਂਕਟੇਸ਼ਨ ਅਸ਼ੋਕ ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਊਸ਼ਾ ਅਸ਼ੋਕ, ਡਿਪਟੀ ਕੌਂਸਲ ਜਨਰਲ ਡਾ ਕੇ. ਜੇ. ਸ੍ਰੀਨਿਵਾਸਾ ਅਤੇ ਕੌਂਸਲ ਸ੍ਰੀ ਕੇ. ਵੈਂਕਟਰਮਨ ਨੇ ਆਏ ਮਹਿਮਾਨਾਂ ਦੇ ਨਾਲ ਮਿਲ ਕੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਇੰਡੀਅਨ ਕਮਿਊਨਿਟੀ ਦੇ ਮਾਣਯੋਗ ਸਵਰਗਵਾਸੀ ਸ੍ਰੀ ਲਾਹੌਰੀ ਰਾਮ ਜੀ ਕਮਿਸਨਰ ਦੇ ਸਪੁੱਤਰ ਅਟਾਰਨੀ ਪਾਲ ਰਾਮ, ਅਟਾਰਨੀ ਅਜੈ ਪਾਲ ਰਾਮ ਜੀ, ਜੂਨ ਮਹੀਨੇ ਵਿਚ ਅਸੈਂਬਲੀ ਦੀਆਂ ਚੋਣਾਂ ਲੜ ਰਹੇ ਡਾ. ਹਰਮੇਸ਼ ਕੁਮਾਰ, ਇੰਡੀਅਨ ਓਵਰਸੀਜ਼ ਕਾਂਗਰਸ ਪ੍ਰਧਾਨ ਦੇ ਸ੍ਰੀ ਪਾਲ ਸਹੋਤਾ ਜੀ, ਹਿੰਦੂ ਕਮਿਊਨਿਟੀ ਦੇ ਲੀਡਰ ਸ੍ਰੀ ਰਾਜ ਭਨੋਟ ਜੀ, ਸੁਪਰੀਮ ਕੌਂਸਲ ਆਫ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਜਨਰਲ ਸਕੱਤਰ ਸ੍ਰੀ ਓ. ਪੀ. ਬਾਲੀ ਤੋਂ ਇਲਾਵਾ ਕਮਿਊਨਿਟੀ ਦੀਆਂ ਕਈ ਨਾਮਵਰ ਸ਼ਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਚੀਨ ਦੇ ਕੌਂਸਲ ਜਨਰਲ ਸ੍ਰੀ ਮੈਂਗ ਜਿਆਂਗਜੂ ਨੇ ਵੀ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਦੀਆਂ ਕੁਝ ਯਾਦਗਾਰੀ ਤਸਵੀਰਾਂ।


# Heartiest congratulations on "Happy Indian Republic Day"

**"I feel that the constitution is workable, it is flexible and it is strong enough to hold the country together both in peacetime and in wartime. Indeed, if I may say so, if things go wrong under the new Constitution, the reason will not be that we had a bad Constitution. What we will have to say is that Man was vile."** ***- Babasaheb Dr. Ambedkar***



# Grant Line Insurance Agency, Inc.

## DBA Sky High Insurance Agency

One stop shop for all your Insurance needs

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

Call for Free Quote

**209-263-0860**

3244 W. Grant Line Rd., Tracy, CA 95304

Email:- Jas@Skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140

ਹਰਮਨ ਸਿੰਘ
ਏਜੰਟ
510-415-8154



## ਟਰੱਕ ਡਰਾਇਵਰ ਵੀਰਾਂ ਲਈ

# ਪੈਸੇ ਬਚਾਉਣ ਅਤੇ ਕਮਾਉਣ ਦਾ ਸੁਨਹਿਰੀ ਮੌਕਾ




* ਘਰ ਵਾਪਸੀ 'ਤੇ ਲੋਡ ਨਹੀਂ ਮਿਲ ਰਿਹਾ ਤਾਂ ਸਾਨੂੰ ਕਾਲ ਕਰੋ
* ਡਿਸਪੈਚਰਾਂ ਤੋਂ ਤੁਹਾਡੇ ਪੈਸਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗੇ
* ਸਾਨੂੰ, ਡਿਸਪੈਚਰ ਤਜਰਬੇ ਜਾਂ ਬਿਨਾਂ ਤਜਰਬੇ ਦੇ ਹੋਣ, ਲੋੜ ਹੈ
* ਤੇਲ ਐਡਵਾਂਸ ਅਤੇ ਤੁਰੰਤ ਪੇਅ ਉਪਲੱਬਧ

# SKZ LLC. BROKERAGE

* CAN'T FIND A LOAD TO COME HOME?
* TIRED OF DISPATCHERS TAKING YOUR MONEY?
* We are looking for freight dispatchers with or without exprience
* Fuel ADVANCE AND QUICKPAY AVAILABLE!!

CALL Todal :-

DEEPA: 925-354-8122
R.G. : 408-896-1234
RAVI: 925-978-3674
SKZDUBLIN@GMAIL.COM

**ਬਾਮਸੇਫ ਦੁਆਰਾ ਵਾਡਸਾਲ (ਗੁਜਰਾਤ) ਵਿਖੇ ਆਯੋਜਿਤ ਕੀਤੇ ਗਏ ਆਪਣੇ ਕੌਮੀ ਸੰਮੇਲਨ ਦੀਆਂ ਝਲਕੀਆਂ। ਦਸੰਬਰ ਵਿਚ ਹੋਏ ਇਸ ਚਾਰ ਦਿਨ ਦੇ ਸੰਮੇਲਨ ਦੀ ਸ੍ਰੀ ਤਾਰਾ ਰਾਮ ਮੀਨਾ ਅਤੇ ਸ੍ਰੀ ਸੁਬਾਚੈਨ ਰਾਮ (ਆਈ. ਆਰ. ਐਸ.) ਨੇ ਪ੍ਰਧਾਨਗੀ ਕੀਤੀ।**





























# ਰੋਹਿਤ ਵੇਮੁਲਾ ਦਾ ਆਖਰੀ ਸੁਨੇਹਾ



ਰੋਹਿਤ ਵੇਮੁਲਾ, 26 ਸਾਲਾ, ਹੈਦਰਾਬਾਦ ਯੂਨੀਵਰਸਿਟੀ ਦੇ ਸਮਾਜ ਵਿਗਿਆਨ ਵਿਭਾਗ ਤੋਂ ਵਿਗਿਆਨ, ਤਕਨੀਕੀ ਅਤੇ ਸਮਾਜ ਉਪਰ ਪੀ. ਐਚ. ਡੀ. ਕਰਨ ਵਾਲਾ ਵਿਦਿਆਰਥੀ, ਜੋ ਆਂਧਰਾ ਪ੍ਰਦੇਸ਼ ਦੇ ਗੁੰਟੂਰ ਜ਼ਿਲ੍ਹੇ ਦੇ ਦਲਿਤ ਪਰਿਵਾਰ ਵਿਚੋਂ ਸੀ। ਉਹ ਅੰਬੇਡਕਰ ਦੀ ਵਿਚਾਰਧਾਰਾ 'ਚ ਵਿਸ਼ਵਾਸ ਰੱਖਣ ਵਾਲਾ ਅਤੇ ਅੰਬੇਡਕਰ ਸਟੂਡੈਂਟਸ ਐਸੋਸੀਏਸ਼ਨ ਦਾ ਪ੍ਰਮੁੱਖ ਵਰਕਰ ਅਤੇ ਦਲਿਤਾਂ ਦੇ ਹੱਕਾਂ ਲਈ ਲੜਨ ਵਾਲਾ ਜੁਝਾਰੂ ਵਿਦਿਆਰਥੀ ਸੀ। ਪੜ੍ਹਾਈ 'ਚ ਅੱਵਲ ਦਰਜੇ ਦਾ ਵਿਦਿਆਰਥੀ, ਜਿਸ ਨੇ ਆਪਣੀ ਮਿਹਨਤ ਨਾਲ ਜੂਨੀਅਰ ਫੈਲੋਸ਼ਿਪ ਅਤੇ ਰਾਜੀਵ ਗਾਂਧੀ ਨੈਸ਼ਨਲ ਫੈਲੋਸ਼ਿਪ ਪ੍ਰਾਪਤ ਕੀਤੀ ਸੀ। ਉਸ ਦੀ ਮਾਂ ਦਾ ਕਹਿਣਾ ਹੈ ਕਿ ਉਹ ਪਰਿਵਾਰ ਲਈ ਰੋਜ਼ੀ-ਰੋਟੀ ਕਮਾਉਣ ਵਾਲਾ ਇਕਲੌਤਾ ਬੇਟਾ ਸੀ। ਉਹ ਵਜੀਫੇ ਦੇ ਪੈਸਿਆਂ 'ਚੋਂ ਕੁਝ ਪੈਸੇ ਬਚਾ ਕੇ ਘਰ ਭੇਜਦਾ ਸੀ। ਉਸ ਦੇ ਦੋਸਤ ਦਾ ਕਹਿਣਾ ਹੈ ਕਿ ਰੋਹਿਤ ਕਾਫੀ ਮਿਹਨਤੀ ਅਤੇ ਹੋਣਹਾਰ ਸੀ। ਉਹ ਬਹੁਤ ਜ਼ਿਆਦਾ ਦਿਆਲੂ ਵੀ ਸੀ। ਉਹ ਹ ਮੇਸ਼ਾ ਕਲਾਸ 'ਚ ਹਾਜ਼ਰ ਹੁੰਦਾ ਸੀ ਅਤੇ ਆਪਣਾ ਜ਼ਿਆਦਾ ਸਮਾਂ ਲਾਇਬ੍ਰੇਰੀ 'ਚ ਬਿਤਾਉਂਦਾ ਸੀ। ਉਹ ਦੂਸਰਿਆਂ ਲਈ ਪ੍ਰੇਰਨਾ ਸਰੋਤ ਸੀ। ਉਹ ਬਹੁਤ ਸੰਵੇਦਨਸ਼ੀਲ ਸੀ ਅਤ`ਆਲੇ ਦੁਆਲੇ ਦੀਆਂ ਚੀਜ਼ਾਂ ਤੋਂ ਜਲਦੀ ਉਦਾਸ ਵੀ ਹੋ ਜਾਂਦਾ ਸੀ। ਰੋਹਿਤ ਨੂੰ ਕ੍ਰਾਂਤੀਕਾਰੀ ਸਾਹਿਤ ਪੜ੍ਹਨ ਦਾ ਕਾਫੀ ਸ਼ੌਕ ਸੀ। ਉਸਦੀ ਕਵਿਤਾ 'ਚ ਵੀ ਦਿਲਚਸਪੀ ਸੀ। ਉਹ ਲੇਖਕ ਬਣਨਾ ਚਾਹੁੰਦਾ ਸੀ। ਉਸ ਨੂੰ ਪਹਾੜੀਆਂ ਉਪਰ ਚੜ੍ਹਨ ਦਾ ਸ਼ੌਕ ਸੀ। ਦਲਿਤ ਹੱਕਾਂ ਲਈ ਹੋਣ ਵਾਲੇ ਪ੍ਰਦਰਸ਼ਨਾਂ 'ਚ ਹਮੇਸ਼ਾ ਹਾਜ਼ਰ ਹੁੰਦਾ ਸੀ।

ਹੁਣ ਵੀ ਜਦੋਂ ਉਹ ਦਿੱਲੀ ਯੂਨੀਵਰਸਿਟੀ 'ਚ "ਮੁਜ਼ੱਫਰ ਨਗਰ ਅਭੀ ਬਾਕੀ ਹੈ'' ਫਿਲਮ ਦੇ ਪ੍ਰਦਰਬਨ ਨੂੰ ਜਿਹਨਾਂ ਹਿੰਦੂ ਪੱਖੀ ਵਿਦਿਆਰਥੀਆਂ ਨੇ ਰੋਕ ਦਿੱਤਾ ਸੀ ਤਾਂ ਵੁਸ ਦੇ ਵਿਰੁੱਧ ਪ੍ਰਦਰਸ਼ਨ ਕਰ ਰਹੇ ਸਨ, ਜਿਸ ਦੌਰਾਨ ਅਖਿਲ ਭਾਰੀਤਯ ਵਿਦਿਆਰਥੀ ਪ੍ਰੀਸ਼ਦ, ਜਿਸ ਨੂੰ ਹਿੰਦੂਵਾਦੀ ਸਮਝਿਆ ਜਾ ਰਿਹਾ ਹੈ, ਦੇ ਪ੍ਰਧਾਨ ਸੁਸ਼ੀਲ ਕੁਮਾਰ ਨਾਲ ਹੱਥੋਪਾਈ ਹੋਈ ਸੀ। ਇਸ ਨਿੱਕੀ ਜਿਹੀ ਗੱਲ ਨੂੰ ਆਧਾਰ ਬਣਾ ਕੇ ਸੁਸ਼ੀਲ ਕੁਮਾਰ ਐਂਡ ਪਾਰਟੀ ਨੇ ਪੁਲਿਸ ਸਟੇਸ਼ਨ 'ਚ ਸ਼ਿਕਾਇਤ ਦਰਜ ਕਰਵਾਈ ਸੀ। ਮੰਨਿਆ ਜਾਂਦਾ ਹੈ ਕਿ ਪੁਲਿਸ ਨੇ ਰਾਜਨੀਤਿਕ ਦਬਾਅ ਹੇਠ ਵਿਦਿਆਰਥੀਆਂ ਵਿਰੁੱਧ ਕਈ ਸੰਗੀਨ ਧਾਰਾਵਾਂ ਹੇਠ ਮਾਮਲਾ ਦਰਜ ਕਰ ਲਿਆ। ਇਸੇ ਦਬਾਅ ਕਰਕੇ ਹੀ ਅੰਬੇਡਕਰਵਾਦੀ ਅਤੇ ਹਮਾਇਤੀ ਸੰਗਠਨਾਂ ਦੀ ਆਵਾਜ਼ ਨੂੰ ਦਬਾਉਣ ਲਈ ਕੈਂਪਸ 'ਚ ਬਣ ਰਹੇ "ਰਾਸ਼ਟਰ ਵਿਰੋਧੀ, ਜਾਤੀਵਾਦੀ ਅਤੇ ਅੱਤਵਾਦੀ'' ਮਾਹੌਲ ਦਾ ਹਊਆ ਦਿਖਾ ਕੇ ਵਾਇਸ ਚਾਂਸਲਰ ਉਪਰ ਦਬਾਅ ਪਾਇਆ ਕਿ ਉਹ ਇਹਨਾਂ ਸੰਗਠਨਾਂ ਖਿਲਾਫ ਸਖਤ ਕਾਰਵਾਈ ਕਰਨ। ਹੈਰਾਨੀ ਦੀ ਗੱਲ ਇਹ ਹੈ ਕਿ ਪਹਿਲੀ ਜਾਂਚ 'ਚ "ਹੱਥੋਪਾਈ'' ਦੀ ਘਟਨਾ ਨੂੰ ਮਾਮੂਲੀ ਕਹਿ ਕੇ ਮਾਮਲਾ ਰਫਾ-ਦਫਾ ਕਰ ਦਿੱਤਾ ਗਿਆ ਪਰ ਬਾਅਦ ਵਿਚ ਰਾਜਨੀਤਿਕ ਦਬਾਅ ਹੇਠ ਰੋਹਿਤ ਵੇਮੁਲਾ ਅਤੇ ਉਸ ਦੇ 4 ਸਾਥੀਆਂ ਨੂੰ ਇਕ ਸਮੈਸਟਰ ਲਈ ਮੁਅੱਤਲ ਕਰਕੇ ਹੋਸਟਲ ਵਿਚੋਂ ਕੱਢ ਦਿੱਤਾ ਜਿਸ ਦੇ ਖਿਲਾਫ ਅੰਬੇਡਕਰ ਸਟੂਡੈਂਟਸ ਐਸੋਸੀਏਸ਼ਨ ਨੇ ਸੰਘਰਸ਼ ਕੀਤਾ, ਜਿਸ ਦਾ ਕੇਂਦਰ ਬਿੰਦੂ ਰੋਹਿਤ ਵੇਮੁਲਾ ਹੀ ਸੀ। ਉਹ ਖੁੱਲ੍ਹੇ ਅਸਮਾਨ 'ਚ ਰਹਿ ਕੇ ਪ੍ਰਸ਼ਾਸਨ ਦੇ ਵਿਰੁੱਧ ਆਵਾਜ਼ ਬੁਲੰਦ ਕਰ ਰਹੇ ਸਨ ਅਤੇ ਉਹਨਾਂ ਨੂੰ ਆਸ ਸੀ ਕਿ ਅਧਿਕਾਰੀ ਗਣ ਉਨ੍ਹਾਂ ਨੂੰ ਗੱਲਬਾਤ ਲਈ ਬੁਲਾਉਣਗੇ ਪਰ ਵਾਈਸ ਚਾਂਸਲਰ ਨੇ ਜਿਵੇਂ ਇਨ੍ਹਾਂ ਨੂੰ ਸਬਕ ਸਿਖਾਉਣ ਦਾ ਮਨ ਬਣਾਇਆ ਹੋਇਆ ਸੀ। ਉਸਨੇ ਵਿਦਿਆਰਥੀਆਂ ਨੂੰ ਗੱਲਬਾਤ ਲਈ ਸੱਦਾ ਨਾ ਦਿੱਤਾ। ਸੰਘਰਸ਼ ਦੀਆਂ ਸਾਰੀਆਂ ਤਸਵੀਰਾਂ ਫੇਸਬੁੱਕ ਉਪਰ ਦੇਖੀਆਂ ਜਾ ਸਕਦੀਆਂ ਹਨ, ਜਿਸ ਵਿਚ ਕਿਸ ਤਰ੍ਹਾਂ ਵਿਦਿਆਰਥੀ ਆਪਣਾ ਬੋਰੀਆ-ਬਿਸਤਰਾ ਚੁੱਕ ਕੇ, ਬਾਬਾ ਸਾਹਿਬ ਦੀਆਂ ਤਸਵੀਰਾਂ ਉਠਾਈ ਫਿਰਦੇ ਹਨ। ਖੁੱਲ੍ਹ ਅਸਮਾਨ ਹੇਠਾਂ ਸੌਂਦੇ ਹੋਏ, ਆਪਣੇ ਹੱਕਾਂ ਦੀ ਲੜਾਈ ਲੜਦੇ ਦਿਖਾਈ ਦਿੰਦੇ ਹਨ। ਰੋਹਿਤ ਇਸ ਗੱਲੋਂ ਵੀ ਪ੍ਰੇਸ਼ਾਨ ਸੀ ਕਿ ਉਸਨੂੰ ਇਹ ਲੜਾਈ ਖਤਮ ਹੁੰਦੀ ਨਹੀਂ ਸੀ ਲੱਗਦੀ। ਜੇਕਰ ਵਾਇਸ ਚਾਂਸਲਰ ਸਮਝਦਾਰੀ ਤੋਂ ਕੰਮ ਲੈਂਦਾ ਜਦੋਂ ਰੋਹਿਤ ਨੇ ਉਸਨੂੰ ਵਿਅੰਗਮਈ ਪਹਿਲੀ ਚਿੱਠੀ ਲਿਖੀ, ਜਿਸ 'ਚ ਰੋਹਿਤ ਨੇ ਦਲਿਤ ਸਮੱਸਿਆ ਦਾ ਫਾਹਾ ਵੱਢਣ ਲਈ ਦਾਖਲੇ ਵੇਲੇ ਹੀ ਹਰੇਕ ਦਲਿਤ ਵਿਦਿਆਰਥੀ ਨੂੰ 10 ਮਿਲੀਗ੍ਰਾਮ ਜ਼ਹਿਰ ਅਤੇ ਵਧੀਆ ਰੱਸੀ ਮੁਹੱਈਆ ਕਰਾਉਣ ਦਾ ਸੁਝਾਅ ਦਿੱਤਾ ਸੀ ਕਿ ਅੰਬੇਡਕਰ ਨੂੰ ਪੜ੍ਹਨ ਵਾਲੇ ਅਤੇ ਸਵੈਮਾਨ ਲਹਿਰ ਨਾਲ ਜੁੜੇ ਵਿਦਿਆਰਥੀ ਲੋੜ ਪੈਣ 'ਤੇ ਖਾ ਲੈਣ ਜਾਂ ਰਾਜਨੀਤਿਕ ਈਨ ਨਾਂ ਮੰਨਦਾ ਅਤੇ ਦੋਹਾਂ ਧਿਰਾਂ ਨੂੰ ਬੁਲਾ ਕੇ ਕੋਈ ਹੱਲ ਕੱਢਣ ਦਾ ਹੱਲ ਕਰਦਾ, ਇਸ ਦੁਖਾਂਤ ਨੂੰ ਰੋਕਿਆ ਜਾ ਸਕਦਾ ਸੀ।

ਦੇਸ਼ ਇਕ ਹੋਣਹਾਰ ਸਕਾਲਰ ਤੋਂ ਵਾਂਝਾ ਹੋ ਗਿਆ, ਪਤਾ ਨਹੀਂ ਅੱਗੇ ਚੱਲ ਕੇ, ਦੇਸ਼ ਲਈ ਉਸ ਨੇ ਕੀ ਕੁਝ ਕਰਨਾ ਸੀ, ਅਜੇ ਤਾਂ ਉਸ ਦੀ "ਮੌਲੀਕਿਊਲਰ ਮਾਇਕ੍ਰੋਬਜ਼'' ਵਿਸ਼ੇ ਸਬੰਧੀ ਰਿਸਰਚ ਮਨਜ਼ੂਰ ਹੀ ਹੋਈ ਸੀ। ਅੱਗੇ ਚੱਲ ਕੇ ਇਹੋ ਜਿਹਾ ਵਿਦਿਆਰਥੀ ਕੀ ਕੁਝ ਕਰਦਾ, ਕੋਈ ਵੀ ਅੰਦਾਜ਼ਾ ਨਹੀਂ ਲਾ ਸਕਦਾ।

ਹੁਣ ਕੀ ਹੋ ਰਿਹਾ ਹੈ ਜਾਂ ਅੱਗੋਂ ਕੀ ਹੋਵੇਗਾ? ਕੀ ਕਿਸੇ ਨੂੰ ਦੋਸ਼ੀ ਠਹਿਰਾ ਕੇ ਸਜ਼ਾ ਮਿਲੇਗੀ? ਜਾਂ ਅਸੀਂ ਉਸ ਦੀ ਮੌਤ ਤੋਂ ਭਵਿੱਖ ਵਾਸਤੇ ਕੋਈ ਸਬਕ ਸਿੱਖਾਂਗੇ? ਕੀ ਅਸੀਂ ਆਪਣੇ ਵਿਦਿਅਕ ਅਦਾਰਿਆਂ ਨੂੰ "ਰਾਜਨੀਤਿਕ ਅਖਾੜੇ'' ਬਣਨ ਤੋਂ ਰੋਕ ਸਕਦੇ ਹਾਂ? ਕੀ ਵਿਦਿਆਰਥੀਆਂ ਨੂੰ ਪਾਕ-ਸਾਫ ਤੇ ਸ਼ਾਂਤਮਈ ਮਾਹੌਲ ਦੇ ਪਾਵਾਂਗੇ, ਜਿੱਥੇ ਉਹ ਦੇਸ਼ ਅਤੇ ਵਿਸ਼ਵ ਲਈ ਨਵੀਆਂ ਖੋਜਾਂ ਕਰਕੇ ਇਸ ਧਰਤੀ ਦੇ ਮਨੁੱਖੀ ਜੀਵਨ ਨੂੰ ਸੁਖਾਲਾ ਬਣਾ ਸਕਣ? ਅੱਜ ਤੁਸੀਂ ਕਿਸੇ ਵੀ ਯੂਨੀਵਰਸਿਟੀ ਵਿਚ ਜਾਓ ਤਾਂ ਉਸ ਦੀਆਂ ਕੰਧਾਂ ਉਪਰ ਲੱਗੇ ਆਪਸ-ਵਿਰੋਧੀ ਇਸ਼ਤਿਹਾਰਾਂ ਤੋਂ ਲੱਗਦਾ ਹੈ ਕਿ ਜਿਵੇਂ ਹੁਣ ਹੀ ਗ੍ਰਹਿਯੁੱਧ ਛਿੜਨ ਵਾਲਾ ਹੈ।

ਹੁਣ ਹਰ ਪਾਰਟੀ ਚਾਹੇ ਉਹ ਸੱਤਾਧਾਰੀ ਹੈ ਜਾਂ ਗੈਰ-ਸੱਤਾਧਾਰੀ, ਰੋਹਿਤ ਵੇਮੁਲਾ ਦੀ ਮੌਤ ਉਪਰ ਮਗਰਮੱਛ ਦੇ ਹੰਝੂ ਵਹਾ ਰਹੀ ਹੈ। ਹਰ ਰਾਜਨੀਤਿਕ ਪਾਰਟੀ, ਰੋਹਿਤ ਦੇ ਸਿਵੇ ਦੀ ਅੱਗ ਉਪਰ ਆਪਣੇ ਹਿੱਤਾਂ ਦੀਆਂ ਰੋਟੀਆਂ ਸੇਕੇਗੀ। ਪਾਰਲੀਮੈਂਟ 'ਚ ਸਵਾਲ-ਜਵਾਬ ਹੋਣਗੇ, ਰੌਲ਼ਾ-ਰੱਪਾ ਪਵੇਗਾ, ਕਾਰਵਾਈ ਠੱਪ ਹੋਵੇਗੀ। ਪੀੜਤਾਂ ਨੂੰ ਥੋੜ੍ਹੀ-ਬਹੁਤੀ ਰਾਹਤ ਦੇ ਕੇ, ਜਾਂਚ ਕਮਿਸ਼ਨ ਬਿਠਾ ਕੇ, ਫਿਰ ਉਸ ਦੀਆਂ ਰਿਪੋਰਟਾਂ ਨੂੰ ਲਾਲ ਫੀਤਾਸ਼ਾਹੀ ਧੂੜ 'ਚ ਰੁਲਣ ਲਈ ਦਬਾਅ ਕੇ, ਆਪਣੇ ਹੱਥ ਝਾੜ ਲਵੇਗੀ, ਇਕ ਹੋਰ ਰੋਹਿਤ ਦੇ ਖ਼ੁਦਕੁਸ਼ੀ ਕਰਨ ਤੱਕ?

ਕਿੰਨਾ ਚੰਗਾ ਹੋਵੇ ਕਿ ਅਸੀਂ ਆਪਣੀ ਜ਼ਮੀਰ ਨੂੰ ਟਟੋਲੀਏ ਅਤੇ ਉਨ੍ਹਾਂ ਕਾਰਨਾਂ ਨੂੰ ਲੱਭਣ ਦੀ ਕੋਸ਼ਿਸ਼ ਕਰੀਏ ਜਿਸ ਦਾ ਸ਼ਿਕਾਰ ਰੋਹਿਤ ਵੇਮੁਲਾ ਨੂੰ ਹੋਣਾ ਪਿਆ। ਆਓ ਰੋਹਿਤ ਦੇ ਦਰਦ ਨੂੰ ਜਾਨਣ ਦੀ ਕੋਸ਼ਿਸ਼ ਕਰੀਏ, ਜਿਹੜਾ ਉਸ ਦੇ ਆਖਰੀ ਸੁਨੇਹੇ 'ਚ ਛੁਪਿਆ ਹੋਇਆ ਹੈ, ਜੋ ਮਰਨ ਤੋਂ ਪਹਿਲਾਂ ਉਹ ਸਾਡੇ ਲਈ ਲਿਖ ਗਿਆ ਹੈ:

**ਸ਼ੁਭ ਸਵੇਰ**

ਜਦੋਂ ਤੁਸੀਂ ਇਹ ਖ਼ਤ ਪੜ੍ਹ ਰਹੇ ਹੋਵੋਗੇ, ਤਾਂ ਮੈਂ ਤੁਹਾਡੇ ਵਿਚਕਾਰ ਨਹੀਂ ਹੋਣਾ। ਮੇਰੇ ਨਾਲ ਨਰਾਜ਼ ਨਹੀਂ ਹੋਣਾ। ਮੈਨੂੰ ਪਤਾ ਤੁਹਾਡੇ ਵਿੱਚੋਂ ਕਈਆਂ ਨੇ ਮੇਰਾ ਬਹੁਤ ਖਿਆਲ ਰੱਖਿਆ, ਮੇਰੇ ਨਾਲ ਪਿਆਰ ਕੀਤਾ ਤੇ ਚੰਗਾ ਸਲੂਕ ਕੀਤਾ। ਮੈਨੂੰ ਕਿਸੇ ਨਾਲ ਕੋਈ ਸ਼ਕਾਇਤ ਨਹੀਂ। ਮੈਨੂੰ ਖੁਦ ਨਾਲ ਹੀ ਹਮੇਸ਼ਾ ਸਮੱਸਿਆ ਰਹੀ ਹੈ। ਮੈਂ ਹਮੇਸ਼ਾ ਆਪਣੇ ਮਨ ਅਤੇ ਸਰੀਰ 'ਚ ਵਧਦੇ ਪਾੜੇ ਨੂੰ ਮਹਿਸੂਸ ਕਰਦਾ ਰਿਹਾ। ਅਤੇ ਆਖਿਰ ਮੈਂ ਦੈਂਤ ਬਣ ਗਿਆ। ਮੈਂ ਹਮੇਸ਼ਾ ਲੇਖਕ ਬਣਨਾ ਚਾਹੁੰਦਾ ਸੀ। ਸਾਇੰਸ ਦਾ ਲੇਖਕ, ਕਾਰਲ ਸਗਾਨ ਵਾਂਗੂੰ। ਅਖੀਰ 'ਚ ਇਹੀ ਇਕ ਖ਼ਤ, ਮੈਂ ਲਿਖ ਰਿਹਾ ਹਾਂ।

ਮੈਂ ਸਾਇੰਸ ਨੂੰ ਪਿਆਰ ਕਰਦਾ ਸੀ, ਸਿਤਾਰਿਆਂ ਨੂੰ, ਕੁਦਰਤ ਨੂੰ, ਪ੍ਰੰਤੂ ਫਿਰ ਮੈਂ ਲੋਕਾਂ ਨੂੰ ਪਿਆਰ ਕਰਨ ਲੱਗ ਪਿਆ, ਬਿਨਾਂ ਇਹ ਜਾਣੇ ਕਿ ਲੋਕ ਤਾਂ ਚਿਰਾਂ ਤੋਂ ਕੁਦਰਤ ਨਾਲੋਂ ਟੁੱਟ ਚੁੱਕੇ ਹਨ। ਸਾਡੀਆਂ ਭਾਵਨਾਵਾਂ ਘਿਸੀਆਂ-ਪਿਟੀਆਂ ਹਨ। ਸਾਡਾ ਪਿਆਰ ਬਣਾਉਟੀ ਹੈ। ਸਾਡੇ ਵਿਸ਼ਵਾਸ ਝੂਠੇ ਹਨ। ਸਾਡੀ ਮੌਲਿਕਤਾ ਨਕਲੀ ਕਲਾ ਰਾਹੀਂ ਸਾਹਮਣੇ ਆ ਰਹੀਂ ਹੈ। ਬਿਨਾਂ ਚੋਟ ਖਾਣ ਤੋਂ, ਪਿਆਰ ਕਰਨਾ ਮੁਸ਼ਕਲ ਹੋ ਗਿਆ ਹੈ।

ਹਰਮੇਸ਼ ਜੱਸਲ
094644-83080

ਇਨਸਾਨ ਦੀ ਕੀਮਤ ਉਸ ਦੀ ਬਾਹਰੀ ਪਹਿਚਾਣ ਅਤੇ ਨਜ਼ਦੀਕੀ ਸੰਭਾਵਨਾ ਤੱਕ ਸੀਮਤ ਹੋ ਕੇ ਰਹਿ ਗਈ ਹੈ। ਇਕ ਵੋਟ, ਇਕ ਅੰਕੜੇ ਤੇ ਇਕ ਵਸਤੂ ਤੱਕ। ਇਨਸਾਨ ਨੂੰ ਕਦੀ ਵੀ ਉਸ ਦੇ ਦਿਮਾਗ ਤੋਂ ਨਹੀਂ ਜਾਣਿਆ, ਉਹ ਮਹਾਨ ਚੀਜ਼ ਜੋ ਸਿਤਾਰਿਆਂ ਦੀ ਧੂੜ ਤੋਂ ਬਣੀ ਸੀ। ਹਰ ਖੇਤਰ 'ਚ,ਸੜਕਾਂ ਤੇ ਰਾਜਨੀਤੀ 'ਚ, ਜਿਊਣ ਤੇ ਮਰਨ 'ਚ।

ਇਸ ਕਿਸਮ ਦਾ ਖ਼ਤ ਮੈਂ ਪਹਿਲੀ ਵਾਰ ਲਿਖ ਰਿਹਾ ਹਾਂ। ਪਹਿਲੀ ਵਾਰ ਆਖਰੀ ਖ਼ਤ। ਅਗਰ ਇਸਦਾ ਕੋਈ ਮਤਲਬ ਨਾ ਨਿਕਲੇ ਤਾਂ ਮੈਨੂੰ ਮਾਫ਼ ਕਰ ਦੇਣਾ।

ਹੋ ਸਕਦਾ ਹੈ, ਮੈਂ ਦੁਨੀਆਂ ਨੂੰ ਪੂਰੀ ਤਰ੍ਹਾਂ ਸਮਝਣ 'ਚ ਗਲਤ ਹੋਵਾਂ। ਪਿਆਰ, ਦਰਦ, ਜੀਵਨ,ਮੌਤ ਨੂੰ ਸਮਝਣ 'ਚ। ਕੋਈ ਬਹੁਤ ਜਰੂਰੀ ਵੀ ਨਹੀਂ। ਪ੍ਰੰਤੂ ਮੈਂ ਹਮੇਸ਼ਾ ਕਾਹਲ 'ਚ ਸੀ।

ਬੇਚੈਨ ਸੀ, ਇਕ ਜੀਵਨ ਸ਼ੁਰੂ ਕਰਨ ਲਈ। ਇਸ ਪੂਰੇ ਸਮੇਂ 'ਚ ਮੇਰੇ ਵਰਗੇ ਲੋਕਾਂ ਲਈ ਜੀਵਨ ਇਕ ਸਰਾਪ ਹੀ ਰਿਹਾ। ਮੇਰਾ ਜਨਮ ਇਕ ਮੰਦਭਾਗੀ ਦੁਰਘਟਨਾ ਸੀ। ਮੈਂ ਆਪਣੇ ਬਚਪਨ ਦੇ ਇਕੱਲੇਪਣ 'ਚੋਂ ਕਦੀ ਬਾਹਰ ਹੀ ਨਹੀਂ ਨਿਕਲ ਸਕਿਆ। ਆਪਣੇ ਭੂਤਕਾਲ ਦਾ ਮੈਂ ਕਦਰਹੀਣ ਬੱਚਾ ਸਾਂ।

ਇਸ ਵਕਤ ਮੈਨੂੰ ਕੋਈ ਦੁੱਖ ਨਹੀਂ। ਮੈਂ ਉਦਾਸ ਨਹੀਂ ਹਾਂ। ਮੈਂ ਬਸ ਖਾਲੀ ਹਾਂ। ਮੈਨੂੰ ਆਪਣੇ ਨਾਲ ਕੋਈ ਲਗਾਓ ਨਹੀਂ। ਇਹ ਬੜਾ ਤਰਸਯੋਗ ਹੈ। ਅਤੇ ਇਸੇ ਕਰਕੇ, ਮੈਂ ਅਜਿਹਾ ਕਰਨ ਜਾ ਰਿਹਾ ਹਾਂ।

ਲੋਕ ਮੈਨੂੰ ਬੁਜ਼ਦਿਲ ਕਹਿਣਗੇ। ਮੇਰੇ ਜਾਣ ਤੋਂ ਬਾਅਦ ਸਵਾਰਥੀ ਤੇ ਬੇਵਕੂਫ ਵੀ ਕਹਿਣਗੇ। ਮੈਨੂੰ ਕੋਈ ਪ੍ਰਵਾਹ ਨਹੀਂ ਕਿ ਮੈਨੂੰ ਕੀ ਕਹਿਣਗੇ। ਮੈਨੂੰ ਮੌਤ ਤੋਂ ਬਾਅਦ ਦੀਆਂ ਕਹਾਣੀਆਂ 'ਚ ਯਕੀਨ ਨਹੀਂ, ਨਾ ਭੂਤਾਂ 'ਚ, ਨਾ ਰੂਹਾਂ 'ਚ। ਅਗਰ ਮੈਨੂੰ ਯਕੀਨ ਹੈ ਤਾਂ ਸਿਰਫ ਸਿਤਾਰਿਆਂ ਤੱਕ ਦੀ ਯਾਤਰਾ ਅਤੇ ਦੂਸਰੀ ਦੁਨੀਆਂ ਨੂੰ ਜਾਨਣ 'ਚ।

ਤੁਸੀਂ, ਜਿਹੜੇ ਇਸ ਖ਼ਤ ਨੂੰ ਪੜ੍ਹ ਰਹੇ ਹੋ, ਅਗਰ ਮੇਰੇ ਲਈ ਕੁੱਝ ਕਰ ਸਕਦੇ ਹੋ ਤਾਂ ਮੇਰਾ 7 ਮਹੀਨਿਆਂ ਦਾ ਵਜ਼ੀਫ਼ਾ 1 ਲੱਖ 75 ਹਜ਼ਾਰ ਰੁਪਏ ਬਕਾਇਆ ਹੈ। ਕ੍ਰਿਪਾ ਕਰਕੇ, ਇਹ ਮੇਰੇ ਪ੍ਰੀਵਾਰ ਨੂੰ ਦੁਆ ਦੇਣੇ। ਮੈਂ ਰਾਮਜੀ ਦੇ40 ਹਜ਼ਾਰ ਦੇਣੇ ਹਨ। ਓਨੇ ਕਦੀ ਮੰਗੇ ਨਹੀਂ, ਪਰ ਕ੍ਰਿਪਾ ਕਰਕੇ, ਇਨ੍ਹਾਂ ਪੈਸਿਆਂ 'ਚੋ ਉਸ ਦਾ ਭੁਗਤਾਨ ਕਰ ਦੇਣਾ।

ਮੇਰਾ ਸੰਸਕਾਰ ਸ਼ਾਂਤਮਈ ਅਤੇ ਨਿਰਵਿਘਨ ਹੋਵੇ। ਇਸ ਤਰ੍ਹਾਂ ਸਮਝਣਾ ਜਿਵੇਂ ਮੈਂ ਹੁਣੇ ਆਇਆ ਅਤੇ ਹੁਣੇ ਚਲਾ ਗਿਆ। ਮੇਰੇ ਲਈ ਹੰਝੂ ਨਾ ਵਹਾਉਣਾ। ਸਮਝੋ,ਮੈਂ ਜਿਉਣ ਨਾਲੋਂ ਮਰ ਕੇ ਜਿਆਦਾ ਖੁਸ਼ ਹਾਂ।

ਪ੍ਰਛਾਵਿਆਂ ਤੋਂ ਸਿਤਾਰਿਆਂ ਤੱਕ "ਮਾਅੰਨਾ, ਇਹ ਕਾਰਾ ਮੈਂ ਤੇਰੇ ਕਮਰੇ 'ਚ ਕਰਨ ਲਈ ਮੁਆਫ਼ੀ ਚਾਹੁੰਦਾ ਹਾਂ। ਅੰਬੇਡਕਰ ਸਟੂਡੈਂਟਸ ਐਸੋਸੀਏਸ਼ਨ ਪ੍ਰੀਵਾਰ, ਤੁਹਾਨੂੰ ਸੱਭ ਨੂੰ ਨਿਰਾਸ਼ਕਰਨ ਲਈ ਮੁਆਫ਼ੀ ਚਾਹੁੰਦਾ ਹਾਂ। ਤੁਸੀਂ ਸਾਰਿਆਂ ਨੇ ਮੈਨੂੰ ਬਹੁਤ ਪਿਆਰ ਦਿੱਤਾ। ਮੇਰੀ ਵਲੋਂ ਸੱਭ ਨੂੰ ਭਵਿੱਖ ਲਈ ਸ਼ੁੱ-ਭਕਾਮਨਾ।

**ਤੇ ਇਕ ਆਖਰੀ ਵਾਰ ਜੈ ਭੀਮ**

ਮੈਂ ਕੁੱਝ ਰਸਮੀ ਗੱਲਾਂ ਲਿਖਣੀਆਂ ਭੁੱਲ ਗਿਆ ਹਾਂ। ਇਸ ਖੁਦਕਸ਼ੀ ਲਈ ਕੋਈ ਜ਼ਿੰਮੇਵਾਰ ਨਹੀਂ ਹੈ। ਕਿਸੇ ਨੇ ਵੀ ਕਿਸੇ ਗੱਲ ਜਾਂ ਕਿਸੇ ਕੰਮ ਨਾਲ, ਮੈਨੂੰ ਇਸ ਕੰਮ ਲਈ ਨਹੀਂ ਉਕਸਾਇਆ। ਇਹ ਮੇਰਾ ਆਪਣਾ ਫ਼ੈਸਲਾ ਹੈ ਅਤੇ ਸਿਰਫ਼ ਮੈਂ ਇਸ ਵਾਸਤੇ ਜ਼ੁੰਮੇਵਾਰ ਹਾਂ। ਮੇਰੇ ਦੋਸਤਾਂ ਜਾਂ ਦੁਸ਼ਮਣਾਂ ਨੂੰ ਮੇਰੇ ਜਾਣ ਤੋਂ ਬਾਦ ਪ੍ਰੇਸ਼ਾਨ ਨਾ ਕੀਤਾ ਜਾਵੇ।

ਚਿੱਠੀ ਦੂਜੀ

**ਸੇਵਾ ਵਿਖੇ,**
**ਵਾਇਸ ਚਾਂਸਲਰ**
**ਯੂਨੀਵਰਸਿਟੀ ਆਫ਼ ਹੈਦਰਾਬਾਦ**
**ਵਿਸ਼ਾ : ਦਲਿਤ ਸਮੱਸਿਆ ਦਾ ਹੱਲ**

ਸ੍ਰੀਮਾਨ ਜੀ,

ਸੱਭ ਤੋਂ ਪਹਿਲਾਂ, ਮੈਂ ਤੁਹਾਡੇ ਉਸ ਰਵੱਈਏ ਦੀ ਪ੍ਰਸ਼ੰਸਾ ਕਰਦਾ ਹਾਂ ਜਿਹੜਾ ਤੁਸੀਂ ਦਲਿਤਾਂ ਦੇ ਸਵੈਮਾਣ ਅੰਦੋਲਨ ਲਈ ਹੈਦਰਾਬਾਦ ਯੂਨੀਵਰਸਿਟੀ 'ਚ ਅਪਨਾਇਆ ਹੈ। ਜਦੋਂ ਇਕ ਅਖਿਲ ਭਾਰਤੀ ਪ੍ਰੀਸ਼ਦ ਦੇ ਪ੍ਰਧਾਨ ਕੋਲੋ ਦਲਿਤਾਂ ਦੇ ਸਬੰਧੀ, ਉਨ੍ਹਾਂ ਦੀਆਂ ਕੀਤੀਆਂ ਅਪਮਾਨਯੋਗ ਟਿੱਪਣੀਆਂ ਦੇ ਸਬੰਧ 'ਚ ਸਵਾਲ ਕੀਤਾ ਜਾਂਦਾ ਹੈ ਤਾਂ ਇਸ ਮਾਮਲੇ 'ਚ ਤੁਹਾਡਾ ਦਖ਼ਲ ਇਤਿਹਾਸਕ ਅਤੇ ਮਿਸਾਲਯੋਗ ਹੈ। 05 ਦਲਿਤ ਵਿਦਿਆਰਥੀਆਂ ਦਾ ਯੂਨੀਵਰਸਿਟੀ ਦੀਆਂ ਥਾਵਾਂ ਤੋਂ 'ਸਮਾਜਿਕ ਬਾਈਕਾਟ' ਕੀਤਾ ਗਿਆ। ਤੁਹਾਡੇ ਸਾਹਮਣੇ ਤਾਂ ਡੋਨਾਲਡ ਟ੍ਰੰਪ ਵੀ ਬੌਣੇ ਲੱਗਣਗੇ। ਤੁਹਾਡੀ ਵਚਨਵੱਧਤਾ ਨੂੰ ਦੇਖਦੇ ਹੋਏ, ਮੈਂ ਤੁਹਾਨੂੰ ਦੋ ਸਧਾਰਨ ਜਿਹੇ ਸੁਝਾਅ ਦੇਣ ਦੀ ਗੁਸਤਾਖੀ ਕਰ ਰਿਹਾ ਹਾਂ।

1. ਕ੍ਰਿਪਾ ਕਰਕੇ, ਦਲਿਤ ਵਿਦਿਆਰਥੀਆਂ ਨੂੰ ਦਾਖਲੇ ਵੇਲੇ ਹੀ 10 ਮਿਲੀਗ੍ਰਾਮ ਜ਼ਹਿਰ( ਸੋਡੀਅਮ ਅਜ਼ਾਇਡ) ਦੇ ਦਿਆ ਕਰੋ, ਇਸ ਹਦਾਇਤ ਨਾਲ ਕਿ ਜਦੋਂ ਉਹ ਅੰਬੇਡਕਰ ਨੂੰ ਪੜ੍ਹਨਾ ਪਸੰਦ ਕਰਨ,ਤਾਂ ਖਾ ਲੈਣ।
2. ਤੁਹਾਡੇ ਮਹਾਨ ਸਾਥੀ ਮੁੱਖ ਵਾਰਡਨ ਦੁਆਰਾ ਇਕ ਵਧੀਆ ਰੱਸੀ ਵੀ ਦਲਿਤ ਵਿਦਿਆਰਥੀਆਂ ਦੇ ਸਾਰੇ ਕਮਰਿਆਂ ਨੂੰ ਜਾਰੀ ਕੀਤੀ ਜਾਵੇ।

ਕਿਉਂਕਿ ਸਾਡੇ ਵਰਗੇ ਪੀ. ਐਚ. ਡੀ. ਕਰਨ ਵਾਲੇ, ਇਥੋ ਤੱਕ ਪੁੱਜੇ, ਸਕਾਲਰਾਂ ਲਈ, ਜਿਹੜੇ ਬਦਕਿਸਮਤੀ ਨਾਲ ਦਲਿਤ ਸਵੈਮਾਨ ਲਹਿਰ ਦੇ ਮੈਂਬਰਾਂ ਹਨ, ਨੂੰ ਇਥੋ ਬਾਹਰ ਕੱਢਣ ਦਾ ਹੋਰ ਸੌਖਾ ਰਾਹ ਨਹੀਂ ਦਿਸਦਾ।

ਇਸ ਕਰਕੇ, ਮੈਂ ਆਪਣੇ ਮਹਾਂਅਧਿਕਾਰੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਮੇਰੇ ਵਰਗੇ ਵਿਦਿਆਰਥੀਆਂ ਨੂੰ ਦਰਦ ਰਹਿਤ ਮੌਤ (ਯੁਥਨੇਸਿਆ) ਦੀ ਸਹੂਲਤ ਦੇਣ ਅਤੇ ਮੈਂ ਕਾਮਨਾ ਕਰਦਾ ਹਾਂ, ਤੁਸੀਂ ਅਤੇ ਯੂਨੀਵਰਸਿਟੀ ਸਦਾ ਲਈ ਸੁਖੀ ਹੋ ਜਾਣ। ਧੰਨਵਾਦ

**ਸੱਚੇ ਦਿਲੋਂ, ਤੁਹਾਡਾ**
**ਵੇਮੁਲਾ.ਆਰ.ਚੱਕਰਵਰਤੀ**
**14 ਐਸ.ਕੇ.ਪੀ.ਕੇ.01**

ਉਪਰੋਕਤ ਦੋਨੋ ਚਿੱਠੀਆਂ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਹਾਲੇ ਇਨ੍ਹਾਂ ਚਿੱਠੀਆਂ ਦੀ ਜਾਂਚ ਵੀ ਹੋਵੇਗੀ। ਹੋ ਸਕਦਾ ਹੈ ਹੋਰ ਚਿੱਠੀਆਂ ਵੀ ਸਾਹਮਣੇ ਆਉਣ ਜਿਨ੍ਹਾਂ ਤੋਂ ਉਸ ਦੀ ਖੁਦਕਸ਼ੀ ਨਹੀਂ 'ਸ਼ਹਾਦਤ' ਦੇ ਕਾਰਨਾਂ ਦਾ ਪਤਾ ਲੱਗ ਸਕੇ। ਮੈਂ ਇਸ ਕਰਕੇ ਇਸ ਨੂੰ ਸ਼ਹਾਦਤ ਕਹਿੰਦਾ ਹਾਂ ਕਿਉਂਕਿ ਉਸਨੇ ਆਪਣੀ ਚਿੱਠੀ 'ਚ ਆਪਣੇ ਦੁਸ਼ਮਣਾਂ ਤੱਕ ਨੂੰ ਮਾਫ਼ ਕਰ ਦੇਣ ਦਾ ਸੰਦੇਸ਼ ਦਿੱਤਾ ਹੈ। ਹੁਣ ਮੈਂ ਚਿੱਠੀਆਂ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕਰਾਂਗਾ ਅਤੇ ਮੈਂ ਸਮਝਦਾ ਹਾਂ ਕਿ ਹਰ ਕਿਸੇ ਨੂੰ ਇਨ੍ਹਾਂ ਚਿੱਠੀਆਂ ਦਾ ਵਿਸ਼ਲੇਸ਼ਣ ਕਰਕੇ, ਉਨ੍ਹਾਂ ਕਾਰਨਾਂ ਦੀ ਜ਼ਰੂਰ ਪਹਿਚਾਣ ਕਰਨੀ ਚਾਹੀਦੀ ਹੈ, ਜਿਨ੍ਹਾਂ ਕਰਕੇ ਰੋਹਿਤ ਨੇ ਅਜਿਹਾ 'ਦਰਦਨਾਕ' ਕਦਮ ਚੁੱਕਣ ਦਾ ਫ਼ੈਸਲਾ ਕੀਤਾ।

ਕੋਈ ਵਿਰਲਾ ਹੀ ਹੋਵੇਗਾ ਜੋ ਮਰਨ ਜਾਂਦਾ ਜਾਂਦਾ, ਤੁਹਾਨੂੰ ਸਵੇਰ ਦੀਆਂ ਸ਼ੁੱਭ ਇੱਛਾਵਾਂ ਦੇ ਕੇ ਜਾਵੇਗਾ ਅਤੇ ਕਹੇਗਾ ਤੁਹਾਡਾ ਧੰਨਵਾਦ ਤੁਸੀਂ ਮੇਰਾ ਬਹੁਤ ਖਿਆਲ ਰੱਖਿਆ, ਚੰਗਾ ਸਲੂਕ ਕੀਤਾ, ਰੱਜ ਕੇ ਪਿਆਰ ਦਿੱਤਾ ਪਰ ਮੇਰੇ ਨਾਲ ਨਰਾਜ਼ ਨਹੀਂ ਹੋਣਾ।

ਮੈਂ ਕਾਰਲ ਸਗਾਨ ਵਾਂਗ ਵਿਗਿਆਨ ਦਾ ਲੇਖਕ ਬਨਣਾ ਚਾਹੁੰਦਾ ਸੀ ਪਰ ਮੇਰੀਆਂ ਇੱਛਾਵਾਂ ਦਿਲ 'ਚ ਹੀ ਦੱਬ ਕੇ ਰਹਿ ਗਈਆਂ ਕਿਉਂਕਿ ਮੈਂ ਭੇਦਭਾਵ, ਜਾਤੀਵਾਦ ਵਰਗੀ ਕੋਹੜ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ।

ਭਾਵੇਂ ਮੈਨੂੰ ਕੁਦਰਤ ਨਾਲ ਪਿਆਰ ਸੀ, ਸਿਤਾਰਿਆਂ ਨਾਲ ਪਿਆਰ ਸੀ ਫਿਰ ਵੀ ਮੈਂ ਲੋਕਾਂ ਨੂੰ ਆਪਣੇ ਪਿਆਰ ਦਾ ਕੇਂਦਰਬਿੰਦੂ ਬਣਾਇਆ, ਇਹ ਜਾਣਦੇ ਹੋਏ ਵੀ ਕਿ ਲੋਕ ਤਾਂ ਕਦੋਂ ਦੇ ਕੁਦਰਤ ਨਾਲੋਂ ਟੁੱਟ ਚੁੱਕੇ ਹਨ। ਮਨੁੱਖ ਨੇ ਕੁਦਰਤ ਨੂੰ ਆਪਣੇ ਹਿੱਤਾਂ ਲਈ ਤਬਾਹ ਕੀਤਾ ਹੈ, ਇਸੇ ਕਰਕੇ ਹੁਣ ਕੁਦਰਤ ਮਨੁੱਖ ਨੂੰ ਤਬਾਹ ਕਰਨ ਉੱਤੇ ਤੁਲੀ ਹੋਈ ਹੈ। ਮਨੁੱਖ ਖੁਦਗਰਜ਼ ਬਣ ਗਿਆ ਹੈ। ਸਭ ਪਾਸੇ ਕੂੜਪਸਾਰਾ ਹੈ। ਸਾਡੇ ਵਿਸ਼ਵਾਸ ਬਣਾਉਟੀ ਹਨ, ਸਾਡਾ ਪਿਆਰ ਦਿਖਾਵਾ ਹੈ, ਸਾਡੇ ਵਿੱਚੋਂ ਮੌਲਿਕਤਾ ਨਹੀਂ ਝਲਕ ਰਹੀ, ਸਾਡੀਆ ਭਾਵਨਾਵਾਂ ਘਟੀਆ ਹੀ ਨਹੀਂ ਬਲਕਿ ਮਰ ਚੁੱਕੀਆਂ ਹਨ ਨਹੀਂ ਤਾਂ ਮੈਨੂੰ ਫ਼ਾਹਾ ਲੈਣ ਦੀ ਕੀ ਲੋੜ ਸੀ ! ਡਾ. ਅੰਬੇਡਕਰ ਦੇ ਕਹਿਣ ਵਾਂਗਰ ਨੇਕੀ ਦੀ ਕਦਰ ਪਛਾਣੀ ਜਾਂਦੀ ਹੈ ਪਰ ਕੇਵਲ ਤਾਂ ਹੀ ਜਦ ਉਹ ਆਦਮੀ ਆਪਣਾ ਜ਼ਾਤ-ਭਾਈ ਹੋਵੇ। ਉਹ ਮੇਰਾ ਜ਼ਾਤ ਭਾਈ ਹੈ, ਠੀਕ ਹੈ ਭਾਵੇਂ ਗਲਤ। ਉਹ ਮੇਰਾ ਜ਼ਾਤਭਾਈ ਹੈ, ਚੰਗਾ ਹੈ ਭਾਵੇਂ ਮਾੜਾ। ਇਨਸਾਨ ਨੂੰ ਕਦੀ ਵੀ ਉਸਦੇ ਦਿਮਾਗ ਤੋਂ ਨਹੀਂ ਜਾਣਿਆ ਗਿਆ।

ਇਹੋ ਜਿਹੀ ਮਾਨਸਿਕਤਾ ਕਰਕੇ ਹੀ ਤਾਂ ਰੋਹਿਤ ਦਾ ਵਿਚਾਰ ਸੀ ਕਿ ਉਸ ਮਹਾਨ ਇਨਸਾਨ ਦੀ ਕੋਈ ਕੀਮਤ ਨਹੀਂ ਜੋ ਸਿਤਾਰਿਆਂ ਦੀ ਧੂੜ 'ਚੋਂ ਪੈਦਾ ਹੋਇਆ ਹੈ। ਉਸਨੂੰ ਸਿਰਫ਼ ਇਕ ਵੋਟ, ਇਕ ਅੰਕੜਾ, ਇਕ ਵਸਤੂ ਬਣਾ ਕੇ ਰੱਖ ਦਿੱਤਾ ਗਿਆ। ਕੋਈ ਹੜ੍ਹ ਨਾਲ ਮਰੇ, ਕੋਈ ਸੋਕੇ ਜਾਂ ਭੂਚਾਲ ਨਾਲ, ਕੋਈ ਭੁੱਖ ਨਾਲ ਮਰੇ ਜਾਂ ਬਿਮਾਰੀ ਨਾਲ, ਕਈ ਹਾਦਸਿਆਂ ਨਾਲ ਮਰੇ ਜਾਂ ਦੰਗਿਆਂ ਨਾਲ । ਸਿਰਫ਼ ਇਹ ਦੇਖਿਆ ਜਾਂਦਾ ਹੈ ਕਿ ਕਿੰਨੇ ਮਰੇ ਹਨ, ਕੌਣ ਮਰਿਆ ਹੈ। ਰਾਹਤ ਭੇਜੀ ਜਾਵੇ ਜਾਂ ਨਾ! ਹੋ ਸਕਦਾ ਹੈ ਮੈਂ ਇਸ ਦੁਨੀਆ ਨੂੰ ਪੂਰੀ ਤਰ੍ਹਾਂ ਸਮਝਣ 'ਚ ਗਲਤ ਹੋਵਾਂ ਅਤੇ ਪਿਆਰ, ਦਰਦ, ਜੀਵਨ ਅਤੇ ਮੌਤ ਨੂੰ ਪਰ ਮੇਰੇ ਨਾਲੋ ਜਿਆਦਾ ਨੇੜਿਓ ਇਨ੍ਹਾਂ ਨੂੰ ਕੌਣ ਜਾਣ ਸਕਦਾ ਹੈ,ਇਕ ਇਹੋ ਜਿਹਾ ਬੱਚਾ ਜਿਸ ਦਾ ਜਨਮ ਹੀ ਸਰਾਪ ਹੋਵੇ, ਬਚਪਨ ਤੋਂ ਹੀ ਗਰੀਬੀ ਅਤੇ ਥੁੜਾਂ ਦਾ ਸ਼ਿਕਾਰ ਹੋਵੇ, ਜਿਸਦੇ ਬਚਪਨ ਦੇ ਚਾਅ ਵੀ ਪੂਰੇ ਨਾ ਹੋਏ ਹੋਣ, ਜਿਸ ਦੀ ਕਿਧਰੇ ਕਦਰ ਨਾ ਹੋਵੇ, ਉਸਦਾ ਜਨਮ ਇਕ ਮੰਦਭਾਗੀ ਦੁਰਘਟਨਾ ਨਹੀਂ ਤਾਂ ਹੋਰ ਕੀ ਹੈ?

ਇਸ ਵਕਤ ਮੈਨੂੰ ਕੋਈ ਦੁੱਖ ਨਹੀਂ, ਉਦਾਸ ਨਹੀਂ, ਮੈਨੂੰ ਆਪਣੇ ਨਾਲ ਵੀ ਕੋਈ ਲਗਾਓ ਨਹੀਂ, ਮੇਰੀ ਹਾਲਤ ਤਰਸਯੋਗ ਬਣੀ ਹੋਈ ਹੈ। ਮੈਂ ਬਸ ਪੂਰੀ ਤਰ੍ਹਾਂ ਖਾਲੀ ਹੋ ਚੁੱਕਾ ਹਾਂ ਉਸ ਪੀਪੇ ਦੀ ਤਰ੍ਹਾਂ ਜਿਸ ਦਾ ਥੱਲਾ ਵੀ ਨਿਕਲ ਚੁੱਕਾ ਹੈ, ਇਸੇ ਕਰਕੇ ਮੈਂ ਖੁਦਕਸ਼ੀ ਕਰਨ ਜਾ ਰਿਹਾ ਹਾਂ। ਮੈਂ ਜਾਣਦਾ ਹਾਂ, ਲੋਕ ਮੈਨੂੰ ਬੁਜ਼ਦਿਲ, ਸਵਾਰਥੀ, ਬੇਵਕੂਫ਼ ਕਹਿਣਗੇ ਪਰ ਮੈਨੂੰ ਕੋਈ ਪ੍ਰਵਾਹ ਨਹੀਂ। ਜਦ ਮੇਰੀ ਕਿਸੇ ਨੇ ਪ੍ਰਵਾਹ ਨਹੀਂ ਕੀਤੀ? ਮੈਨੂੰ ਮੌਤ ਤੋਂ ਬਾਅਦ ਦੀਆਂ ਕਹਾਣੀਆਂ 'ਚ ਯਕੀਨ ਨਹੀਂ, ਨਾ ਭੂਤ-ਪ੍ਰੇਤਾਂ, ਨਾ ਰੂਹਾਂ 'ਚ। ਅਗਰ ਮੈਨੂੰ ਯਕੀਨ ਹੈ ਤਾਂ ਸਿਰਫ਼ ਸਿਤਾਰਿਆਂ ਤੱਕ ਦੀ ਯਾਤਰਾ ਅਤੇ ਦੂਸਰੀ ਦੁਨੀਆ ਨੂੰ ਜਾਨਣ 'ਚ। ਅਫ਼ਸੋਸ! ਕਿ ਜਿਉਂਦੇ ਜੀਅ ਮੈਂ ਚੰਦ, ਤਾਰਿਆਂ,ਮੰਗਲ ਜਿਹੇ ਗ੍ਰਹਿਾਂ ਦੀ ਯਾਤਰਾ ਨਾ ਕਰ ਸਕਿਆ!

ਅਗਰ, ਤੁਸੀਂ ਮੇਰੇ ਲਈ ਕੁਝ ਕਰ ਸਕਦੇ ਹੋ ਤਾਂ ਮੇਰਾ 7 ਮਹੀਨਿਆਂ ਦਾ ਵਜ਼ੀਫ਼ਾ ਮੇਰੇ ਘਰਦਿਆਂ ਨੂੰ ਦਿਲਵਾ ਦੇਣਾ ਪਰ ਉਸ ਵਿੱਚੋ 40 ਹਜ਼ਾਰ ਰੁਪਿਆ, ਰਾਮਜੀ ਨੂੰ ਦੇ ਦੇਣਾ ਭਾਵੇਂ ਉਹਨੇ ਮੈਥੋਂ ਕਦੀ ਵਾਪਸ ਨਹੀਂ ਮੰਗਿਆ

(ਬਾਕੀ ਅਗਲੇ ਸਫੇ ਤੇ)

# ਰਾਖਵਾਂਕਰਨ ਵਿਰੋਧੀਆਂ ਖਿਲਾਫ ਸੜਕਾਂ 'ਤੇ ਉਤਰੇ ਦਲਿਤ-ਪੱਛੜੇ ਸਮਾਜ ਦੇ ਹਜ਼ਾਰਾਂ ਲੋਕ

## ਹੁਸ਼ਿਆਰਪੁਰ ਵਿਚ ਨਹੀਂ ਨਿਕਲਣ ਦਿੱਤਾ ਐਂਟੀ ਰਿਜ਼ਰਵੇਸ਼ਨ ਮਾਰਚ, ਸ੍ਰੀ ਗੁਰੂ ਰਵਿਦਾਸ ਸਭਾਵਾਂ, ਭਗਵਾਨ ਵਾਲਮੀਕ ਸਭਾਵਾਂ, ਬਸਪਾ ਸਮਰਥਕਾਂ ਸਮੇਤ ਹੋਰ ਸੰਗਠਨਾਂ ਨੇ ਸੜਕ 'ਤੇ ਕਈ ਘੰਟੇ ਤੱਕ ਦਿੱਤਾ ਧਰਨਾ

**ਹੁਸ਼ਿਆਰਪੁਰ (ਬਿਊਰੋ)-** ਰਾਖਵੇਂਕਰਨ ਦੇ ਮੁੱਦੇ 'ਤੇ 8 ਜਨਵਰੀ ਨੂੰ ਹੁਸ਼ਿਆਰਪੁਰ ਵਿਚ ਸਾਰਾ ਦਿਨ ਮਾਹੌਲ ਭਖਿਆ ਰਿਹ। ਜਨਰਲ ਸਮਾਜ ਵੱਲੋਂ ਰਾਖਵੇਂਕਰਨ ਨੂੰ ਖਤਮ ਕਰਨ ਦੀ ਮੰਗ ਨੂੰ ਲੈ ਕੇ ਮਾਹਿਲਪੁਰ ਅੱਡੇ ਤੋਂ ਕੱਢੀ ਜਾਣ ਵਾਲੀ ਰੈਲੀ ਦੇ ਵਿਰੋਧ ਵਿਚ ਦਲਿਤ-ਪੱਛੜੇ ਸਮਾਜ ਦੇ ਹਜ਼ਾਰਾਂ ਲੋਕ ਸੜਕਾਂ 'ਤੇ ਉਤਰ ਆਏ। ਸਥਾਨਕ ਬਸਪਾ ਆਗੂ ਤੇ ਵਰਕਰਾਂ ਤੋਂ ਇਲਾਵਾ ਸਮਾਜਿਕ ਤੌਰ 'ਤੇ ਸ੍ਰੀ ਗੁਰੂ ਰਵਿਦਾਸ ਤੇ ਭਗਵਾਨ ਵਾਲਮੀਕ ਸਭਾਵਾਂ ਅਤੇ ਦਲਿਤ-ਪੱਛੜੇ ਸਮਾਜ ਦੇ ਹੋਰ ਲੋਕਾਂ ਨੇ ਵੀ ਇਸ ਪ੍ਰਦਰਸ਼ਨ ਵਿਚ ਹਿੱਸਾ ਲਿਆ। ਇਸ ਦੌਰਾਨ ਬਸਪਾ ਵਰਕਰਾਂ ਨੇ ਹੱਥਾਂ 'ਚ ਪਾਰਟੀ ਦੇ ਨੀਲੇ ਝੰਡੇ ਫੜੇ ਹੋਏ ਸਨ। ਪ੍ਰਦਰਸ਼ਨਕਾਰੀਆਂ ਨੇ ਰਾਖਵੇਂਕਰਨ ਦੇ ਸਮਰਥਨ ਵਾਲੇ ਬੈਨਰ ਲੈ ਕੇ ਮੁਜ਼ਾਹਰਾ ਕੀਤਾ।

ਦਲਿਤ-ਪੱਛੜੇ ਸਮਾਜ ਦੇ ਤਿੱਖੇ ਵਿਰੋਧ ਕਰਕੇ ਜਨਰਲ ਸਮਾਜ ਵੱਲੋਂ ਕੱਢੀ ਜਾਣ ਵਾਲੀ ਰੈਲੀ ਮਾਹਿਲਪੁਰ ਅੱਡੇ ਤੋਂ ਅੱਗੇ ਨਹੀਂ ਵੱਧ ਸਕੀ। ਸਥਿਤੀ ਇਹ ਰਹੀ ਕਿ ਜਨਰਲ ਸਮਾਜ ਦੇ ਲੋਕ ਇਸ ਵਿਰੋਧ ਕਰਕੇ ਡੀ. ਸੀ. ਜਾਂ ਐਸ. ਡੀ. ਐਮ. ਨੂੰ ਮੈਮੋਰੰਡਮ ਵੀ ਨਹੀਂ ਦੇ ਸਕੇ। ਜਨਰਲ ਸਮਾਜ ਵੱਲੋਂ ਰਾਈਟ ਆਫ ਇਕੁਐਲਿਟੀ ਫਰੰਟ ਦੇ ਬੈਨਰ ਹੇਠ 8 ਜਨਵਰੀ ਨੂੰ ਰਾਖਵੇਂਕਰਨ ਦੇ ਖਿਲਾਫ ਰੈਲੀ ਕੱਢਣ ਦਾ ਫੈਸਲਾ ਕੀਤਾ ਗਿਆ ਸੀ।ਫਰੰਟ ਦੀ ਮੰਗ ਹੈ ਕਿ ਐਸ. ਸੀ., ਐਸ. ਟੀ., ਓ. ਬੀ. ਸੀ. ਨੂੰ ਦਿੱਤੇ ਜਾਣ ਵਾਲੇ ਰਾਖਵੇਂਕਰਨ ਨੂੰ ਖਤਮ ਕੀਤਾ ਜਾਵੇ। ਇਸ ਸਬੰਧ ਵਿਚ ਫਰੰਟ ਵੱਲੋਂ ਵੱਖ-ਵੱਖ ਸਥਾਨਾਂ 'ਤੇ ਬੈਨਰ ਵੀ ਲਗਾਏਗਏ ਸਨ। ਜਨਰਲ ਸਮਾਜ ਵੱਲੋਂ ਰਾਖਵੇਂਕਰਨ ਦੇ ਖਿਲਾਫ ਮਾਹਿਲਪੁਰ ਅੱਡੇ ਤੋਂ ਮਿੰਨੀ ਸਕੱਤਰੇਤ ਤੱਕ ਰੋਸ ਰੈਲੀ ਕੱਢਣ ਦਾ ਐਲਾਨ ਕੀਤਾ ਗਿਆ ਸੀ। ਇਸ ਤੋਂ ਬਾਅਦ ਰਾਖਵਾਂਕਰਨ ਵਿਵਸਥਾ ਨੂੰ ਖਤਮ ਕਰਨ ਦੀ ਮੰਗ ਨੂੰ ਲੈ ਕੇ ਡੀ. ਸੀ. ਨੂੰ ਮੰਗ ਪੱਤਰ ਦਿੱਤੇ ਜਾਣ ਦੀ ਯੋਜਨਾ ਸੀ। ਦੂਜੇ ਪਾਸੇ ਦਲਿਤ-ਪੱਛੜੇ ਸਮਾਜ ਦੇ ਲੋਕਾਂ ਵਿਚ ਇਸ ਨੂੰ ਲੈ ਕੇ ਕਈ ਦਿਨਾਂ ਤੋਂ ਰੋਸ ਚਲਿਆ ਆ ਰਿਹਾ ਸੀ। ਇਹ ਰੋਸ 8 ਜਨਵਰੀ ਨੂੰ ਭੜਕ ਗਿਆ। ਸਵੇਰੇ 10 ਵਜੇ ਹੀ ਬਸਪਾ ਆਗੂ ਤੇ ਵਰਕਰ, ਸ੍ਰੀ ਗੁਰੂ ਰਵਿਦਾਸ ਸਭਾਵਾਂ, ਭਗਵਾਨ ਵਾਲਮੀਕ ਸਭਾਵਾਂ ਦੇ ਤਲਿਤ-ਪੱਛੜੇ ਸਮਾਜ ਦੇ ਹੋਰ ਲੋਕ ਸ਼ਹਿਰ ਵਿਚ ਇਕੱਠੇ ਹੋਣ ਲੱਗ ਪਏ ਸਨ। ਇਸ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਇਨ੍ਹਾਂ ਲੋਕਾਂ ਨੇ ਸ਼ਹੀਦ ਭਗਤ ਸਿੰਘ ਚੌਂਕ ਵਿਚ ਜਾਮ ਲਗਾ ਦਿੱਤਾ।

ਉਨ੍ਹਾਂ ਦਾ ਕਹਿਣਾ ਸੀ ਕਿ ਰਾਖਵਾਂਕਰਨ ਐਸ. ਸੀ., ਐਸ. ਟੀ. ਤੇ ਓ. ਬੀ. ਸੀ. ਦਾ ਹੱਕ ਹੈ। ਇਹ ਕੋਈ ਭੀਖ ਨਹੀ ਹੈ। ਕਿਸੇ ਨੂੰ ਵੀ ਰਾਖਵੇਂਕਰਨ ਦੇ ਵਿਰੋਧ 'ਚ ਮਾਰਚ ਕੱਢਣ ਨਹੀਂ ਦਿੱਤਾ ਜਾਵੇਗਾ।

ਦਲਿਤ-ਪੱਛੜੇ ਸਮਾਜ ਵੱਲੋਂ ਭਾਰੀ ਵਿਰੋਧ ਕਰਕੇ ਜਨਰਲ ਸਮਾਜ ਵੱਲੋਂ ਰਾਈਟ ਆਫ ਇਕੁਐਲਿਟੀ ਫਰੰਟ ਦੇ ਬੈਨਰ ਹੇਠ ਕੱਢਿਆ ਜਾਣ ਵਾਲਾ ਮਾਰਚ ਮਾਹਿਲਪੁਰ ਅੱਡੇ ਤੋਂ ਅੱਗੇ ਨਹੀਂ ਵੱਧ ਸਕਿਆ। ਭੜਕੇ ਬਸਪਾ ਆਗੂਆਂ ਤੇ ਵਰਕਰਾਂ ਅਤੇ ਸਮਾਜਿਕ ਤੌਰ 'ਤੇ ਸ੍ਰੀ ਗੁਰੂ ਰਵਿਦਾਸ ਸਭਾਵਾਂ ਤੇ ਭਗਵਾਨ ਵਾਲਮੀਕ ਸਭਾਵਾਂ, ਦਲਿਤ-ਪੱਛੜੇ ਵਰਗਾਂ ਦੇ ਲੋਕਾਂ ਨੂੰ ਸ਼ਾਂਤ ਕਰਨ ਲਈ ਐਸ. ਐਸ. ਪੀ. ਧਨਪ੍ਰੀਤ ਕੌਰ ਮੌਕੇ 'ਤੇ ਪਹੁੰਚੀ। ਉਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਭਰੋਸਾ ਦਿੱਤਾ ਕਿ ਸੰਵਿਧਾਨ ਵਿਰੋਧੀ ਮਾਰਚ ਨੂੰ ਕੱਢਣ ਦੀ ਮਨਜ਼ੂਰੀ ਨਹੀਂ ਦਿੱਤੀ ਜਾਵੇਗੀ। ਐਸ. ਐਸ. ਪੀ. ਵੱਲੋਂ ਭਰੋਸੇ ਤੋਂ ਬਾਅਦ ਲੋਕ ਸ਼ਾਂਤ ਹੋਏ।

ਇਸ ਸਮਾਗਮ ਦੌਰਾਨ ਸੀਨੀਅਰ ਬਸਪਾ ਆਗੂ ਸੁਮਿੱਤਰ ਸੀਕਰੀ, ਦਿਨੇਸ਼ ਕੁਮਾਰ ਪੱਪੂ, ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਦੇ ਪ੍ਰਧਾਨ ਮੋਹਨ ਲਾਲ ਭਟੋਆ, ਭਗਵਾਨ ਵਾਲਮੀਕ ਸ੍ਰੀ ਗੁਰੂ ਰਵਿਦਾ ਸਭਾਵਾਂ 'ਚੋਂ ਰਾਹੁਲ ਆਦੀਆ, ਪੋਨੀ, ਮੰਗੂ, ਬੱਬੂ ਸਮੇਤ ਹਜ਼ਾਰਾਂ ਦੀ ਗਿਣਤੀ ਵਿਚ ਦਲਿਤ-ਪੱਛੜੇ ਸਮਾਜ ਦੇ ਲੋਕ ਮੌਜੂਦ ਸਨ।

# ਰਾਜਨੀਤੀ ਦੇ ਧਰਮ ਉਤੇ ਭਾਰੂ ਹੋਣ ਕਾਰਨ ਦੁਨੀਆਂ ਭਰ ਵਿਚ ਵਸਦੇ ਸਿਖ ਭਾਈਚਾਰੇ ਦਾ ਸਿਰ ਸ਼ਰਮ ਨਾਲ ਨੀਵਾਂ ਹੋ ਰਿਹਾ ਹੈ- ਚਾਹਲ

**ਅੰਮ੍ਰਿਤਸਰ, (ਬਿਊਰੋ)-** ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਪੰਜਾਬ ਫੇਰੀ ਤੇ ਆਏ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਸਿਖ ਧਰਮ ਉਪਰ ਹੋ ਰਹੀ ਭਾਰੂ ਰਾਜਨੀਤੀ ਬਾਰੇ ਆਪਣੀ ਡੂੰਘੀ ਚਿੰਤਾ ਦਾ ਪਰਗਟਾਵਾ ਕਰਦਿਆਂ ਕਿਹਾ ਕਿ ਰਾਜਨੀਤੀ ਦੇ ਧਰਮ ਉਤੇ ਭਾਰੂ ਹੋਣ ਨਾਲ ਵਾਪਰ ਰਹੀਆਂ ਦੁਖਦਾਈ ਘਟਨਾਵਾਂ ਦੇ ਕਾਰਣ ਦੁਨੀਆਂ ਭਰ ਵਿਚ ਵਸਦੇ ਸਿਖ ਭਾਈਚਾਰੇ ਦਾ ਸਿਰ ਸ਼ਰਮ ਨਾਲ ਨੀਵਾਂ ਹੋ ਰਿਹਾ ਹੈ। ਇਸ ਸਬੰਧੀ ਉਹਨਾਂ ਨੇ ਹਾਲ ਹੀ ਵਿਚ ਕੈਲੀਫੋਰਨੀਆ ਦੇ ਦੋ ਵਡੇ ਗੁਰੂਦੁਆਰਿਆਂ ਵਿਚ ਵਾਪਰੀਆਂ ਧੜੇਬੰਦਕ ਲੜਾਈਆਂ ਦਾ ਜਿਕਰ ਕਰਦਿਆਂ ਕਿਹਾ ਕਿ ਸਿਖੀ ਦੇ ਭੇਸ ਵਿਚ ਕੁਝ ਲੋਕ ਸਿਖਾਂ ਦੇ ਕਿਰਦਾਰ ਨੂੰ ਅਜਿਹੀਆਂ ਹਰਕਤਾਂ ਕਰਕੇ ਬਦਨਾਮ ਕਰ ਰਹੇ ਹਨ।ਜਿਸਦਾ ਖਮਿਆਜਾ ਆਮ ਸਿਖਾਂ ਨੂੰ ਭੁਗਤਣਾ ਪੈ ਰਿਹਾ ਹੈ।ਸ਼੍ਰੀ ਅਕਾਲ ਤਖਤ ਵਰਗੀ ਸਿਖਾਂ ਦੀ ਸਰਬ ਉਚ ਸੰਸਥਾ ਵੀ ਅਜ ਰਾਜਨੀਤੀ ਦਾ ਸ਼ਿਕਾਰ ਹੋਣ ਤੋਂ ਵੀ ਬਚ ਨਾ ਸਕੀ ਜਿਸ ਕਾਰਣ ਅਜ ਇਸ ਸੰਸਥਾ ਉਪਰ ਕਾਬਜ ਜਥੇਦਾਰ ਸਹਿਬਾਨ ਦੀ ਕਾਰਗੁਜਾਰੀ ਉਪਰ ਵੀ ਸਵਾਲ ਉਠਦੇ ਰਹਿੰਦੇ ਹਨ।ਪਿਛੇ ਜਿਹੇ ਸਿਰਸਾ ਦੇ ਸਾਧ ਰਾਮ ਰਹੀਮ ਨੂੰ ਸ਼੍ਰੀ ਅਕਾਲ ਤੱਖਤ ਸਾਹਿਬ ਵਲੋਂ ਬਰੀ ਕੀਤੇ ਜਾਣ ਦਾ ਜੋ ਫੈਸਲਾ ਸ਼੍ਰੀ ਅਕਾਲ ਤੱਖਤ ਸਾਹਿਬ ਵਲੋਂ ਸੁਣਾਇਆ



ਗਿਆ ਸੀ ਉਸਨੂੰ ਸਹੀ ਠਹਿਰਾਉਣ ਲਈ ਸ਼੍ਰੋਮਣੀ ਗੁਰੂਦੁਆਰਾ ਪਰਬੰਧਕ ਕਮੇਟੀ ਵਲੋਂ ਸਿਖ ਸੰਗਤਾਂ ਲੱਖਾਂ ਰੁਪਏ ਇਸ਼ਤਿਹਾਰਬਾਜੀ ਵਿਚ ਹੀ ਖਰਚ ਕਰ ਦੇਣ ਕਰਕੇ ਸ਼੍ਰੋਮਣੀ ਗੁਰੂਦੁਆਰਾ ਪਰਬੰਧਕ ਕਮੇਟੀ ਵਿਰੁਧ ਵਿਦੇਸ਼ਾਂ ਵਿਚ ਰਹਿਣ ਵਾਲੇ ਸਿਖ ਭਾਈਚਾਰੇ ਵਿਚ ਬਹੁਤ ਰੋਸ ਤੇ ਗੁਸਾ ਪਾਇਆ ਜਾ ਰਿਹਾ ਹੈ। ਹਾਲ ਹੀ ਵਿਚ ਪਨਾਮਾ ਕਿਸ਼ਤੀ ਕਾਂਡ ਵਿਚ ਮਾਰੇ ਗਏ ਪੰਜਾਬ ਦੇ ਗਭਰੂਆਂ ਦੀ ਮੌਤ ਉਪਰ ਆਪਣੇ ਡੂੰਘੇ ਦੁੱਖ ਤੇ ਅਫਸੋਸ ਦਾ ਪਰਗਟਾਵਾ ਕਰਦਿਆਂ ਸ: ਚਾਹਲ ਨੇ ਕਿਹਾ ਕਿ ਇਹ ਬੜੇ ਦੁਖ ਦੀ ਗਲ ਹੈ ਕਿ ਪੰਜਾਬ ਦੇ ਸਿਆਸਤਦਾਨ, ਦੁਰਘਟਨਾਵਾਂ ਤੋਂ ਕੋਈ ਸਬਕ ਨਹੀਂ ਸਿੱਖਣਾ ਚਾਹੁੰਦੇ। ਇਸ ਜਮਾਤ ਵਿੱਚ ਸੰਵੇਦਨਾਵਾਂ ਪੈਦਾ ਹੀ ਨਹੀਂ ਹੋ ਸਕੀਆਂ।ਮਾਲਟਾ ਘਟਨਾ ਵਾਪਰੀ ਨੂੰ 19 ਸਾਲ ਹੋ ਚੁੱਕੇ ਹਨ। ਪੰਜਾਬ ਨੇ ਮੁੜ ਉਸੇ ਵਰਗੀ ਪਨਾਮਾ ਘਟਨਾ ਦਾ ਸਾਹਮਣਾ ਕੀਤਾ ਹੈ। ਦੋਵਾਂ ਘਟਨਾਵਾਂ ਵਿੱਚ ਮੌਤਾਂ ਦੀ ਗਿਣਤੀ ਦੀ ਤੁਲਣਾ ਕਰਨਾ ਮਹੱਤਵਹੀਣ ਨਹੀਂ ਹੈ। ਮੁੱਖ ਮੁੱਦਾ ਸੱਤਾਧਾਰੀਆਂ ਦੀ ਜ਼ਿੰਮੇਵਾਰੀ ਦਾ ਹੈ ਕਿ ਉਹ ਉਨ੍ਹਾਂ ਕਾਰਨਾਂ ਨੂੰ ਖ਼ਤਮ ਨਹੀਂ ਕਰ ਸਕੇ ਜੋ ਨੌਜਵਾਨਾਂ ਨੂੰ ਡਾਲਰ ਕਮਾਉਣ ਲਈ ਕੋਈ ਵੀ ਜੋਖ਼ਮ ਉਠਾਉਣ ਲਈ ਮਜਬੂਰ ਕਰਦੇ ਹਨ। ਪੰਜਾਬ ਦੀ ਜਵਾਨੀ ਸੁਨਹਿਰੀ ਭੱਵਿਖ ਦੀ ਤਲਾਸ਼ ਵਿੱਚ ਅਮਰੀਕਾ ਕੈਨੇਡਾ ਅਤੇ ਹੋਰ ਵਿਕਸਤ ਦੇਸ਼ਾਂ ਵਿੱਚ ਪਹੁੰਚਣ ਲਈ ਅਨਮਨੁੱਖੀ ਹਾਲਾਤਾਂ ਵਿੱਚੋਂ ਗੁਜ਼ਰਨ ਲਈ ਮਜਬੂਰ ਹੈ ਪਰ ਉਸ ਲਈ ਪੰਜਾਬ ਵਿੱਚ ਹੀ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਥਾਂ ਸੂਬੇ ਦੀ ਆਰਥਿਕਤਾ ਪਿਛਲੇ ਦੋ ਦਹਾਕਿਆਂ ਤੋਂ ਡਾਵਾਂ-ਡੋਲ ਚੱਲ ਰਹੀ ਹੈ।

ਸ: ਚਾਹਲ ਨੇ ਕਿਹਾ ਕਿ ਮੁੱਖ ਮੁੱਦਾ ਇਹ ਹੈ ਕਿ ਪੰਜਾਬ ਦੇ ਲੋਕ ਖ਼ਾਸ ਕਰ ਨੌਜਵਾਨ ਇੰਨੀ ਨਿਰਾਸ਼ਤਾ ਵਿੱਚ ਕਿਉਂ ਹਨ ਕਿ ਵੱਡੇ ਤੋਂ ਵੱਡਾ ਰਿਸਕ ਲੈਣ ਨੂੰ ਤਿਆਰ ਹੋ ਜਾਂਦੇ ਹਨ।ਉਹਨਾਂ ਇਸ ਗਲ ਤੇ ਦੁਖ ਪਰਗਟ ਕੀਤਾ ਕਿ ਅਜ ਵਿਕਾਸ ਦਾ ਮਤਲਬ ਸੜਕਾਂ ਤੇ ਪੁਲਾਂ ਦੀ ਉਸਾਰੀ ਤੋਂ ਹੀ ਲਿਆ ਜਾ ਰਿਹਾ ਹੈ।


# ਲੰਬੀ ਉਮਰ ਲਈ ਪਹਿਲਾਂ ਹਾਸੇ ਮਾਣੋ



-ਅਮਰਜੀਤ ਟਾਂਡਾ

ਲੰਬੀ ਉਮਰ ਮਾਨਣ ਲਈ ਪਹਿਲਾਂ ਹਾਸੇ ਨੂੰ ਹੀ ਲਈਏ। ਇਹ ਤਾਂ ਕਿਉਂਕਿ ਹੱਸਣਾ ਕਈ ਦੁੱਖ ਦੂਰ ਕਰਦਾ ਹੈ-ਇਹ ਮਨੁੱਖ ਦੇ ਪ੍ਰਮੁੱਖ ਗੁਣਾਂ ਚੋਂ ਇਕ ਵਧੀਆ ਗੁਣ ਹੈ। ਘੁੱਗੀ ਭਗਵੰਤ ਭੱਲੇ ਦੇ ਸ਼ੋਅ ਨੂੰ ਸਾਰੇ ਦੌੜਦੇ ਹਨ ਕਿਉਂ? ਓਥੇ ਰੋਂਦਾ ਵੀ ਹੱਸ ਪੈਂਦਾ ਹੈ। ਮਿਹਰ ਮਿੱਤਲ ਵਗੈਰ ਫਿਲਮ ਨਹੀਂ ਸੀ ਵਿਕਦੀ।ਮੇਰੇ ਨਿੱਕੇ ਭਰਾ ਬਲਵੀਰ ਟਾਂਡਾ ਦਾ ਉਹ ਦੋਸਤ ਵੀ ਹੈ। ਮੇਰਾ ਕਾਲਮ ਵੀ ਉਲਟਾ ਪੁਲਟਾ ਸੀ, ਹੁਣ ਹੁੰਦਾ ਹੈ-ਦੋ ਤੇਰੀਆਂ ਦੋ ਮੇਰੀਆਂ-ਗੱਲਾਂ 'ਚ ਹੀ ਹਾਸਾ ਹੁੰਦਾ ਹੈ ਸਾਰੇ ਮੇਰਾ ਕਾਲਮ ਪੜ੍ਹਦੇ ਨੇ-ਖਾਸ ਕਰ ਔਰਤਾਂ। ਹਾਸਾ ਸਹਿਜੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਪਰ ਸਹਿਜ ਹੀ ਇਸ ਨੂੰ ਛੱਡਿਆ ਨਹੀਂ ਜਾ ਸਕਦਾ । ਹਰ ਕੋਈ ਹੱਸਮੁੱਖ ਕੋਲ ਬੈਠੇਗਾ, ਰੋਂਦੂ ਕੋਲ ਕੋਈ ਨਹੀਂ ਬੈਠ ਕੇ ਰਾਜ਼ੀ। ਸਗੋਂ ਲੋਕ ਬੁਰਾ ਬੋਲਦੇ ਨੇ ਉਸਨੂੰ।

ਹਾਸਾ ਦਾਰੂ ਵਰਗਾ ਸਰੂਰ ਹੈ, ਜਿੰਦਗੀ ਨੂੰ ਮਾਨਣ ਦਾ ਸੁਪਨਾ। ਗ਼ਮ ਮਾਰਦਾ ਹੈ ਖਾਰਦਾ ਹੈ। ਹਾਸਾ ਬੇਪਰਵਾਹ ਕਰਦਾ ਹੈ। ਅੰਤਰ-ਮਨ ਤੋਂ ਚਿਹਰੇ 'ਤੇ ਮੁਸਕਾਨ ਦੀ ਲਕੀਰ ਸਿਰਫ ਹਾਸੇ ਨਾਲ ਹੀ ਖਿੱਚੀ ਜਾ ਸਕਦੀ ਹੈ। ਚਿਹਰੇ 'ਤੇ ਗੰ-ਭੀਰਤਾ ਅਤੇ ਤਣਾਅ ਦੇ ਕਾਰਨ ਵਟ ਦਿਖਾਈ ਦੇਣ ਲਗਦੇ ਹਨ,ਪਰ ਹੱਸਣ ਨਾਲ ਚਿਹਰਾ ਖਿੜ੍ਹਦਾ ਹੈ-ਝੁਰੜੀਆਂ ਖਤਮ। ਹਾਸਾ ਲੰਗਰ ਵਾਂਗ ਮੁਫਤ ਹੈ-ਫਿਰ ਮਾਣੋ। ਮੈਂ ਆਪਣੇ ਮੋਟੇ ਗਾਹਕ ਦੋਸਤ ਨੂੰ ਜਾਂਦਾ ਹੀ ਕਹਿ ਦਿੰਦਾ ਹਾਂ ਹੌਲੀ ਜੇਹੀ ਕਿ ਯਾਰ ਇਹ ਭਾਰ ਕਿਵੇਂ ਘਟਾਇਆ-ਮੈਨੂੰ ਵੀ ਦੱਸ-ਤਾਂ ਉਹ ਇੰਜਣ ਵਾਂਗ ਹੱਸਦਾ 2 ਹਿੱਲਣ ਲੱਗ ਜਾਂਦਾ ਹੈ। ਆਮ ਲੋਕ ਘਰ ਚ ਸਫ਼ਾਈ ਰੱਖਦੇ ਹੀ ਨਹੀਂ-ਤਾਂ ਹਾਸੇ ਨਾਲ ਕਹਿਣਾ ਪੈ ਜਾਂਦਾ ਕਿ ਏਨੀ ਸਫ਼ਾਈ ਰੱਖਣ ਨਾਲ ਫਿਰ ਕਿਵੇਂ ਤੇਰੇ ਘਰ ਕੀੜੇ ਮਕੌੜੇ ਆ ਗਏ। ਉਹ ਮੁਸਕਰਾ ਕੇ ਰਹਿ ਜਾਂਦਾ ਹੈ। ਆਪਣੇ ਘਰਾਂ ਚ ਲੋਕ ਪਲਾਸਟਕ ਦੇ ਲਫਾਫੇ ਏਨੇ ਜਮਾਂ ਕਰ ਲੈਂਦੇ ਹਨ ਕਿ ਕਾਕਰੋਚ ਲੁਕ ਛੁਪ ਵਧ ਜਾਂਦੇ ਹਨ-ਮੈਂ ਪੁੱਛਦਾ ਹਾਂ ਕਿ ਕੀ ਸਾਰੇ ਸਟੋਰ ਬੰਦ ਹੋ ਰਹੇ ਹਨ ਕਿ ਲਫਾਫੇ ਏਨੇ ਜਮਾਂ ਕਰ ਕੇ ਰੱਖ ਲਏ ਨੇ। ਉਹ ਹੱਸਣਗੇ-ਤੇ ਕਹਿਣਗੇ ਨਹੀਂ ਭਾ ਜੀ-ਇਹ ਗੱਲ ਨਹੀਂ ਹੈ। ਓਦਾਂ ਹੀ ਰੱਖ ਲਈਦੇ ਨੇ। ਏਦਾਂ ਹੀ ਲੋਕ ਕਿਸੇ ਦੇ ਘਰ ਜਾ ਕੇ ਲੋਹੜੇ ਦੇ ਟਿਸ਼ੂ ਖਿੱਚਣਗੇ, ਦੋ ਵਾਰ ਫਲੱਸ਼ ਚਲਾਣਗੇ-30 ਲਿਟਰ ਪਾਣੀ ਖਤਮ-ਅਗਲੇ ਦਾ ਬਿੱਲ ਵਧਾਉਣ ਲਈ। ਘੱਟਪੜ੍ਹੀਆਂ ਅੰਗਰੇਜ਼ੀ ਬਹੁਤ ਬੋਲਦੀਆਂ ਨੇ-



ਬੁੱਢੀਆਂ ਵੀ- ਤੇ ਉਹ ਵੀ ਲੰਗਰ ਹਾਲ 'ਚ। ਹੱਸਣ ਨਾਲ ਚਿੰਤਾ-ਮੁਕਤੀ, ਮੁਸ਼ਕਿਲ ਹਾਲਤ ਚੋਂ ਸਹਿਜਤਾ ਨਾਲ ਤਰਨਾ ਹੁੰਦਾ ਹੈ। ਮੁਸਕਾਨ ਵਾਂਗ। ਹਾਸਾ ਪੂਰੇ ਘਰ ਵਿਚ ਮਾਹੌਲ ਨੂੰ ਤਣਾਅ ਮੁਕਤ ਕਰ ਦਿੰਦਾ ਹੈ। ਅਜਿਹੀ ਕਲਾ ਹੈ, ਜੋ ਦਿਲ ਨੂੰ ਦਿਲ ਦੇ ਨਾਲ ਬਿਨਾਂ ਕਿਸੇ ਤਾਰ ਦੇ ਜੋੜਦੀ ਹੈ। ਹਾਸਾ ਰੰਗ, ਧਰਮ, ਜਾਤ ਵਿਚ ਸੀਮਤ ਨਹੀਂ ਕਰ ਸਕਿਆ। ਪੰਜਾਬੀਆਂ ਦਾ ਹਾਸਾ ਨਫਰਤ ਈਰਖਾ ਡੀਕ ਗਈ ਹੈ। ਮਜ਼ਦੂਰੀ ਕਰਦਿਆਂ ਸਾਰਾ ਦਿਨ ਦੀ ਥਕਾਵਟ ਦੇ ਬਾਵਜੂਦ ਵੀ ਹਾਸਾ ਛਣਕਦਾ ਹੈ, ਢੋਲਕੀ ਵੱਜਦੀ ਗੀਤ ਗਾਏ ਜਾਂਦੇ ਹਨ ਤੇ ਭਜਨ ਦੀਆਂ ਲੰਮੀਆਂ ਹੇਕਾਂ ਦੀ ਆਵਾਜ਼ 'ਚੋਂ ਵਿਆਹ ਵਰਗੀ ਖੁਸ਼ਬੂ ਆਉਂਦੀ ਹੈ। ਗੁੱਸਾ ਕਰਦੇ ਹਾਂ ਤਾਂ ਸਾਡੇ ਚਿਹਰੇ 'ਤੇ ਲਗਭਗ 34 ਮਾਸਪੇਸ਼ੀਆਂ ਨੂੰ ਕੰਮ ਕਰਨਾ ਪੈਂਦਾ ਹੈ ਪਰ ਮੁਸਕਰਾਉਣ ਵੇਲੇ ਸਿਰਫ 17 ਮਾ-ਸਪੇਸ਼ੀਆਂ ਹੀ ਕੰਮ ਕਰਦੀਆਂ ਹਨ। ਜੀਵਨ ਨੂੰ ਤਣਾਅਮੁਕਤ ਰੱਖਣ ਲਈ ਮੁਸਕਰਾਉਣਾ ਅਤੇ ਹੱਸਣਾ ਚਾਹੀਦਾ ਹੈ ਵਿ-ਗਆਨ ਦਾ ਵੀ ਇਹ ਮੰਨਣਾ ਹੈ। ਤੰਦਰੁਸਤੀ ਲਈ ਹੱਸਣਾ ਵੀ ਓਨਾ ਹੀ ਲਾਜ਼ਮੀ ਹੈ ਜੀਵਨ ਲਈ ਭੋਜਨ ਜਿੰਨਾ ਜ਼ਰੂਰੀ ਹੈ। ਹੱਸਣਾ ਗੁੱਸਾ ਕਰਨ ਤੋਂ ਵਧੇਰੇ ਆਸਾਨ ਅਤੇ ਲਾਭਦਾਇਕ ਹੈ। ਇਹ ਬਲੱਡ ਪਰੈਸਰ, ਤਨਾਅ ਹਾਰਮੋਨਜ਼ ਘਟਾਉਂਦਾ ਹੈ। ਦਿਲ ਨੂੰ ਤਾਕਤ ਤੇ ਸਰੀਰ ਚ ਅੱਛੇ ਸੈੱਲ ਬਣਦੇ ਹਨ, ਜੋ ਬੀਮਾਰੀ ਨੂੰ ਰੋਕਦੇ ਨੇ,ਜਿਵੇਂ ਗਰਮ ਖਾਲਸੇ ਸਰਕਾਰ ਬਾਦਲਾਂ ਨੂੰ। ਹੱਸਣ ਨਾਲ ਅੰਦਰ ਇੰਡੋਰਫਿਨ, ਕੁਦਰਤੀ ਦਰਦ ਕਿੱਲਰ ਹੈ,ਰਿਸਦਾ ਹੈ ਜੋ ਦਰਦ ਨੂੰ ਘਟਾਉਂਦਾ ਹੈ। ਅੰਗਰੇਜ਼ ਹੱਸ ਕੇ ਮਿਲਦੇ ਨੇ ਪਰ ਸਾਡੇ ਮੂੰਹ ਵੱਟ ਕੇ ਲੰਘਦੇ ਨੇ। ਸੋ ਜ਼ਿੰਦਗੀ ਵਿਚ ਆਪਣੇ-ਆਪ ਨੂੰ ਹੱਸ-ਮੁੱਖ ਬਣਾਈ ਰੱਖੋ। ਹੱਸਣ ਖੇਡਣ ਵਾਲੇ ਦੇ ਨੇੜੇ ਬੀਮਾਰੀ ਵੀ ਨਹੀ ਫਟਕਦੀ।

ਜੇ ਕਿਤੇ ਔਰਤਾਂ ਬੰਦੇ ਨੂੰ ਵੀ ਕਦੇ ਹੱਸਣ ਦੇਣ ਤਾਂ ਕਈ ਘਰ ਵਸਦੇ ਰਹਿ ਸਕਦੇ ਹਨ। ਇਹ ਘਰ 2 ਜੋ ਠਾਣੇਦ-ਾਰਨੀਆਂ ਨੇ, ਇਹਨਾਂ ਦੀ ਬਦਲੀ ਵੀ ਨਹੀਂ ਕਦੇ ਹੁੰਦੀ ਕਿ ਬੰਦਾ ਜਰਾ ਖੁੱਲ੍ਹ ਕੇ ਹੱਸ ਤਾਂ ਸਕੇ।

# ਰੋਹਿਤ ਵੇਮੂਲਾ ਦਾ ਆਖਰੀ ਸੁਨੇਹਾ

ਪਰ ਮਰਨ ਤੋਂ ਬਾਅਦ ਵੀ ਮੈਂ ਕੋਈ ਕਲੰਕ ਨਹੀਂ ਖੱਟਣਾ ਚਾਹੁੰਦਾ। ਇਸੇ ਕਰਕੇ ਮੈਂ ਚਿੱਠੀ ਵਿੱਚ ਇਹ ਵੀ ਲਿਖ ਦਿੱਤਾ ਹੈ ਕਿ ਮੇਰੇ ਜਾਣ ਤੋਂ ਬਾਅਦ, ਮੇਰੇ ਦੋਸਤਾਂ ਇਥੋਂ ਤੱਕ ਕਿ ਮੇਰੇ ਦੁਸ਼ਮਣਾਂ ਨੂੰ ਵੀ ਤੰਗ ਨਾ ਕਰਨਾ। ਉਹ ਵੀ ਕੀ ਯਾਦ ਰੱਖਣਗੇ ਕਿ ਕਿਸ ਆਦਮੀ ਨਾਲ ਪੰਗਾ ਲੈ ਲਿਆ, ਜੋ ਹਾਰ ਕੇ ਵੀ ਜਿੱਤ ਗਿਆ!

ਮੇਰਾ ਸੰਸਕਾਰ ਸ਼ਾਤਮਈ ਅਤੇ ਨਿਰਵਿਘਨ ਹੋਣ ਦਿਓ ਇੰਝ ਸਮਝਣਾ ਜਿਵੇਂ ਮੈਂ ਹੁਣੇ ਆਇਆ ਅਤੇ ਹੁਣੇ ਚਲਾ ਗਿਆ। ਮੇਰੇ ਲਈ ਹੰਝੂ ਨਾ ਕੇਰਨਾ। ਸਮਝੋ, ਮੈਂ ਜਿਉਣ ਨਾਲੋ ਮਰਕੇ ਜਿਆਦਾ ਖੁਸ਼ ਹਾਂ। ਉਸ ਦੇ ਅਨੇਕਾਂ ਕਾਰਨ ਹਨ, ਉਨ੍ਹਾਂ ਨੂੰ ਲੱਭਣ ਦੀ ਕੋਸ਼ਿਸ ਕਰਨਾ, ਨਾ ਕਿ ਮੇਰਾ ਕੋਈ ਹੋਰ ਸਾਥੀ ਮੈਨੂੰ ਲੱਭਣ ਮੇਰੇ ਪਿੱਛੇ ਆਵੇ।

ਆਖਰੀ ਵਾਰ, ਸੱਭ ਨੂੰ 'ਜੈ ਭੀਮ', ਖਾਸਕਰ ਆਪਣੇ ਪ੍ਰੀਵਾਰ-ਅੰਬੇਡਕਰ ਸਟੂਡੈਂਟਸ ਐਸੋਸ਼ੀਏਸ਼ਨ ਦੇ ਮੈਂਬਰਾਂ ਨੂੰ, ਜਿਨ੍ਹਾਂ ਸਾਰਿਆਂ ਨੇ ਮੈਨੂੰ ਬਹੁਤ ਪਿਆਰ ਦਿੱਤਾ। ਸਭ ਨੂੰ ਭਵਿੱਖ ਲਈ ਸ਼ੁੱਭਕਾਮਨਾ।

ਰੋਹਿਤ ਵੇਮੂਲਾ ਤਾਂ ਆਪਣਾ ਪੱਖ ਸਾਫ਼ ਕਰ ਗਿਆ ਪਰ ਕੀ ਉਸਦਾ ਅੰਬੇਡਕਰੀ-ਪ੍ਰੀਵਾਰ, ਉਸਦੀ 'ਸ਼ਹਾਦਤ' ਨੂੰ ਅਜ਼ਾਈ ਜਾਣ ਦੇਵੇਗਾ! ਤੁਹਾਡੀ ਵਿਅੰਗਮਈ ਬਾਣੀ ਸੱਭ ਸਮਝ ਗਏ ਹਨ। ਤੁਹਾਡਾ 'ਜ਼ਹਿਰ ਵਾਲਾ ਅਤੇ ਵਧੀਆ ਰੱਸੀ' ਵਾਲਾ ਸੁਝਾਅ ਸੱਭ ਨੂੰ ਸਮਝ ਆ ਗਿਆ। ਤੁਹਾਨੂੰ ਪਤਾ ਸੀ ਕਿ ਤੁਹਾਡੇ ਜਾਣ ਤੋਂ ਬਾਅਦ ਕੁੱਝ ਵੀ ਸ਼ਾਤ ਨਹੀਂ ਰਹਿਣਾ। ਕੀ ਇਸੇ ਕਰਕੇ ਸ਼ਾਤਮਈ ਰਹਿਣ ਦਾ ਸੰਦੇਸ਼ ਲਿਖ ਦਿੱਤਾ ਸੀ?

ਉਹੀ ਹੋਇਆ ਜਿਸਦਾ ਤੈਨੂੰ ਡਰ ਸੀ।

ਅੱਜ ਸੱਭ ਪਾਸੇ ਬੇਚੈਨੀ ਫ਼ੈਲੀ ਹੋਈ ਹੈ। ਸ਼ਾਤੀ ਰਹਿ ਵੀ ਕਿਵੇਂ ਸਕਦੀ ਹੈ। ਸਭ ਪਾਸੇ ਰੋਸ-ਲਹਿਰ ਹੈ। ਤੇਰੇ ਵਿਛੋੜੇ ਨੇ ਪਿਛਲੇ ਜਖਮ ਵੀ ਅੱਲੇ ਕਰ ਦਿੱਤੇ ਹਨ। ਹੁਣ ਉਨ੍ਹਾਂ ਦਾ ਹਿਸਾਬ ਵੀ ਕੀਤਾ ਜਾਵੇਗਾ।

ਤੇਰਾ ਅੰਬੇਡਕਰੀ ਪ੍ਰੀਵਾਰ ਹੁਣ ਜਾਗ ਚੁੱਕਾ ਹੈ। ਉਸ 'ਚ ਇਕੋ ਹੀ ਕਮੀ ਹੈ ਜਿਹੜਾ ਦੂਸਰਿਆਂ ਦੇ ਧੜੇ ਚੜ੍ਹ ਕੇ ਥਾਂ-ਥਾਂ ਵੰਡਿਆ ਹੋਇਆ ਹੈ। ਹੋ ਸਕਦਾ ਹੈ ਕਿ ਤੇਰਾ ਆਖਰੀ ਸੁਨੇਹਾ ਉਨ੍ਹਾਂ ਨੂੰ ਇਕਮੁੱਠ ਕਰ ਜਾਵੇ। ਅਗਰ ਅਜਿਹਾ ਹੋ ਗਿਆ ਤਾਂ ਫਿਰ ਕੋਈ ਹੋਰ ਰੋਹਿਤ ਵੇਮੁਲਾ ਆਪਣੀ 'ਸ਼ਹਾਦਤ' ਨਹੀਂ ਦੇਵੇਗਾ ਇਹ ਤਾਂ ਹੀ ਹੋਵੇਗਾ ਜੇਤੇਰਾ ਅੰਬੇਡਕਰੀ-ਪ੍ਰੀਵਾਰ ਹਮੇਸ਼ਾ ਤੈਨੂੰ ਆਪਣੇ ਅੰਗ-ਸੰਗ ਮਹਿਸੂਸ ਕਰੇ:

ਯੇਹ ਪੱਤੀਯੋ ਕੀ ਹੈ ਸਰਸਰਾਹਟ,
ਕਿ ਤੁਮਨੇ ਚੁਪਕੇ ਸੇ ਕੁਛ ਕਹਾ ਹੈ,
ਯੇਹ ਸੋਚਤਾ ਹੂੰ ਮੈਂ ਕਬਸੇ ਗੁੰਮ ਸੁੰਮ,
ਜਬਕਿਮੁੱਝ ਕੋ ਭੀ ਯੇਹ ਖਬਰ ਹੈ,
ਤੁਮ ਨਹੀਂ ਹੋ,ਕਹੀਂ ਨਹੀਂ ਹੋ
ਮਗਰ ਯੇਹ ਦਿਲ ਹੈ ਕਿ ਕਹਿ ਰਹਾ ਹੈ,
ਤੁਮ ਯਹੀਂ ਹੋ, ਯਹੀਂ ਕਹੀਂ ਹੋ ।












ਬਸਪਾ ਵਰਕਰਾਂ ਨੇ ਡਾ. ਸੁਰੇਸ਼ ਬਾਬੂ ਦੀ ਅਗਵਾਈ ਵਿਚ ਰੋਹਿਤ ਵੇਮੁਲਾ ਨੂੰ ਆਤਮ ਹੱਤਿਆ ਲਈ ਮਜਬੂਰ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕਰਦਿਆਂ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ।














ਭਾਰਤੀ ਸਹਿਹੋਂਦ ਸੰਗਠਨ (ਲਕਸ਼ੈ) ਦੇ ਸੈਂਕੜੇ ਵਰਕਰਾਂ ਨੇ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਵਿਚ ਇਕ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦੁਆਰਾ ਦੁਖੀ ਹੋ ਕੇ ਆਤਮ ਹੱਤਿਆ ਕਰਨ ਦੇ ਵਿਰੋਧ ਵਿਚ ਲਖਨਊ ਵਿਚ ਇਕ ਵਿਰੋਧ ਪ੍ਰਦਰਸ਼ਨ ਰੈਲੀ ਆਯੋਜਿਤ ਕੀਤੀ। ਇਹ ਵਿਰੋਧ ਰੈਲੀ 24 ਜਨਵਰੀ ਨੂੰ ਲਖਨਊ ਦੇ ਪਰਿਵਰਤਨ ਚੌਂਕ ਤੋਂ ਆਰੰਭ ਹੋ ਕੇ ਹਜਰਤਗੰਜ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੇ ਬੁੱਤ ਵਾਲੀ ਥਾਂ ਤੇ ਜਾ ਕੇ ਖਤਮ ਹੋਈ ਅਤੇ ਰੋਹਿਤ ਵੇਮੁਲਾ ਨੂੰ ਲੋਕਾਂ ਨੇ ਸ਼ਰਧਾਂਜਲੀ ਦਿੱਤੀ। ਸੰਗਠਨ ਨੇ ਭਾਰਤ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਨਾਂ ਮੈਮੋਰੰਡਮ ਵੀ ਦਿੱਤਾ। ਰੈਲੀ ਵਿਚ ਲੋਕਾਂ ਨੇ ਨਾਅਰੇ ਲਗਾਏ, ਭਾਰਤ ਵਿਚ ਜਾਤੀਵਾਦ ਸਭ ਤੋਂ ਵੱਡਾ ਅੱਤਵਾਦ, ਬਾਬਾ ਸਾਹਿਬ ਦੇ ਨਾਅਰੇ ਤੇ ਖੂਨ ਵਹੇ ਤਾਂ ਵਹਿਣ ਦਿਓ, ਜਦੋਂ ਜਦੋਂ ਜ਼ੁਲਮੀ ਜ਼ੁਲਮ ਕਰੇਗਾ ਸੱਤਾ ਦੇ ਹੱਤਿਆਰਿਆਂ ਵਿਰੁੱਧ ਚੱਪਾ ਚੱਪਾ ਗੂੰਜ ਉਠੇਗਾ।